੧ ੴ ਵਾਹਿਗੁਰੂ ਜੀ ਕੀ ਫ਼ਤਹ ॥



ਪ੍ਰਕਾਸ਼ਕ

## ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

### ਸ੍ਰੀ ਅੰਮ੍ਰਿਤਸਰ।

ਪਹਿਲੀ ਵਾਰ ੧੦੦੦ ਦਸੰਬਰ ੧੯੭੩ ਮੁੱਲ ੩—੫੦

Digitized by Panjab Digital Library | www.panjabdigilib.org

ਗਿਆਨੀ ਰਾਜਿੰਦਰ ਸਿੰਘ, 'ਰਵੀ'
੩੩੪੭, ਸੈਕਟਰ ੧੫ ਡੀ, ਚੰਡੀਗੜ੍ਹ
੧-੩-੭੪

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਜੀਵਨ

# ਜਨਰਲ ਸ: ਹਰੀ ਸਿੰਘ ਨਲੂਆ

ਲੇਖਕ

**ਸ: ਰਣਜੀਤ ਸਿੰਘ 'ਅਮਨ'**

ਬੀ. ਏ., ਆਨਰਜ਼ (ਪੰਜਾਬੀ)

ਪਿੰਡ ਘੋਲੀਆ ਖ਼ੁਰਦ, ਜ਼ਿਲਾ ਫ਼ਰੀਦਕੋਟ ।

ਪ੍ਰਕਾਸ਼ਕ

**ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦ੍ਰੀ ਹਾਲ, ਸ੍ਰੀ ਅੰਮ੍ਰਿਤਸਰ ।

੧੯੭੩

Digitized by Panjab Digital Library | www.panjabdigilib.org

ਛਾਪਕ :
ਗੁਰਦੁਆਰਾ ਪ੍ਰਿੰਟਿੰਗ ਪ੍ਰੇਸ, ਰਾਮਸਰ ਰੋਡ,
ਅੰਮ੍ਰਿਤਸਰ ।

ਪਹਿਲੀ ਵਾਰ, ੧੦੦੦

ਪ੍ਰਿੰਟਰ :
ਮਹਿੰਦਰ ਸਿੰਘ ਗਿਆਨੀ,
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ।

Digitized by Panjab Digital Library | www.panjabdigilib.org

# ਵਿਸ਼ੈ-ਸੂਚੀ


ਪੰਨੇ

ਮੁੱਖ ਸ਼ਬਦ (ਸਕੱਤਰ, ਸ਼੍ਰੋ: ਗੁ: ਪ੍ਰ: ਕਮੇਟੀ) ੳ

ਮੁੱਢਲੀ ਜਾਣ-ਪਛਾਣ (ਸ਼ਮਸ਼ੇਰ ਸਿੰਘ 'ਅਸ਼ੋਕ') ਅ—ਸ

ਸਰਦਾਰ ਹਰੀ ਸਿੰਘ ਨਲਵਾ (ਮੁੱਢਲਾ ਜੀਵਨ) ੧—੯

ਨਲੂਆ ਨਾਂ ਦੀ ਮਹੱਤਤਾ, ਬਾਲਪਨ ੩, ਮੁੱਢਲੀ ਵਿਦਿਆ, ਬਾਲ ਹਰੀ ਸਿੰਘ ਦਾ ਯਤੀਮ ਹੋਣਾ, ਵਿਦਿਅਕ ਤੇ ਰਾਜਨੀਤਕ ਸੂਝ ੪—੫, ਜੰਗੀ ਹੁਨਰਾਂ ਦੀ ਮੁਹਾਰਤ, ਸਰੀਰਕ ਬਲ ਤੇ ਪ੍ਰਭਾਵ ੫—੬, ਸੁਭਾਅ, ਮੁੱਢਲੇ ਕਰਤੱਬ ੬—੭, ਸੰਨ ੧੮੦੫ ਈਸਵੀ ਵਿਚ ਬਸੰਤ ਪੰਚਮੀ ਦਾ ਉਤਸਵ ੭—੮, ਨੌਜਵਾਨ ਹਰੀ ਸਿੰਘ ਦਾ ਖ਼ਾਲਸਾ ਫ਼ੌਜ ਵਿਚ ਭਰਤੀ ਹੋਣਾ, ਸ਼ੇਰ ਮਾਰਨਾ ੮—੯ ।

ਸਰਦਾਰ ਹਰੀ ਸਿੰਘ ਦੀਆਂ ਜਿੱਤਾਂ ੧੦—੨੨

ਕਸੂਰ ਦੀ ਪਹਿਲੀ ਜਿੱਤ ੧੦—੧੨, ਸਰਦਾਰ ਹਰੀ ਸਿੰਘ ਨਲਵੇ ਦੀ ਬਹਾਦਰੀ, ਇਲਾਕਾ ਕਸੂਰ ਖ਼ਾਲਸਾ ਰਾਜ ਨਾਲ ਮਿਲਾਉਣਾ ੧੨—੧੩, ਮੁਲਤਾਨ ਉਤੇ ਚੜ੍ਹਾਈ ੧੩—੧੫, ਨਵਾਬ ਬਹਾਵਲ ਪੁਰ ਦਾ ਮਹਾਰਾਜੇ ਨਾਲ ਮਿਲਣਾ ੧੫—੧੬, ਸਰਦਾਰ ਹਰੀ ਸਿੰਘ ਨਲਵੇ ਦੀ ਪਹਿਲੀ ਕੁਰਬਾਨੀ੧੬—੧੯, ਮਿੱਠੇ ਟਿਵਾਣੇ ਤੇ ਉੱਚ ਦੇ ਸੱਯਦਾਂ ਨੂੰ ਸੋਧਣਾ ੧੯—੨੦, ਸੱਯਦਾਂ ਨੂੰ ਕੁਚਲਣਾ ੨੦—੨੧, ਕੋਹਿਨੂਰ ਹੀਰਾ ਹਾਸਲ ਕਰਨਾ ੨੧—੨੨ ।

ਅਟਕ ਦੇ ਕਿਲ੍ਹੇ ਤੇ ਕਬਜ਼ਾ ੨੩—੨੬

ਸਿੱਖਾਂ ਤੇ ਅਫ਼ਗ਼ਾਨਾਂ ਦੀ ਪਹਿਲੀ ਜੰਗ ੨੩—੨੬, ਅਟਕ ਦੇ ਕਿਲ੍ਹੇ ਦੀ ਇਤਿਹਾਸਿਕ ਮਹੱਤਤਾ ੨੬ ।

ਕਸ਼ਮੀਰ ਤੇ ਚੜ੍ਹਾਈ ੨੬—੫੩


Digitized by Panjab Digital Library | www.panjabdigilib.org

ਰਾਜੌੜੀ ਅਤੇ ਭਿੰਬਰ ਦੀ ਜਿੱਤ, ਮੁਲਤਾਨ ਦੀ ਦੂਜੀ ਵੱਡੀ ਲੜਾਈ ੨੭—੨੮, ਇਕ ਵੱਡੀ ਜੰਗ ਲਈ ਅਰਦਾਸ ਕਰਵਾਉਣੀ ੨੮—੩੦, ਅਕਾਲੀ ਫੂਲਾ ਸਿੰਘ ਦਾ ਜੰਗ ਵਿਚ ਸ਼ਾਮਲ ਹੋਣਾ, ਖ਼ਾਲਸੇ ਦੀ ਅਥਾਹ ਕੁਰਬਾਨੀ ੩੦—੩੧, ਕਸ਼ਮੀਰ ਤੇ ਚੜ੍ਹਾਈ ਤੇ ਫ਼ਤਿਹ ੩੧—੩੨, ਹਿੰਦੂਆਂ ਦੀ ਤਰਸ ਯੋਗ ਹਾਲਤ ੩੨—੩੩, ਮਹਾਰਾਜੇ ਨੇ ਦਰਬਾਰ ਲਾਉਣਾ ੩੩—੩੪, ਕਸ਼ਮੀਰ ਉਤੇ ਚੜ੍ਹਾਈ ੩੪—੩੫, ਭਿੰਬਰ, ਰਾਜੌੜੀ ਤੇ ਪੁਣਛ ਦੀ ਜਿੱਤ, ਅਫ਼ਗਾਨ ਹੁਕਮਰਾਨ ਜੱਬਾਰ ਖ਼ਾਨ ਨਾਲ ਮੁੱਠ-ਭੇੜ ੩੬—੩੭, ਨਲਵੇ ਤੇ ਖ਼ਾਨ ਦੀ ਝੜਪ ੩੭—੩੮, ਕਸ਼ਮੀਰ ਵਿਚ ਖ਼ਾਲਸੇ ਦਾ ਸਨਮਾਨ, ਕਸ਼ਮੀਰ ਦੀ ਜਿੱਤ ਤੇਂ ਸ਼ੇਰਿ ਪੰਜਾਬ ਦੀ ਖ਼ੁਸ਼ੀ ੩੮—੩੯, ਮੁਜ਼ੱਫ਼ਰਾਬਾਦ ਤੇ ਦਰਬੰਦ ਖ਼ਾਲਸਾ ਰਾਜ ਨਾਲ ਮਿਲਾਉਣੇ, ਨਲਵੇ ਸਰਦਾਰ ਦਾ ਆਦਰ ੩੯—੪੦, ਸਰਦਾਰ ਹਰੀ ਸਿੰਘ ਦਾ ਕਸ਼ਮੀਰ ਦਾ ਗਵਰਨਰ ਬਣਨਾ ੪੦-੪੧, ਕਸ਼ਮੀਰ ਦਾ ਸੁਚੱਜਾ ਪ੍ਰਬੰਧ ੪੧—੪੨, ਸਰਦਾਰ ਹਰੀ ਸਿੰਘ ਦਾ ਪਹਿਲਾ ਫੁਰਮਾਨ ੪੨-੪੩, ਨਵੇਂ ਸੁਧਾਰ, ਹੰਕਾਰੀ ਬਾਗ਼ੀਆਂ ਦਾ ਸੁਧਾਰ ੪੩—੪੪, ਮਾਲੀਏ ਵਿਚ ਸੁਧਾਰ ੪੪—੪੫, ਵਗਾਰ ਬੰਦ ਕਰਵਾਉਣੀ ੪੫—੪੬, ਤੋਰਾ ਟੈਕਸ ਖ਼ਤਮ ਕਰਨਾ, ਨਵਾਂ ਰਾਜ-ਪ੍ਰਬੰਧ ੪੬—੪੭, ਗੈਰ ਮੁਸਲਮਾਨਾਂ ਦੀ ਹਾਲਤ ਦਾ ਸੁਧਾਰ, ਹਿੰਦੂਆਂ ਦੀਆਂ ਧਾਰਮਿਕ ਥਾਵਾਂ ਦੀ ਹਾਲਤ ੪੭-੪੮, ਕਸ਼ਮੀਰ ਦੀ ਸੁੰਦਰਤਾ ਵਿਚ ਵਾਧਾ ੪੮—੪੯, ਦਸਤਕਾਰੀਆਂ ਵਿਚ ਉੱਨਤੀ ੪੯—੫੧, ਕਸ਼ਮੀਰ ਤੇ ਕੁਦਰਤ ਦੀ ਕਰੋਪੀ-ਤੂਫਾਨ, ਕਸ਼ਮੀਰ ਵਿਚ ਨਲਵੇ ਦੇ ਨਾਂ ਦਾ ਸਿੱਕਾ ੫੦—੫੧, ਸ: ਹਰੀ ਸਿੰਘ ਦੀ ਕਸ਼ਮੀਰ ਤੋਂ ਵਿਦਾਇਗੀ ੫੨—੫੩ ।

ਮਾਂਗਲੀ ਦੀ ਫ਼ਤਿਹ ੫੩—੫੫

ਮਿੱਟੀ ਕੁੱਟਣ ਦੀ ਵਾਰਤਾ, ਸਰਦਾਰ ਹਰੀ ਸਿੰਘ ਦਾ ਸ਼ੇਰਿ ਪੰਜਾਬ ਨੂੰ ਮਿਲਣਾ ੫੪—੫੫ ।

ਮੁੰਘੇਰ ਉਤੇ ਖ਼ਾਲਸੇ ਦੀ ਚੜ੍ਹਾਈ ੫੫—੫੮

ਮੁੰਘੇਰ ਦੇ ਇਲਾਕੇ ਦਾ ਗਵਰਨਰ ਬਣਨਾ ੫੮ ।

Digitized by Panjab Digital Library | www.panjabdigilib.org

ਹਜ਼ਾਰੇ ਦਾ ਇਲਾਕਾ—ਇਤਿਹਾਸਿਕ ਮਹੱਤਤਾ ੫੮—੬੧

ਹਰੀ ਸਿੰਘ ਨਲਵੇ ਦਾ ਹਜ਼ਾਰੇ ਦਾ ਗਵਰਨਰ ਨਿਯੁਕਤ ਹੋਣਾ ੫੯-੬੦, ਨਲਵੇ ਸਰਦਾਰ ਦੀਆਂ ਹਜ਼ਾਰੇ ਵਿਚ ਸਦੀਵੀ ਯਾਦਾਂ, ਹਰੀ ਪੁਰ ਸ਼ਹਿਰ ਵਸਾਉਣਾ ੬੦—੬੧ ।

ਨੁਸ਼ਹਿਰੇ ਦੀ ਮਹਾਨ ਜੰਗ ੬੧—੬੫

ਅਟਕ ਦਰਿਆ ਤੇ ਖ਼ਾਲਸਾ ੬੩, ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ੬੪—੬੫, ਬਾਈਧਾਰ ਦੇ ਪਹਾੜੀ ਇਲਾਕੇ ਖ਼ਾਲਸਾ ਰਾਜ ਵਿਚ ਮਿਲਾਉਣੇ ੬੫।

ਸੱਯਦ ਅਹਿਮਦ ਦੀ ਚੜ੍ਹਾਈ ਤੇ ਹਾਰ ੬੫—੬੯

ਖ਼ੈਰਾਬਾਦ ਉਤੇ ਚੜ੍ਹਾਈ ਤੇ ਹਾਰ ੬੭, ਪੰਜਤਾਰ ਦੀ ਘਟਨਾ, ਬਾਲਾਕੋਟ ਦੀ ਲੜਾਈ ਤੇ ਸੱਯਦ ਦਾ ਅੰਤ ੬੮—੬੯ ।

ਪਠਾਣਾਂ ਦੀ ਧੱਕੇ ਸ਼ਾਹੀ ਤੇ ਉਸ ਦੇ ਨਤੀਜੇ ੭੦—੮੧

ਹਿੰਦੂ ਇਸਤ੍ਰੀਆਂ ਨੂੰ ਕੈਦ ਵਿਚੋਂ ਰਿਹਾਈ, ਮਿਚਨੀ ਦੇ ਖ਼ਾਨ ਪਾਸੋਂ ਇਕ ਹਿੰਦੂ ਡੋਲਾ ਵਾਪਸ ੭੦—੭੨, ਸਰਦਾਰ ਹਰੀ ਸਿੰਘ ਨਲਵੇ ਦਾ ਫ਼ੱਟੜ ਹੋਣਾ, ੭੨—੭੪, ਹਰੀ ਸਿੰਘ ਨਲਵੇ ਦੀ ਮੌਤ ਦੀ ਗ਼ਲਤ ਖ਼ਬਰ, ੭੪—੭੫, ਸ਼ੇਰਿ ਪੰਜਾਬ ਦਾ ਹਜ਼ਾਰੇ ਪੁਜਣਾ, ਸ੍ਰੀ ਕੋਟ ਵਿਚ ਬਗ਼ਾਵਤ ੭੫—੭੬, ਸਰਦਾਰ ਹਰੀ ਸਿੰਘ ਦੀ ਲਾਟ ਵਿਲੀਅਮ ਬੈਂਟਿੰਗ ਨਾਲ ਮੁਲਾਕਾਤ ੭੬—੭੮, ਸ਼ਹਿਜ਼ਾਦਾ ਖੜਗ ਸਿੰਘ ਨੂੰ ਯੁਵਰਾਜ ਪਦਵੀ ੭੮, ਸਰਦਾਰ ਹਰੀ ਸਿੰਘ ਨਲਵੇ ਵਲੋਂ ਪੰਜਾ ਸਾਹਿਬ ਦੀ ਸੇਵਾ ੭੯, ਗੱਖੜ ਕੌਮ ਤੇ ਹਰੀ ਸਿੰਘ ਨਲੂਆ ੮੦—੮੧, ਪਿਸ਼ਾਵਰ ਦੀ ਜਿੱਤ ੮੧—੮੫, ਮਹਾਰਾਜੇ ਨੇ ਬਸੰਤ ਪੰਚਮੀ ਦੀ ਖ਼ੁਸ਼ੀ ਪਿਸ਼ਾਵਰ ਮਨਾਉਣੀ ੮੫-੮੬।

ਸਰਦਾਰ ਹਰੀ ਸਿੰਘ ਨਲੂਏ ਦਾ ਮੁਲਕੀ ਪ੍ਰਬੰਧ ੮੬—੮੯

ਪਿਸ਼ਾਵਰ ਵਿਚ ਨਲਵੇ ਦੇ ਨਾਂ ਦਾ ਸਿੱਕਾ ੮੭, ਪ੍ਰਸਿੱਧ ਕਿਲਾ ਜਮਰੋਦ (ਫ਼ਤਿਹ ਗੜ੍ਹ) ਬਣਾਉਣਾ ੮੮—੮੯ ।

ਕਾਬਲ ਦੇ ਹਾਕਮ ਦੀਆਂ ਚਾਲਾਂ ੯੦—੯੨

Digitized by Panjab Digital Library | www.panjabdigilib.org

ਕਿਲਾ ਜਮਰੋਦ ਉਤੇ ਅਫ਼ਗਾਨਾਂ ਦੀ ਚੜ੍ਹਾਈ ੯੨-੯੯

ਕੰਵਰ ਨੌ ਨਿਹਾਲ ਸਿੰਘ ਦੀ ਸ਼ਾਦੀ ਤੇ ਸਹਾਇਤਾ ਨਾ ਪੁਜਣੀ ੯੩—੯੬,ਬੀਬੀ ਹਰਿਸ਼ਰਨ ਕੌਰ ਦੀ ਕੁਰਬਾਨੀ ੯੬—੯੯।

ਸਰਦਾਰ ਹਰੀ ਸਿੰਘ ਨਲੂਏ ਦਾ ਸ਼ਹੀਦ ਹੋਣਾ ੯੯—੧੦੪

ਸਰਦਾਰ ਹਰੀ ਸਿੰਘ ਦਾ ਅੰਤਮ ਸੰਦੇਸ਼ ੧੦੧—੧੦੨, ਮਹਾਰਾਜਾ ਰਣਜੀਤ ਸਿੰਘ ਉਤੇ ਇਸ ਅਸਹਿ ਸਦਮੇ ਦਾ ਅਸਰ ੧੦੨—੧੦੩, ਗੁੱਜਰਾਂਵਾਲੇ ਤੇ ਜਮਰੋਦ ਵਿਖੇ ਸਰਦਾਰ ਹਰੀ ਸਿੰਘ ਦੀ ਸਮਾਧ ੧੦੩—੧੦੪, ਹਰੀ ਸਿੰਘ ਨਲਵੇ ਦੇ ਗੁਣ, ਕਰਮ ਤੇ ਸੁਭਾ ੧੦੪।

ਆਧਾਰ-ਸੂਚੀ ੧੦੫

ਸ਼ਬਦ-ਸੂਚੀ ੧੦੬—੧੧੧

ਜ਼ਰੂਰੀ ਸੋਧ—

ਸਫ਼ਾ ੯੯ ਦੇ ਸਿਰਲੇਖ ਵਿਚ 'ਜ਼ਖ਼ਮੀ ਹੋਣਾ' ਦੀ ਥਾਵੇਂ 'ਸ਼ਹੀਦ ਹੋਣਾ' ਤੇ ਸਫ਼ਾ ੧੦੩ ਦੇ ਸਿਰਲੇਖ ਵਿਚ 'ਗੁੱਜਰਾਂਵਾਲੇ' ਤੋਂ ਅੱਗੇ 'ਤੇ ਜਮਰੋਦ ਵਿਖੇ' ਪੜ੍ਹੋ।

© ਸਭ ਹੱਕ ਸ਼੍ਰੋਮਣੀ ਕਮੇਟੀ ਦੇ ਰਾਖਵੇਂ ਹਨ।

Digitized by Panjab Digital Library | www.panjabdigilib.org

# ਮੁੱਖ ਸ਼ਬਦ

ਸਰਦਾਰ ਹਰੀ ਸਿੰਘ ਜੀ ਨਲਵਾ ਦਾ ਇਹ ਜੀਵਨ ਸਿੱਖ ਸੂਰਬੀਰਾਂ ਦੇ ਇਤਿਹਾਸ ਦੀ ਲੜੀ ਦਾ ਇਕ ਪਹਿਲਾ ਯਤਨ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੰਜਾਬੀ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਜਾ ਰਿਹਾ ਹੈ। ਸਰਦਾਰ ਬਲਵੰਤ ਸਿੰਘ ਜੀ ਨਲਵਾ, ਸਾਬਕ ਡੀ. ਸੀ., ਮਸੰਦ ਚੌਕ, ਮਾਡਲ ਟਾਊਨ, ਜਾਲੰਧਰ ਸ਼ਹਿਰ, ਜਿਨ੍ਹਾਂ ਦੇ ਖ਼ਰਚ ਨਾਲ ਇਹ ਜੀਵਨ ਪ੍ਰਕਾਸ਼ਿਤ ਹੋ ਰਿਹਾ ਹੈ, ਕਮੇਟੀ ਵਲੋਂ ਅਤੇ ਪੰਜਾਬੀ ਪਾਠਕਾਂ ਵਲੋਂ ਖ਼ਾਸ ਤੌਰ ਤੇ ਧੰਨਵਾਦ ਦੇ ਹੱਕਦਾਰ ਹਨ, ਕਿਉਂਕਿ ਉਨ੍ਹਾਂ ਦੇ ਹੀ ਦਾਨ-ਸਨਮਾਨ ਵਿਚੋਂ ਪਿੱਛੇ ਜਿਹੇ ਸਰਦਾਰ ਹਰੀ ਸਿੰਘ ਨਲਵਾ ਦੇ ਨਾਂ ਤੇ ਇਕ ਪ੍ਰਕਾਸ਼ਨ ਟ੍ਰਸਟ ਕਾਇਮ ਕੀਤਾ ਸੀ, ਜਿਸ ਰਾਹੀਂ ਕਮੇਟੀ ਇਹ ਉਨ੍ਹਾਂ ਦਾ ਜੀਵਨ ਤਿਆਰ ਕਰਵਾਣ ਤੇ ਛਾਪਣ ਵਿਚ ਸਮਰਥ ਹੋਈ ਹੈ। ਕਮੇਟੀ ਵੱਲੋਂ ਇਸ ਖਰੜੇ ਨੂੰ ਹੋਰ ਖਰੜਿਆਂ ਦੇ ਮੁਕਾਬਲੇ ਤੇ ਪਹਿਲੇ ਦਰਜੇ ਦਾ ੧੦੦੦) ਇਨਾਮ ਦਿੱਤਾ ਗਿਆ ਸੀ। ਸੋ ਇਸ ਲਈ ਜੇ ਇਹ ਜੀਵਨ ਪਾਠਕਾਂ ਨੇ ਅਪਣਾਇਆ ਤਾਂ, ਆਸ ਹੈ, ਕਮੇਟੀ ਇਸ ਸੰਬੰਧ ਵਿਚ ਹੋਰ ਵੀ ਚੰਗੀਆਂ ਤੋਂ ਚੰਗੀਆਂ ਪੁਸਤਕਾਂ ਛਾਪ ਕੇ ਮਾਤ-ਭਾਸ਼ਾ ਪੰਜਾਬੀ ਦੀ ਸੇਵਾ ਦਾ ਮਾਣ ਪ੍ਰਾਪਤ ਕਰ ਸਕੇਗੀ।

ਮਹਿੰਦਰ ਸਿੰਘ 'ਗਿਆਨੀ',
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।



Digitized by Panjab Digital Library | www.panjabdigilib.org

# ਮੁੱਢਲੀ ਜਾਣ-ਪਛਾਣ

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਜਿਸ ਨੂੰ ਸਿੱਖ ਰਾਜ ਜਾਂ ਸਰਬ ਸਾਂਝਾ ਰਾਜ ਹੋਣ ਕਰਕੇ ਪੰਜਾਬੀਆਂ ਦਾ ਰਾਜ ਕਿਹਾ ਜਾਂਦਾ ਸੀ, ਨਿਰੋਲ ਅਫ਼ਿਰਕੂ (Secular) ਅਸੂਲਾਂ ਤੇ ਚਲਾਇਆ ਹੋਇਆ ਇਕ ਆਦਰਸ਼ਕ ਰਾਜ ਸੀ। ਇਸ ਰਾਜ ਦਾ ਜੰਗੀ ਜਰਨੈਲ ਸੀ ਸਰਦਾਰ ਹਰੀ ਸਿੰਘ ਨਲਵਾ, ਜਿਸ ਦਾ ਸੰਖੇਪ ਜੀਵਨ-ਬ੍ਰਿਤਾਂਤ ਇਸ ਨਿਬੰਧ ਵਿਚ ਦਿੱਤਾ ਜਾ ਰਿਹਾ ਹੈ। ਸਿੱਖ ਰਾਜ ਵਿਚ, ਜਿਸ ਦੀ ਰਾਜਧਾਨੀ ਲਾਹੌਰ ਸੀ, ਉਸ ਸਮੇਂ ਸ੍ਰੀ ਅਮ੍ਰਿਤਸਰ, ਕਸੂਰ, ਜਲੰਧਰ, ਕਾਂਗੜਾ, ਪਠਾਨਕੋਟ, ਜੰਮੂ, ਸ੍ਰੀ ਨਗਰ (ਕਸ਼ਮੀਰ), ਸਿਆਲਕੋਟ, ਗੁੱਜਰਾਂਵਾਲਾ, ਮੁਲਤਾਨ, ਅਟਕ, ਰਾਵਲਪਿੰਡੀ, ਪਿਸ਼ਾਵਰ ਆਦਿ ਪ੍ਰਸਿੱਧ ਨੱਗਰ ਸ਼ਾਮਲ ਸਨ ਤੇ ਇਸ ਦੀ ਹਕੂਮਤ ਦੀਆਂ ਹੱਦਾਂ ਚਾਲੀ ਹਜ਼ਾਰ ਮੁਰੱਬਾ ਮੀਲ ਧਰਤੀ ਉਤੇ ਉੱਤਰ ਵੱਲ-ਤਿੱਬਤ, ਲੱਦਾਖ ਤੇ ਅਸਕਰਦੂ ਤਕ, ਪੱਛਮ ਵੱਲ ਦੱਰਾ ਖ਼ੈਬਰ ਤੋਂ ਸੁਲੇਮਾਨ ਪਹਾੜ ਤਕ, ਦੱਖਣ ਵਿਚ ਸ਼ਿਕਾਰ ਪੁਰ (ਸਿੰਧ) ਤਕ ਅਤੇ ਪੂਰਬ ਵਲ ਸੰਨ ੧੮੦੯ ਈ: ਦੇ ਅਹਿਦਨਾਮੇ ਅਨੁਸਾਰ ਦਰਿਆ ਸਤਲੁਜ ਦੇ ਆਰ ਪਾਰ ਫੈਲੀਆਂ ਹੋਈਆਂ ਸਨ।

ਏਥੇ ਇਹ ਗੱਲ ਵੀ ਚੇਤੇ ਰੱਖਣ ਜੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਦਸਮ ਪਾਤਸ਼ਾਹ) ਨੇ, ਜੋ ਖ਼ਾਲਸਾ ਪੰਥ ਸੰਮਤ ੧੭੫੬ ਬਿ: ਵਿਚ ਵਿਸਾਖੀ ਦੇ ਦਿਹਾੜੇ ਤਖ਼ਤ ਕੇਸ ਗੜ੍ਹ ਸਾਹਿਬ (ਸ੍ਰੀ ਅਨੰਦ ਪੁਰ) ਦੇ ਸਥਾਨ ਪਰ ਸਾਜਿਆ ਸੀ, ਉਹੋ ਇਸ ਤੋਂ ਪਿੱਛੋਂ ਲਗ ਪਗ ਇਕ ਸੌ ਸਾਲ ਦੀ ਜੱਦੋ ਜਹਿਦ ਨਾਲ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੂਰੀ ਤਰ੍ਹਾਂ ਵਧ ਫੁਲ ਕੇ ਅਸਲੀ ਰੂਪ ਵਿਚ ਰਾਜਸੀ ਠਾਠ-ਬਾਠ ਸਮੇਤ ਪ੍ਰਗਟ ਹੋਇਆ, ਜਿਸ ਨੇ ਸਮੁੱਚੇ ਦੇਸ ਵਿਚੋਂ ਜ਼ੁਲਮ ਤੇ ਅੱਤਿਆਚਾਰ ਦਾ ਖ਼ਾਤਮਾ ਕਰ ਦਿੱਤਾ।

ਸੰਨ ੧੮੪੯ ਈ: ਵਿਚ ਉਹ ਸਿੱਖ ਰਾਜ, ਜੋ ਇਤਨੀਆਂ ਕਠਿਨ ਘਾਲਣਾਂ ਘਾਲ ਕੇ ਸਥਾਪਿਤ ਕੀਤਾ ਸੀ, ਸੁਪਨੇ ਵਾਂਗ ਇਕ ਦ੍ਰਿਸ਼ ਜਿਹਾ ਦਿਖਾ ਕੇ ਆਪਸੀ ਫੁੱਟ ਦੇ ਕਾਰਣ ਛਾਈਂ ਮਾਈਂ ਹੋ ਗਿਆ। ਪਾਠਕ ਬੇਸ਼ਕ ਸੰਸਾਰ ਦਾ ਇਤਿਹਾਸ ਪੜ੍ਹ ਕੇ ਵੇਖ ਲੈਣ, ਇਤਨਾ ਥੋੜਾ ਚਿਰ ਰਾਜ ਕਰਨ ਵਾਲੀ ਕਿਸੇ ਕੌਮ ਨੇ ਕਦੇ ਇਹੋ ਜਿਹਾ ਨਾਂ ਇਤਿਹਾਸ ਦੇ ਪੰਨਿਆਂ ਉਤੇ ਨਹੀਂ ਛੱਡਿਆ, ਜਿਹਾ ਕਿ ਸਿੱਖਾਂ ਨੇ। ਪੰਜਾਬ ਪਿਛਲੇ ਨੌਂ ਸੌ ਵਰ੍ਹਿਆ ਤੋਂ ਜਰਵਾਣਿਆਂ ਹੱਥੋਂ ਲਗਾਤਾਰ ਲਤਾੜਿਆ ਜਾ ਰਿਹਾ ਸੀ। ਪਹਿਲਾਂ ਦਸਵੀਂ ਸਦੀ ਵਿਚ



Digitized by Panjab Digital Library | www.panjabdigilib.org

ਰਾਜਾ ਜੈਪਾਲ ਤੇ ਸੁਬੁਕਤਗੀਨ ਦੀ ਟੱਕਰ,ਫੇਰ ਗ਼ਜ਼ਨਵੀਆਂ, ਗ਼ੁਲਾਮਾਂ, ਖ਼ਿਲਜ਼ੀਆਂ,ਤੁਗਲਕਾਂ, ਸੱਯਦਾਂ, ਪਠਾਣਾਂ, ਮੁਗ਼ਲਾਂ, ਦੁੱਰਾਨੀਆਂ ਆਦਿ ਦੇ ਦਲਾਂ ਦੇ ਦਲ ਨਾ ਕੇਵਲ ਪੰਜਾਬ, ਬਲਕਿ ਸਮੁੱਚੇ ਭਾਰਤ ਉਤੇ ਮਾਰੋ ਮਾਰ ਕਰਦੇ ਆਏ ਤੇ ਇਸ ਸੋਨਾ ਉਗਲਨ ਵਾਲੀ ਧਰਤੀ ਨੂੰ ਇਨਸਾਨਾਂ ਦੇ ਲਹੂ ਨਾਲ ਰੰਗਦੇ ਰਹੇ। ਅਠਾਰ੍ਹਵੀਂ ਸਦੀ ਈ: ਦੇ ਅੱਧ ਵਿਚਕਾਰ ਇਹ ਖ਼ੂਨ ਦੀਆਂ ਹੋਲੀਆਂ, ਜੋ ਲਗਪਗ ਨੌਂ ਸੌ ਸਾਲਾਂ ਤੋਂ ਲਗਾਤਾਰ ਖੇਡੀਆਂ ਜਾ ਰਹੀਆਂ ਸਨ, ਤਦ ਹੀ ਬੰਦ ਹੋਈਆਂ ਜਦ ਪੰਜਾਬ ਵਿਚ ਸਿੱਖਾਂ ਦੀਆਂ ੧੨ ਮਿਸਲਾਂ ਨੇ ਸਾਰੀ ਸਿਆਸੀ ਤਾਕਤ ਆਪਣੇ ਹੱਥਾਂ ਵਿਚ ਲਈ ਤੇ ਵਿਦੇਸ਼ੀ ਰਾਜ ਨੂੰ ਏਥੋਂ ਖ਼ਤਮ ਕੀਤਾ। ਪੰਜਾਬ ਨੂੰ ਇਕ ਛਤ੍ਰ ਰਾਜ ਹੇਠ ਲਿਆਉਣ ਵਾਲਾ ਸ਼ੁਕ੍ਰਚੱਕੀਆਂ ਦੀ ਮਿਸਲ ਵਿਚੋਂ ਇਕੋ ਸ਼ੇਰ ਮਰਦ ਸੀ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਸਿੱਖ ਰਾਜ ਦਾ ਮੋਢੀ ਭਾਵੇਂ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਸੀ, ਪਰ ਉਸ ਦੇ ਰਾਜ ਨੂੰ ਏਧਰ ਓਧਰ ਫੈਲਾਉਣ ਤੇ ਉਸ ਦੀਆਂ ਨੀਹਾਂ ਪੱਕੀਆਂ ਕਰਨ ਵਿਚ ਸਰਦਾਰ ਹਰੀ ਸਿੰਘ ਨਲਵੇ ਦਾ ਸ਼ੇਰਿ ਪੰਜਾਬ ਵਾਂਗ ਹੀ ਖ਼ਾਸ ਹੱਥ ਸੀ ਤੇ ਉਹ ਇਸ ਕੰਮ ਵਿਚ ਕਿਸੇ ਗੱਲੋਂ ਘੱਟ ਨਹੀਂ ਸੀ। ਇਹ ਇਸ ਕਾਰਣ ਕਿ ਸਰਦਾਰ ਰਗੀ ਸਿੰਘ ਨਲਵੇ ਦਾ ਦਾਦਾ ਸ: ਹਰਿਦਾਸ ਸਿੰਘ ਹਮੇਸ਼ਾ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਸਰਦਾਰ ਚੜ੍ਹਤ ਸਿੰਘ ਦੇ ਹਮਰਕਾਬ ਹੋ ਕੇ ਜੰਗੀ ਖ਼ਿਦਮਤਾਂ ਕਰਦਾ ਰਿਹਾ ਸੀ। ਇਸੇ ਤਰ੍ਹਾਂ ਸਰਦਾਰ ਹਰੀ ਸਿੰਘ ਦੇ ਪਿਤਾ ਸਰਦਾਰ ਗੁਰਦਿਆਲ ਸਿੰਘ ਉੱਪਲ ਨੇ ਵੀ ਸਰਦਾਰ ਚੜ੍ਹਤ ਸਿੰਘ ਤੇ ਸਰਦਾਰ ਮਹਾਂ ਸਿੰਘ ਸ਼ੁਕ੍ਰਚੱਕੀਏ ਦਾ ਉਮਰ ਭਰ ਪੂਰਾ ਪੂਰਾ ਸਾਥ ਦਿੱਤਾ ਸੀ। ਫੇਰ ਅਜਿਹੇ ਕਦੀਮੀ ਅਹਿਲਕਾਰ ਦਾ ਸੁਪੁਤ੍ਰ ਹੋ ਕੇ ਸਰਦਾਰ ਹਰੀ ਸਿੰਘ ਨਲਵਾ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜੀ ਖ਼ਿਦਮਤ ਵਿਚ ਪਿੱਛੇ ਕਿਉਂ ਰਹਿੰਦਾ ?

ਸਰਦਾਰ ਹਰੀ ਸਿੰਘ ਨਲਵੇ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਸ ਨੇ ਸੰਨ ੧੮੦੪ ਈ: ਤੋਂ ਦਰਬਾਰ ਲਾਹੌਰ ਦੀ ਸਰਵਿਸ ਵਿਚ ਸ਼ਾਮਲ ਹੋ ਕੇ ਉੱਚਾ ਅਹੁਦਾ ਪ੍ਰਾਪਤ ਕਰਨ ਦੇ ਨਾਲ ਹੀ ਕਸੂਰ, ਮੁਕਤਸਰ, ਕੋਟ ਕਪੂਰਾ, ਨਾਰਾਇਣ ਗੜ੍ਹ, ਅਮ੍ਰਿਤਸਰ, ਕਾਂਗੜਾ, ਸਿਆਲਕੋਟ, ਝੰਗ, ਮੁਲਤਾਨ, ਅਟਕ, ਜੰਮੂ, ਸ੍ਰੀ ਨਗਰ (ਕਸ਼ਮੀਰ), ਹਜ਼ਾਰਾ ਤੇ ਪਿਸ਼ਾਵਰ ਤਕ ਸਾਰੇ ਇਲਾਕੇ, ਜੋ ਪਹਿਲਾਂ ਆਕੀ ਸਨ,ਸਿਲਸਿਲੇ ਵਾਰ ਫ਼ੌਜ ਕਸ਼ੀ ਕਰਕੇ ਸਰ ਕੀਤੇ ਤੇ ਸਿੱਖ ਰਾਜ ਵਿਚ ਮਿਲਾਏ ਸਨ। ਪਠਾਣਾਂ ਦੇ ਇਲਾਕੇ ਹਜ਼ਾਰਾ ਤੇ ਪਿਸ਼ਾਵਰ ਫ਼ਤਿਹ ਕਰਨ ਦੇ ਕਾਰਣ ਹੀ ਸ਼ੇਰਿ ਪੰਜਾਬ ਵਲੋਂ ਉਸਨੂੰ ਉਥੇ ਸਿਪਾਹ-ਸਾਲਾਰ ਨਿਯੁਕਤ ਕਰਕੇ ਕ੍ਰਮਵਾਰ ਉਨ੍ਹਾਂ ਸਰਹੱਦੀ ਇਲਾਕਿਆਂ ਦਾ ਰਾਜ ਪ੍ਰਬੰਧਕ ਥਾਪਿਆ ਗਿਆ। ਇਸ ਲਈ ਕਹਿਣਾ ਪੈਂਦਾ ਹੈ ਕਿ ਇਹ ਸਰਦਾਰ ਹਰੀ ਸਿੰਘ ਨਲਵੇ ਦੀ ਹੀ ਹਿੰਮਤ ਸੀ, ਜੋ ਉਸ ਨੇ ਥੋੜੇ ਸਮੇਂ ਵਿਚ ਹੀ ਇਹ ਇਲਾਕੇ ਜਿੱਤ ਕੇ ਦੁਨੀਆਂ ਭਰ ਦੇ ਦੇਸਾਂ ਵਿਚ ਖ਼ਾਲਸੇ ਦੀ ਜਿੱਤ ਦੀਆਂ ਧੁੰਮਾਂ ਪਾ ਦਿੱਤੀਆਂ ਤੇ ਪੰਜਾਬ ਦੇਸ਼ ਨੂੰ, ਜਿਹੜਾ ਕਿ ਸਦੀਆਂ ਤੋਂ ਲਤਾੜਿਆ ਜਾ ਰਿਹਾ ਸੀ, ਆਜ਼ਾਦੀ ਦੇ



Digitized by Panjab Digital Library | www.panjabdigilib.org

ਸਿਖਰ ਉਡੇ ਪਹੁੰਚਾ ਕੇ ਚਾਰ ਚੰਨ ਲਾ ਦਿੱਤੇ ।

ਸਭ ਤੋਂ ਵੱਧ ਸੋਚਣ ਵਾਲੀ ਗੱਲ ਹੈ ਕਿ ਸਿੱਖ ਰਾਜ ਤੋਂ ਪਿੱਛੋਂ ਅੰਗਰੇਜ਼ਾਂ ਨੇ ਸੰਨ ੧੮੪੯ ਤੋਂ ੧੯੪੭ ਤਕ ਪੰਜਾਬ ਉਤੇ ਲਗਾਤਾਰ ੯੮ ਵਰ੍ਹੇ ਹਕੂਮਤ ਕੀਤੀ, ਪਰ ਉਹ ਵੀ ਸਰਹੱਦੀ ਪਠਾਣਾਂ ਦੇ ਦਿਲਾਂ ਉਤੇ ਪੂਰਾ ਸਿੱਕਾ ਨਾ ਬਿਠਾ ਸਕੇ ਜੋ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲਵੇ ਨੇ ਬਿਠਾਇਆ ਸੀ, ਜਿਸ ਕਾਰਣ ਸੂਬਾ ਸਰਹੱਦ ਦੇ ਪਠਾਣ ਅਜੇ ਤਕ ਨਲਵੇ ਦੇ ਨਾਂ ਤੋਂ ਥਰ ਥਰ ਕੰਬਦੇ ਹਨ । ਸਰਦਾਰ ਹਰੀ ਸਿੰਘ ਦੇ ਇਸ ਅਥਾਹ ਜੋਸ਼ ਦਾ ਵੱਡਾ ਕਾਰਣ ਇਹ ਸੀ ਕਿ ਉਹ ਆਪਣੀ ਧਰਤੀ ਉਤੇ ਜਾਬਰਾਂ ਦੇ ਜ਼ੁਲਮ ਹੁੰਦਿਆਂ ਦੇਖ ਕੇ ਸਹਾਰ ਨਹੀਂ ਸੀ ਸਕਦਾ । ਉਸ ਨੇ ਅਜਿਹੇ ਅੱਤਿਆਚਾਰਾਂ ਤੇ ਜ਼ੁਲਮਾਂ ਨੂੰ ਖ਼ਤਮ ਕਰਨ ਲਈ ਹਰੇਕ ਹੀਲਾ ਕੀਤਾ, ਜਿਸ ਕਰ ਕੇ ਉਹ ਆਖ਼ਰ ਇਸੇ ਦਲੇਰੀ ਦੇ ਕਾਰਣ ਵਧੇਰੇ ਹਰ ਮਨ ਪਿਆਰਾ ਤੇ ਪ੍ਰਸਿੱਧ ਜੋਧਾ ਸਾਬਤ ਹੋਇਆ ।

ਸੋ ਹੁਣ ਇਸੇ ਕਾਰਣ ਅੱਜ ਪੰਜਾਬ ਦੇ ਹਰੇਕ ਘਰ ਵਿਚ ਸਰਦਾਰ ਹਰੀ ਸਿੰਘ ਨਲਵੇ ਦਾ ਨਾਉਂ ਵੀਰਤਾ ਤੇ ਨਿਡਰਤਾ ਦਾ ਪ੍ਰਤੀਕ ਮੰਨ ਕੇ ਲਿਆ ਜਾਂਦਾ ਹੈ । ਸਰਦਾਰ ਹੋਰੀ ਇਕ ਦਲੇਰ ਤੇ ਸੁਲਝੇ ਹੋਏ ਸਿਆਸਤਦਾਨ ਸਨ ਜਿਸ ਕਰ ਕੇ ਉਨ੍ਹਾਂ ਨੇ ਇਲਾਕਾ ਕਸ਼ਮੀਰ, ਹਜ਼ਾਰਾ ਤੇ ਪਿਸ਼ਾਵਰ ਦੇ ਵਿਗੜੇ ਹੋਏ ਲੋਕਾਂ ਦੇ ਮੂੰਹਾਂ ਵਿਚ ਲਗਾਮ ਦਿੱਤੀ ਤੇ ਉਚਿਤ ਰਾਜ ਪ੍ਰਬੰਧ ਕਰ ਕੇ ਬੜੇ ਸੁਚੱਜੇ ਢੰਗ ਨਾਲ ਆਪਣੇ ਨਾਂ ਦਾ ਸਿੱਕਾ ਚਲਾਇਆ ਸੀ । ਸਰਦਾਰ ਹਰੀ ਸਿੰਘ ਨਲਵੇ ਦੇ ਇਹੋ ਬੀਰਤਾ ਭਰੇ ਕਾਰਨਾਮੇ ਸਰਦਾਰ ਰਣਜੀਤ ਸਿੰਘ 'ਅਮਨ' ਵਲੋਂ ਇਸ ਨਿਬੰਧ ਰਾਹੀਂ ਪੰਜਾਬੀ ਪਾਠਕਾਂ ਦੇ ਅੱਗੇ ਪੇਸ਼ ਕੀਤੇ ਜਾ ਰਹੇ ਹਨ । ਆਸ ਹੈ, ਪਾਠਕ ਇਸ ਇਨਾਮੀ ਜੀਵਨੀ ਨੂੰ ਮਨ ਵਚਨ ਕਰਮ ਤੋਂ ਅਪਣਾ ਕੇ ਇਸ ਸੰਬੰਧ ਵਿਚ ਸੰਸਥਾ ਦੀ ਹੌਸਲਾ ਅਫ਼ਜ਼ਾਈ ਕਰਨਗੇ ।

ਸ੍ਰੀ ਅਮ੍ਰਿਤਸਰ,<br>੨੧-੭-੭੩

—ਸ਼ਮਸ਼ੇਰ ਸਿੰਘ 'ਅਸ਼ੋਕ'



Digitized by Panjab Digital Library | www.panjabdigilib.org

# ਨਲੂਆ ਬੰਸਾਵਲੀ

- ਸਰਦਾਰ ਹਰਿਦਾਸ ਸਿੰਘ (ਮ: ੧੭੬੨ ਈ:)
  - ਸਰਦਾਰ ਗੁਰਦਿਆਲ ਸਿੰਘ (ਮ: ੧੭੯੮ ਈ:)
    - ਸਰਦਾਰ ਹਰੀ ਸਿੰਘ ਨਲੂਆ (ਮ: ੧੮੩੭ ਈ:)
      - (ਪਹਿਲਾ ਵਿਆਹ — ਰਾਜ ਕੌਰ ਜੀ)
        - ਸਰਦਾਰ ਗੁਰਦਿੱਤ ਸਿੰਘ (ਮ: ੧੮੮੨)
        - ਸਰਦਾਰ ਜਵਾਹਰ ਸਿੰਘ (ਮ: ੧੮੭੭)
      - (ਦੂਜਾ ਵਿਆਹ — ਦੇਸਾਂ ਜੀ)
        - ਸਰਦਾਰ ਪੰਜਾਬ ਸਿੰਘ (ਮ: ੧੮੫੪)
        - ਸਰਦਾਰ ਅਰਜਨ ਸਿੰਘ (ਮ: ੧੮੪੮)
          - ਸਰਦਾਰ ਅੱਛਰ ਸਿੰਘ
            - ਸਰਦਾਰ ਨਾਰਾਇਣ ਸਿੰਘ (ਮ: ੧੯੩੪)
          - ਸਰਦਾਰ ਸੰਪੂਰਨ ਸਿੰਘ

Digitized by Panjab Digital Library | www.panjabdigilib.org

੧ ੨ ੩ ੪ ੫ ੬

ਸ: ਬਲਵੰਤ ਸਿੰਘ, ਸ: ਇਕਬਾਲ ਸਿੰਘ, ਸ: ਸੰਤ ਸਿੰਘ, ਸ: ਬਖਸ਼ੀਸ਼ ਸਿੰਘ, ਸ: ਕੁਲਵੰਤ ਸਿੰਘ, ਸ: ਇੰਦਰ ਸਿੰਘ

੧ ੨ ੩

ਸ: ਕੁਲਦੀਪ ਸਿੰਘ, ਸ: ਅਮਰਜੀਤ ਸਿੰਘ, ਸ: ਪਰਮਜੀਤ ਸਿੰਘ

ਕੁਸ਼ਲਦੀਪ ਸਿੰਘ

ਸਰਬਜੀਤ ਸਿੰਘ ਅਸੁਜੀਤ ਸਿੰਘ

੧ ੨

ਰਵਿੰਦਰਜੀਤ ਸਿੰਘ, ਜਸਜੀਤ ਸਿੰਘ

ਸ: ਸੁਰਜੀਤ ਸਿੰਘ (੨੭-੯-੩੫)

ਸਰਬਜੀਤ ਸਿੰਘ (੧੭-੧੦-੭੦)

੧ ੨

ਸ: ਜਸਵੀਰ ਸਿੰਘ ਸ: ਗੁਰਦੀਪ ਸਿੰਘ

੧ ੨

ਸ: ਸਤਵਿੰਦਰ ਸਿੰਘ, ਸ: ਬ੍ਰਿਜਇੰਦਰ ਸਿੰਘ

Digitized by Panjab Digital Library | www.panjabdigilib.org



ਜਨਰਲ ਸਰਦਾਰ ਹਰੀ ਸਿੰਘ ਨਲੂਆ

(੧੭੯੧—੧੮੩੭)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਰਦਾਰ ਹਰੀ ਸਿੰਘ ਨਲੂਆ

"ਸਦਾ ਹੀ ਕਮਰ ਕਸੀ ਅਸੀਂ ਦੇਖੀ ।
ਕਦੇ ਨਾ ਸੁਸਤੀ ਮੂੰਹ ਵੇ ਪੇਖੀ ॥"

ਸਮੇਂ ਦੀ ਤੋਰ ਨੇ ਇਸ ਧਰਤੀ ਨੂੰ ਬੀਰਾਂ, ਯੋਧਿਆਂ ਤੇ ਅਣਖੀਲੇ ਨੌਜਵਾਨਾਂ ਦੀ ਜਨਮ ਦਾਤੀ ਹੋਣ ਲਈ ਉਤਾਵਲੀ ਕੀਤਾ, ਜਿਨ੍ਹਾਂ ਸੂਰਬੀਰਾਂ ਨੇ ਆਪਣੀਆਂ ਘਾਲਣਾਂ ਦੁਆਰਾ, ਆਪਣੇ ਉਤਸਾਹਿਤ ਕਾਰਨਾਮਿਆਂ ਦੁਆਰਾ ਇਸ ਨੂੰ ਜ਼ਰਖੇਜ਼ ਬਣਾਇਆ, ਕਿਉਂ ਨਾ ਇਹ ਦੁਨੀਆਂ ਉਹਨਾਂ ਬੀਰਾਂ ਤੇ ਮਾਣ ਕਰੇ, ਕਿਉਂ ਨਾ ਉਹਨਾਂ ਦੀਆਂ ਵਾਰਾਂ ਤੇ ਸੋਹਲੇ ਗਾਵੇ ।

ਕੌਮਾਂ ਬਦਲਦੀਆਂ ਹਨ, ਪਰ ਇਤਿਹਾਸ ਦੇ ਪੰਨੇ ਨਹੀਂ ਬਦਲਦੇ । ਹਰ ਕੌਮ ਵਿਚ ਸੂਰਬੀਰ ਯੋਧੇ, ਬਲਵਾਨ ਤੇ ਅਣਖੀਲੇ ਨੌਜਵਾਨ ਪਾਏ ਜਾਂਦੇ ਹਨ, ਜਿਨ੍ਹਾਂ ਨੂੰ ਇਤਿਹਾਸ ਦੇ ਪੰਨੇ ਸਦਾ ਅਮਰ ਰਖਦੇ ਹਨ । ਪੰਨੇ ਪਲਟਿਆਂ ਹਰ ਪੰਨੇ ਦੀ ਹਰ ਸਤ ਕਿਸੇ ਰੰਗੀਲੇ ਯੋਧੇ, ਆਸ਼ਕ, ਬੀਰ ਦੇ ਵਲਵਲੇ ਦੀ ਪ੍ਰਤੀਕ ਹੈ । ਹਰ ਅੱਖਰ ਦੀ ਸਿਆਹੀ ਉਨ੍ਹਾਂ ਬੀਰਾਂ ਦੇ ਡੋਲ੍ਹੇ ਹੋਏ ਖ਼ੂਨ ਦੇ ਕਤਰਿਆਂ ਦੀ ਵੰਗਾਰ ਅਤੇ ਭੜਾਸ ਹੈ । ਉਨ੍ਹਾਂ ਅੱਖਰਾਂ ਦੀ ਵਿੱਥ ਉਨ੍ਹਾਂ ਯੋਧਿਆਂ ਦੀ ਅਸਲ ਤਵਾਰੀਖ਼ ਹੈ, ਜੋ ਸਮੇਂ ਸਮੇਂ ਸਿਰ ਹੋਏ ਹਨ । ਸਮੇਂ ਦੀ ਚਾਲ ਬੜੇ ਵੇਗ ਨਾਲ ਚਲਦੀ ਹੈ । ਹਰ ਰੋਜ਼ ਚੰਦ੍ਰਮਾਂ ਦੀ ਨਵੀਂ ਰੌਸ਼ਨੀ ਤੇ ਸੂਹਜ ਦੀ ਨਿੱਘ ਦੇ ਥੱਲੇ, ਪੌਣ ਇਨ੍ਹਾਂ ਵਰਕਿਆਂ ਨੂੰ ਪਲਟਦੀ ਹੈ । ਉਨ੍ਹਾਂ ਵਰਕਿਆਂ ਦੀ ਖੜਖੜਾਹਟ ਸੂਰਮ-ਤਾਈ ਦੀ ਪੁਕਾਰ ਹੈ ।

ਹੋਰਨਾਂ ਇਤਿਹਾਸਾਂ ਦੀ ਤਰ੍ਹਾਂ ਸਿੱਖ ਇਤਿਹਾਸ ਵੀ ਕਾਰਨਾਮਿਆਂ ਤੋਂ ਰਹਿਤ ਨਹੀਂ । ਪਰੰਤੂ ਸਿੱਖ ਕੌਮ ਦੇ ਜਿੰਨੇ ਸੂਰਬੀਰ ਯੋਧੇ ਹੋਏ ਹਨ, ਉਹਨਾਂ ਦੇ ਹਾਲ ਵਰਨਣ ਕਰਨ ਲਈ ਇਸ ਕੌਮ ਵਿਚ ਕੋਈ ਐਸਾ ਲੇਖਕ ਘੱਟ ਹੀ ਆਇਆ ਜਿਸ ਨੇ ਇਸ ਦੇ ਇਤਿਹਾਸ ਨੂੰ ਸਹੀ ਸੇਧ ਦਿਤੀ ਹੋਵੇ । ਇਸੇ ਕਰ ਕੇ ਤਾਂ ਇਹ ਅਮੋਲ ਖ਼ਜ਼ਾਨਾ ਦੱਬਿਆ



Digitized by Panjab Digital Library | www.panjabdigilib.org

ਰਿਹਾ ਤੇ ਪਾਠਕਾਂ ਨੇ ਇਸ ਦੀ ਅਹਿਮੀਅਤ ਨੂੰ ਬਹੁਤ ਘੱਟ ਜਾਣਿਆ। ਜੇ ਕੁਝ ਵਾਚਿਆ ਤਾਂ ਉਪਰੋਂ ਉਪਰੋਂ, ਜੇ ਕੁਝ ਘੋਖਿਆ ਤਾਂ ਬਾਹਰੋਂ ਬਾਹਰੋਂ, ਜੇ ਕੁਝ ਗ੍ਰਹਿਣ ਕੀਤਾ ਤਾਂ ਆਪਣੇ ਸੁਆਰਥ ਦੇ ਪੱਖੋਂ। ਸਰੋਤੇ ਜੂਝਦੇ ਰਹੇ, ਉਨ੍ਹਾਂ ਦਾ ਕਿਸੇ ਗਹੁ ਨਾ ਕੀਤਾ। ਵਾਧੂ ਅਤੇ ਬੇ-ਲੋੜਾ ਇਤਿਹਾਸ ਹਰ ਪਾਸੇ ਪ੍ਰਧਾਨ ਹੈ।

ਕੋਈ ਵੀ ਕੌਮ ਉਤਨੀ ਦੇਰ ਤਕ ਤਰੱਕੀ ਨਹੀਂ ਕਰ ਸਕਦੀ ਜਿੰਨਾ ਚਿਰ ਉਸ ਕੌਮ ਵਿਚ ਇਤਿਹਾਸ ਨੂੰ ਰਚਣ ਦਾ ਅਸਲ ਮਾਦਾ ਨਾ ਹੋਵੇ। ਆਪਣੇ ਬੀਰਾਂ ਦਾ ਜਸ ਨਾ ਗਾਇਆ ਹੋਵੇ। ਉੱਨਾਂ ਚਿਰ ਪੁੰਗਰ ਰਹੀ ਨਵੀਂ ਪਨੀਰੀ ਦੀਆਂ ਰਗਾਂ ਵਿਚ ਤੀਖਣਤਾ ਨਹੀਂ ਆਉਂਦੀ, ਬਾਹਾਂ ਵਿਚ ਜੋਸ਼ ਨਹੀਂ ਆਉਂਦਾ, ਡੌਲਿਆਂ ਵਿਚ ਫਰਕਣ ਨਹੀਂ ਆਉਂਦੀ, ਜੋ ਬਾਲ ਹਰੀ ਸਿੰਘ ਨਲੂਏ ਦੇ ਸਰੀਰ ਵਿਚ ਸੀ।

ਸਿੱਖ ਇਤਿਹਾਸ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਸ ਕੌਮ ਨੇ ਜਿੰਨੇ ਯੋਧਿਆਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਤੋਂ ਦੁਸ਼ਮਣ (ਹੰਕਾਰੀ) ਥਰ ਥਰ ਕੰਬਦਾ ਸੀ, ਜਿੱਤਾਂ ਉਹਨਾਂ ਦੇ ਚਰਨ ਛੋਂਹਦੀਆਂ ਸਨ। ਅਠਾਹਰਵੀਂ-ਉੱਨੀਵੀਂ ਸਦੀ ਦੇ ਇਹਨਾਂ ਯੋਧਿਆਂ ਦੇ ਕਾਰਨਾਮਿਆਂ ਨਾਲ ਸੰਸਾਰ ਭਰ ਦੇ ਇਤਿਹਾਸ ਦੇ ਪੰਨੇ ਉਲੀਕੇ ਗਏ। ਬਿਦੇਸ਼ੀ ਕਲਮਾਂ ਨੂੰ ਵੀ ਇਹਨਾਂ ਯੋਧਿਆਂ ਦੀਆਂ ਜੀਵਨੀਆਂ ਲਿਖਣ ਦਾ ਮਾਣ ਪ੍ਰਾਪਤ ਹੋਇਆ। ਉਹ ਜਿਹੜੇ ਸਦਾ ਪੂਰਬੀ ਤੇ ਪੱਛਮੀ ਦੇਸ਼ਾਂ ਦੇ ਗੇੜ ਵਿਚ ਗ੍ਰਸੇ ਹੋਏ ਆਪਣੇ ਹੀ ਪੱਛਮੀ ਦੇਸ਼ਾਂ ਨੂੰ ਉੱਚਾ ਚੁੱਕਣ ਤੇ ਉਨ੍ਹਾਂ ਦੇ ਹੀ ਸੋਹਲੇ ਗਾਉਣ ਦੇ ਆਸ਼ਕ ਹੁੰਦੇ ਸਨ, ਅੱਜ ਉਹਨਾਂ ਤੋਂ ਵੀ ਰਹਿ ਨਾ ਹੋਇਆ।

ਪਹਿਲੀ ਕਲਮ ਜੋ ਉਹਨਾਂ ਵਲੋਂ ਉਠਾਈ ਗਈ ਉਹ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੇ ਅਤੇ ਦੂਜੀ ਕਲਮ ਉਠਾਈ ਸਰਦਾਰ ਹਰੀ ਸਿੰਘ ਨਲੂਏ ਤੇ। ਇਹ ਉਹ ਸਰਦਾਰ ਜਿਸ ਨੇ ਸ਼ੇਰਿ ਪੰਜਾਬ ਨੂੰ ਆਪਣਾ ਤਨ—ਮਨ ਅਰਪਣ ਕਰ ਦਿੱਤਾ। ਉਸ ਦੇ ਲਈ ਅਤੇ ਸਿੱਖ ਕੌਮ ਲਈ ਦੁਨੀਆਂ ਭਰ ਵਿਚ ਨਾਮਣਾ ਖੱਟਿਆ। ਹਮੇਸ਼ਾ ਚੜ੍ਹਦੀਆਂ ਕਲਾਂ ਦਾ ਮੂੰਹ ਤੱਕਿਆ ਤੇ ਰਣ ਵਿਚ ਕਦੇ ਪਿੱਠ ਨਾ ਵਿਖਾਈ।

ਬਹਾਦਰ ਜਰਨੈਲ ਸਰਦਾਰ ਹਰੀ ਸਿੰਘ ਦੀ ਜੀਵਨੀ ਕਲਮ ਦੁਆਰਾ ਕੁਝ ਕਲਪਿਤ ਜਿਹੀ ਜਾਪਦੀ ਹੈ, ਕਿਉਂਕਿ ਵੀਹਵੀਂ ਸਦੀ ਦੇ ਇਸ ਕਲਜੁਗੀ ਰਾਜ ਵਿਚ ਅਜੇਹੀਆਂ ਉੱਚ ਗੱਲਾਂ ਅਜੀਬ ਤੇ ਅਣੋਖੀਆਂ ਜਾਪਦੀਆਂ ਹਨ, ਪਰ ਅਸਲ ਵਿਚ ਇਤਿਹਾਸ ਇਸ ਬਾਰੇ ਸਹੀ ਤੇ ਜਿਊਂਦੀ-ਜਾਗਦੀ ਤਸਵੀਰ ਹੈ।



Digitized by Panjab Digital Library | www.panjabdigilib.org

## 'ਨਲੂਆ' ਨਾਂ ਦੀ ਮਹੱਤਤਾ :

ਸਭ ਤੋਂ ਪਹਿਲਾਂ ਇਸ ਬਾਰੇ ਜਾਣਨਾ ਅਤੀ ਜ਼ਰੂਰੀ ਹੈ ਕਿ ਸਰਦਾਰ ਹਰੀ ਸਿੰਘ ਦਾ ਉਪਨਾਮ 'ਨਲੂਆ' ਕਿਵੇਂ ਪਿਆ ਤੇ ਇਸ ਦੀ ਇਤਿਹਾਸ ਦੇ ਪੱਖੋਂ ਕੀ ਮਹਾਨਤਾ ਹੈ।

ਇਸ ਬਾਰੇ ਜੋ ਠੋਸ ਅਤੇ ਪੱਕੇ ਸਬੂਤ ਮਿਲਦੇ ਹਨ ਉਹ ਇਸ ਤਰ੍ਹਾਂ ਹਨ ਕਿ ਸਰਦਾਰ ਹਰੀ ਸਿੰਘ ਦਾ ਇਹ ਗੁਣ ਪ੍ਰਸਿੱਧ ਸੀ ਕਿ ਉਹ ਹਰ ਵੇਲੇ ਔਖੇ ਤੋਂ ਔਖੇ ਕੰਮਾਂ ਨੂੰ ਭੀ ਪਹਿਲਾਂ ਨਰਮੀ ਤੇ ਠਰੰਮ੍ਹੇ ਭਰੀ ਗੱਲ–ਬਾਤ ਨਾਲ ਨਜਿੱਠਣ ਦਾ ਯਤਨ ਕਰਦਾ ਸੀ, ਜੋ ਉਸ ਦੇ ਸੁਭਾਅ ਦਾ ਖ਼ਾਸ ਗੁਣ ਸੀ, ਇਸ ਗੁਣ ਦੇ ਸਦਕੇ ਹੀ ਉਹ ਸਿੱਖ ਰਾਜ ਦੀ ਏਡੀ ਉੱਚੀ ਸਿਪਹ ਸਾਲਾਰ ਦੀ ਪਦਵੀ ਉਤੇ ਪਹੁੰਚਿਆ ਸੀ।

ਇਤਿਹਾਸਕਾਰ ਸਰਦਾਰ ਹਰੀ ਸਿੰਘ ਨੂੰ ਰਾਜਾ ਨਲ ਦੇ ਸਮਾਨ ਮਹਾਨ ਦਾਨੀ ਤੇ ਆਪਣੇ ਸਮੇਂ ਦਾ ਅਦੁੱਤੀ ਯੋਧਾ ਮੰਨਦੇ ਹਨ। ਰਾਜਾ ਨਲ ਸ਼ੇਰ ਦੇ ਸਨਮੁੱਖ ਖਲੋ ਕੇ ਉਸ ਨੂੰ ਮਾਰਨ ਲਈ ਬੜੀ ਪ੍ਰਸਿੱਧਤਾ ਰਖਦਾ ਸੀ ਤੇ ਘਬਰਾਉਂਦਾ ਨਹੀਂ ਸੀ। ਰਾਜਾ ਨਲ ਦੇ ਇਹ ਗੁਣ ਪੂਰੀ ਤਰ੍ਹਾਂ ਸਰਦਾਰ ਹਰੀ ਸਿੰਘ ਨਾਲ ਮਿਲਦੇ ਸਨ। ਨਲੂਆ ਦੇ ਅਰਥ ਸ਼ੇਰ ਨੂੰ ਮਾਰਨ ਵਾਲਾ ਜਾਂ ਸ਼ੇਰ ਅਫ਼ਗਨ ਹੈ, ਕਿਉਂਕਿ ਸਰਦਾਰ ਹਰੀ ਸਿੰਘ ਨੇ ਵੀ ਆਪਣੇ ਸਨਮੁੱਖ ਆਏ ਸ਼ੇਰ ਨੂੰ ਮਾਰਿਆ ਸੀ। ਇਹਨਾਂ ਗੁਣਾਂ ਕਰਕੇ ਹੀ ਉਸ ਨੂੰ ਨਲ ਰਾਜੇ ਦਾ ਸਾਨੀ ਸਮਝ ਕੇ 'ਨਲ' ਨਾਂ ਦਾ 'ਉਪਨਾਮ' ਮਿਲਿਆ ਜੋ ਬਾਦ ਵਿਚ ਬੋਲਚਾਲ ਦੀ ਤਬਦੀਲੀ ਨੇ 'ਨਲੂਆ' ਪ੍ਰਸਿੱਧ ਕਰ ਦਿੱਤਾ।

## ਸਰਦਾਰ ਹਰੀ ਸਿੰਘ ਨਲੂਏ ਦਾ ਬਾਲਪਨ :

ਸਰਦਾਰ ਹਰੀ ਸਿੰਘ ਨਲੂਏ ਦਾ ਜਨਮ ਸੰਨ ੧੭੯੧ ਈਸਵੀ ਨੂੰ ਮਸ਼ਹੂਰ ਸ਼ਹਿਰ ਗੁੱਜਰਾਂਵਾਲੇ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਂ ਸਰਦਾਰ ਗੁਰਦਿਆਲ ਸਿੰਘ ਅਤੇ ਮਾਤਾ ਦਾ ਨਾਂ ਸਰਦਾਰਨੀ ਧਰਮ ਕੌਰ ਸੀ। ਇਹ ਉੱਪਲ ਖੱਤਰੀ ਸਨ। ਸਰਦਾਰ ਗੁਰਦਿਆਲ ਸਿੰਘ ਸ਼ੁਕਰਚੱਕੀਆਂ ਮਿਸਲ ਦੇ ਕੁਮੇਦਾਨ ਸਨ। ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਵੀ ਇਸੇ ਸ਼ਹਿਰ ਤੇ ਮਿਸਲ ਸ਼ੁਕਰਚੱਕੀਆਂ ਨਾਲ ਲਹੂ–ਮਾਸ ਦਾ ਸੰਬੰਧ ਰਖਦੇ ਸਨ, ਜਿਸ ਕਰ ਕੇ ਇਸ ਸ਼ਹਿਰ ਨੂੰ ਜਗਤ ਪ੍ਰਸਿੱਧ ਵਿਅੱਕਤੀਆਂ ਦੇ ਜਨਮ ਦੇਣ ਦਾ ਮਾਣ ਹੈ। ਸਰਦਾਰ ਹਰੀ ਸਿੰਘ ਦਾ ਬਾਲਪਨ ਬੜੇ ਲਾਡਾਂ ਤੇ ਚਾ-ਮਲਾਰਾਂ ਵਿਚ ਗੁਜ਼ਰਿਆ। ਆਪ ਨੂੰ ਹਰ ਤਰ੍ਹਾਂ ਦੇ ਸੁਖ ਅਤੇ ਅਨੰਦ ਪ੍ਰਾਪਤ ਸਨ।



Digitized by Panjab Digital Library | www.panjabdigilib.org

## ਮੁੱਢਲੀ ਵਿਦਿਆ :

ਜਦ ਆਪ ਜ਼ਰਾ ਬਾਲਪਨ ਤੋਂ ਉਪਰ ਉਠੇ ਤਾਂ ਆਪ ਜੀ ਦੀ ਵਿਦਿਆ ਵੱਲ ਖ਼ਾਸ ਧਿਆਨ ਦਿੱਤਾ ਗਿਆ । ਇਨ੍ਹਾਂ ਦੇ ਪਿਤਾ ਇਨ੍ਹਾਂ ਨੂੰ ਇਕ ਚੰਗੇ ਵਿਦਵਾਨ ਬਣਾਉਣਾ ਚਾਹੁੰਦੇ ਸਨ। ਇਸ ਕਾਰਜ ਲਈ ਉਹਨਾਂ ਅਰੰਭ ਵਿਚ ਹੀ ਇਕ ਵਿਦਵਾਨ ਸਿੰਘ, ਜੋ ਕਿ ਬਾਲਕਾਂ ਨੂੰ ਗੁਰਮੁਖੀ ਵਿਚ ਧਾਰਮਿਕ ਵਿਦਿਆ ਦਿਆ ਕਰਦੇ ਸਨ ਅਤੇ ਇਕ ਮੌਲਵੀ ਸਾਹਿਬ, ਜੋ ਕਿ ਫ਼ਾਰਸੀ ਵਿਦਿਆ ਪੜ੍ਹਾਇਆ ਕਰਦੇ ਸਨ, ਨਿਯੁਕਤ ਕੀਤੇ ।

"ਹੋਣਹਾਰ ਬਿਰਵਾਨ ਕੇ ਹੋਤ ਚੀਕਨੇ ਪਾਤ ।" ਇਸ ਕਥਨ ਦੇ ਅਨੁਸਾਰ ਬਾਲ ਹਰੀ ਸਿੰਘ ਬਚਪਨ ਤੋਂ ਹੀ ਵਧੇਰੇ ਸੁਘੜ ਤੇ ਉੱਚੀ ਅਕਲ ਦਾ ਮਾਲਕ ਸੀ। ਉਹ ਬੜੇ ਡੂੰਘੇ ਡੂੰਘੇ ਪ੍ਰਸ਼ਨ ਕਰਿਆ ਕਰਦਾ ਸੀ। ਉਸ ਦੇ ਦਿਲ ਵਿਚ ਨਵੇਂ ਤੋਂ ਨਵਾਂ ਗਿਆਨ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ ਸੀ।

## ਬਾਲ ਹਰੀ ਸਿੰਘ ਦਾ ਯਤੀਮ ਹੋਣਾ :

ਬਾਲ ਹਰੀ ਸਿੰਘ ਨੇ ਅਜੇ ਪੂਰੀ ਤਰ੍ਹਾਂ ਸੁਰਤ ਵੀ ਨਹੀਂ ਸੰਭਲੀ ਸੀ ਕਿ ਆਪ ਦੇ ਪਿਤਾ ਸਰਦਾਰ ਗੁਰਦਿਆਲ ਸਿੰਘ ਜੀ ਅਕਾਲ ਚਲਾਣਾ ਕਰ ਗਏ। ਬਾਲ ਹਰੀ ਸਿੰਘ ਦੀ ਉਮਰ ਉਸ ਸਮੇਂ ਅਜੇ ਮਸਾਂ ਸੱਤ ਕੁ ਸਾਲ ਦੀ ਹੀ ਸੀ, ਜਿਸ ਕਰਕੇ ਵਿਦਿਆ ਪ੍ਰਾਪਤੀ ਵਿਚ ਖ਼ਾਸ ਤੌਰ ਤੇ ਵਿਘਨ ਪਿਆ। ਇਸ ਤੋਂ ਮਗਰੋਂ ਇਹਨਾਂ ਦੀ ਪਾਲਣਾ-ਪੋਸਣਾ ਨਾਨਕੇ ਘਰ ਹੋਈ ਤੇ ਉਥੇ ਆਪ ਨੂੰ ਹਰ ਪ੍ਰਕਾਰ ਦਾ ਸੁਖ ਪਹੁੰਚਾਉਣ ਲਈ ਕੋਸ਼ਿਸ਼ ਕੀਤੀ ਗਈ ਤਾਕਿ ਪਿਤਾ ਦਾ ਵਿਯੋਗ ਆਪ ਦੇ ਮਨ ਤੇ ਅਸਰ ਨਾ ਕਰ ਸਕੇ। ਇਸ ਤਰ੍ਹਾਂ ਆਪ ਬਾਲ-ਅਵਸਥਾ ਵਿਚ ਹੀ ਯਤੀਮ ਹੋ ਗਏ।

ਪਰੰਤੂ ਇਹ ਕਿਸ ਨੂੰ ਪਤਾ ਸੀ ਕਿ ਇਹ ਸੱਤ ਸਾਲ ਦਾ ਬੱਚਾ, ਇਕ ਦਿਨ ਖ਼ਾਲਸਾ ਫ਼ੌਜ ਦਾ ਸਿਪਾਹ-ਸਾਲਾਰ ਜਾਂ ਕਮਾਂਡਰ-ਇਨ-ਚੀਫ਼ ਤੇ ਇਕ ਸਫਲ ਰਾਜ ਪ੍ਰਬੰਧਕ ਹੋਵੇਗਾ, ਜਿਸ ਦੇ ਆਪਣੇ ਨਾਂ ਦਾ ਸਿੱਕਾ ਕੇਵਲ ਕਸ਼ਮੀਰ ਵਿਚ ਹੀ ਨਹੀਂ, ਸਗੋਂ ਪਿਸ਼ਾਵਰ ਤੇ ਹਜ਼ਾਰੇ ਦੇ ਇਲਾਕੇ ਵਿਚ ਵੀ ਚੱਲੇਗਾ। ਸਿੱਖ ਰਾਜ ਤੋਂ ਪਿੱਛੋਂ ਇਲਾਕਿਆਂ ਨੂੰ ਫਤਹਿ ਕਰਨ ਲਈ ਅੰਗਰੇਜ਼ੀ ਹਕੂਮਤ ਵੀ, ਜਿਸ ਦੇ ਰਾਜ ਵਿਚ ਸੂਰਜ ਨਹੀਂ ਸੀ ਛਿਪਦਾ ਤੇ ਜੋ ਸਮੁੰਦਰ ਦੀਆਂ ਲਹਿਰਾਂ ਤੇ ਵੀ ਰਾਜ ਦਾ ਦਾਈਆ ਬੰਨ੍ਹਦੀ ਸੀ, ਇਹਨਾਂ ਪਠਾਣਾਂ ਨੂੰ ਵੱਸ ਨਾ ਕਰ ਸਕੀ, ਸਗੋਂ ਉਲਟਾ ਪਠਾਣਾਂ ਨੂੰ ਕਰ ਭਰਦੀ ਰਹੀ।

## ਵਿਦਿਅਕ ਤੇ ਰਾਜਨੀਤਕ ਸੂਝ :

ਭਾਵੇਂ ਸਰਦਾਰ ਹਰੀ ਸਿੰਘ ਉੱਚ ਵਿਦਿਆ ਹਾਸਲ ਕਰਨੋਂ ਅਸਮਰਥ ਰਿਹਾ,



Digitized by Panjab Digital Library | www.panjabdigilib.org

ਪਰ ਫਿਰ ਵੀ ਉਸ ਨੇ ਆਪਣੀ ਤੀਖਣ ਬੁੱਧੀ ਤੇ ਚਤੁਰਤਾ ਦੁਆਰਾ ਬੜੀ ਜਲਦੀ ਹੀ ਉਸ ਸਮੇਂ ਦੀਆਂ ਜ਼ਰੂਰੀ ਭਾਸ਼ਾਵਾਂ ਜਿਹਾ ਕਿ ਪੰਜਾਬੀ, ਫ਼ਾਰਸੀ ਤੇ ਪਸ਼ਤੋ ਚੰਗੀ ਤਰ੍ਹਾਂ ਸਿੱਖ ਲਈਆਂ। ਫ਼ਾਰਸੀ ਵਿਚ ਤਾਂ ਆਪ ਇੰਨੇ ਮਾਹਰ ਹੋ ਗਏ ਕਿ ਮਾਤ-ਭਾਸ਼ਾ ਦੀ ਤਰ੍ਹਾਂ ਲਿਖ ਤੇ ਬੋਲ ਸਕਦੇ ਸਨ। ਆਪ ਦੀ ਬੋਲ-ਚਾਲ ਦਾ ਢੰਗ ਵਿਦਵਾਨਾਂ ਵਾਲਾ, ਬੜਾ ਮਨਮੋਹਣਾ ਤੇ ਦਿਲ ਖਿੱਚਵਾਂ ਸੀ। ਆਪ ਉੱਚ ਕੋਟੀ ਦੇ ਪੜ੍ਹੇ ਲਿਖੇ ਵਿਦਵਾਨਾਂ ਵਾਂਗ ਢੁੱਕਵੇਂ-ਫੱਬਵੇਂ ਸ਼ਬਦਾਂ ਦਾ ਪ੍ਰਯੋਗ ਕਰਿਆ ਕਰਦੇ ਸਨ। ਆਪ ਬੜੇ ਦੂਰ ਅੰਦੇਸ਼ ਤੇ ਤਜਰਬੇ ਦੇ ਮਾਲਕ ਸਨ। ਯੂਰਪ ਬਾਰੇ ਵੀ ਆਪ ਨੂੰ ਕਾਫ਼ੀ ਗਿਆਨ ਸੀ। ਇਸੇ ਤਰ੍ਹਾਂ ਸ਼ੇਰਿ ਪੰਜਾਬ ਵਲੋਂ ਜਦੋਂ ਸਿੱਖ ਮਿਸ਼ਨ ਸੰਨ ੧੮੩੧ ਈਸਵੀ ਵਿਚ ਲਾਰਡ ਵਿਲੀਅਮ ਬੈਂਟਿੰਗ ਗਵਰਨਰ ਜਨਰਲ ਹਿੰਦ ਨੂੰ ਮਿਲਣ ਲਈ ਸ਼ਿਮਲੇ ਗਿਆ ਸੀ ਤਾਂ ਸਰਦਾਰ ਹਰੀ ਸਿੰਘ 'ਨਲੂਆ' ਉਸ ਮਿਸ਼ਨ ਦਾ ਮੋਢੀ ਸੀ। ਸਰਦਾਰ ਹਰੀ ਸਿੰਘ ਦੀ ਯੂਰਪ ਬਾਰੇ ਗਹਿਰੀ ਵਾਕਫ਼ੀਅਤ, ਈਸਟ ਇੰਡੀਆ ਕੰਪਨੀ ਦੀ ਪਾਲਿਸੀ ਦੇ ਸੰਬੰਧ ਵਿਚ ਸਰਦਾਰ ਦੇ ਮੂੰਹੋਂ ਖੁਫੀਆ ਗੱਲਾਂ ਸੁਣ ਕੇ ਸਾਰੇ ਅੰਗਰੇਜ਼ ਅਫ਼ਸਰ ਦੰਗ ਰਹਿ ਗਏ। ਸਰਦਾਰ ਹਰੀ ਸਿੰਘ ਦੀ ਬੋਲ-ਚਾਲ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿਘ ਦੇ ਨਾਲ ਮਿਲਦੀ-ਜੁਲਦੀ ਸੀ। ਸੁਭਾਅ ਵਿਚ ਠਰੰਮਾ ਤੇ ਨਿੱਘਾ-ਪਨ ਵੀ ਉਨ੍ਹਾਂ ਵਰਗਾ ਹੀ ਸੀ।

## ਜੰਗੀ ਹੁਨਰਾਂ ਦੀ ਮੁਹਾਰਤ :

ਸਰਦਾਰ ਹਰੀ ਸਿੰਘ ਨਲੂਏ ਨੇ ਆਪਣੇ ਬਾਲਪਨ ਦੇ ਪਹਿਲੇ ਚੌਦ੍ਹਾਂ-ਪੰਦਰਾਂ ਸਾਲਾਂ ਵਿਚ ਧਾਰਮਿਕ ਵਿਦਿਆ ਦੇ ਨਾਲ ਹੀ ਜੰਗੀ ਹੁਨਰ ਤੇ ਘੋੜ ਸਵਾਰੀ ਵੀ ਸਿੱਖ ਲਈ। ਇਸ ਤਰ੍ਹਾਂ ਘੋੜ ਸਵਾਰੀ, ਗਤਕਾਬਾਜ਼ੀ, ਨੇਜ਼ਾਬਾਜ਼ੀ ਤੇ ਤੀਰ ਕਮਾਨ ਦੇ ਹੁਨਰ ਵਿਚ ਵੀ ਜਿੰਨੀ ਨਿਪੁਣਤਾ ਜ਼ਰੂਰੀ ਸੀ, ਹਾਸਲ ਕਰ ਲਈ। ਜੰਗੀ ਹੁਨਰ ਦੇ ਪੱਖੋਂ ਉਸ ਵੇਲੇ ਕੋਈ ਟਾਂਵਾਂ ਟਾਂਵਾਂ ਜੋਧਾ ਹੀ ਆਪ ਦੀ ਟੱਕਰ ਦਾ ਵੇਖਣ ਵਿਚ ਆਉਂਦਾ ਸੀ। ਅਕਾਲ ਪੁਰਖ ਨੇ ਆਪ ਲਈ ਸਾਰੀਆਂ ਹੀ ਦਾਤਾਂ ਦੇ ਦਰ ਖੋਹਲ ਰੱਖੇ ਸਨ। ਸਰਦਾਰ ਹੋਰੀਂ ਤੀਰ ਅਤੇ ਬੰਦੂਕ ਦਾ ਨਿਸ਼ਾਨਾ ਲਾਉਣ ਵਿਚ ਇੰਨੇ ਮਾਹਰ ਸਨ ਕਿ ਹਰ ਕੋਈ ਦੇਖ ਕੇ ਹੈਰਾਨ ਰਹਿ ਜਾਂਦਾ ਸੀ।

## ਸਰੀਰਕ ਬਲ ਤੇ ਪ੍ਰਭਾਵ :

ਜੰਗੀ ਹੁਨਰਾਂ ਦੇ ਨਾਲੋਂ ਨਾਲ ਸਰਦਾਰ ਹਰੀ ਸਿੰਘ ਨੂੰ ਵਿਧਾਤਾ ਨੇ ਐਸਾ ਮਨ-ਮੋਹਣਾ ਸਰੂਪ, ਸੁਡੌਲ, ਬਲ ਵਾਲਾ ਤੇ ਫੁਰਤੀਲਾ ਸਰੀਰ ਬਖਸ਼ਿਆ ਸੀ ਕਿ ਦੇਖਣ ਵਾਲਾ ਪਹਿਲੀ ਨਿਗਾਹ ਵਿਚ ਹੀ, ਮੋਹਿਤ ਹੋ ਜਾਂਦਾ ਸੀ। ਸਰਦਾਰ ਹੁਰਾਂ ਦੇ ਸਰੀਰ ਦੀ ਬਣਤਰ



Digitized by Panjab Digital Library | www.panjabdigilib.org

ਹੀ ਵਿਧਾਤਾ ਨੇ ਐਸੀ ਘੜੀ ਸੀ ਕਿ ਇਤਿਹਾਸ ਦੀਆਂ ਸਤਰਾਂ ਪੜ੍ਹਦਿਆਂ ਹੀ ਆਪ ਦੀ ਉਹ ਹੂ-ਬ-ਹੂ ਤਸਵੀਰ ਸਾਹਮਣੇ ਆ ਜਾਂਦੀ ਹੈ, ਜਿਸ ਤੋਂ ਅਫਗਾਨੀ ਬਹਾਦਰ ਕੰਮ ਥਰ ਥਰ ਕੰਬਦੀ ਸੀ। ਹਰੀ ਸਿੰਘ ਨਲੂਏ ਦਾ ਕੱਦ ਖ਼ਾਸਾ ਉੱਚਾ ਸੀ, ਸਰੀਰ ਫੁਰਤੀਲਾ ਲਸ਼ ਲਸ਼ ਕਰਦਾ, ਨਾ ਬਹੁਤਾ ਪਤਲਾ ਤੇ ਨਾ ਬਹੁਤਾ ਭਾਰੀ ਸੀ। ਚਿਹਰਾ ਬਹੁਤ ਤੇਜ਼ ਜਲਾਲ ਵਾਲਾ ਸੀ। ਵੇਖਣ ਵਾਲੇ ਤੇ ਐਸਾ ਪ੍ਰਭਾਵ ਪੈਂਦਾ ਸੀ ਕਿ ਉਹ ਆਪਣੇ ਆਪ ਹੀ ਇਸ ਵਰਿਆਮ ਯੋਧੇ ਅਗੇ ਝੁਕ ਜਾਂਦਾ ਸੀ। ਅਨੇਕਾਂ ਵਾਰ ਕਈ ਸੂਰਬੀਰ ਆਦਮੀ ਆਪਣੇ ਮਨ ਅੰਦਰ ਕਈ ਵਿਚਾਰ ਲੈ ਕੇ ਆਉਂਦੇ, ਪਰ ਸਰਦਾਰ ਜੀ ਦੇ ਦਗ ਦਗ ਕਰਦੇ ਚਿਹਰੇ ਅਗੇ ਆ ਕੇ ਆਪਣੀ ਇੱਛਾ ਭੁਲਦਿਆਂ ਉਹਨਾਂ ਦੀ ਇੱਛਾ ਹੀ ਪਰਵਾਨ ਕਰਕੇ ਵਾਪਸ ਪਰਤ ਜਾਂਦੇ। ਰਣ ਦੇ ਮੈਦਾਨ ਵਿਚ ਕਈ ਲੋਕ ਜੋ ਆਪਣੇ ਆਪ ਨੂੰ ਬੜੇ ਮਾਹਰ ਸਮਝਦੇ ਸਨ, ਜਦ ਸਰਦਾਰ ਹਰੀ ਸਿੰਘ ਦੇ ਨਾਲ ਭੇਟ ਹੁੰਦੀ ਤਾਂ ਹਥਿਆਰ ਛੱਡ ਕੇ ਆਪਣੀ ਜਾਨ ਬਖ਼ਸ਼ਾਈ ਕਰਵਾਉਂਦੇ ਸਨ। ਅਫ਼ਗਾਨਿਸਤਾਨ ਦਾ ਬਹਾਦਰ ਯੋਧਾ ਮੁਹੰਮਦ ਅਜ਼ੀਮ ਖ਼ਾਨ, ਜੋ ਕਿ ਆਪਣੇ ਆਪ ਨੂੰ ਸਭ ਤੋਂ ਤਾਕਤਵਰ ਸਮਝਦਾ ਸੀ, ਸੰਨ ੧੮੨੩ ਈਸਵੀ ਵਿਚ ਜਦ ਉਸ ਦੀ ਖ਼ੇਸ਼ਗੀ ਦੇ ਮੈਦਾਨ ਵਿਚ ਆਪ ਜੀ ਦੇ ਨਾਲ ਭੇਟ ਹੋਈ ਤਾਂ ਬੱਸ ਫੇਰ ਕੀ ਸੀ ਕਿ ਆਪ ਦਾ ਰੋਹਬ ਐਸਾ ਛਾਇਆ ਕਿ ਉਹ ਜੰਗ ਦੇ ਮੈਦਾਨ ਵਿਚੋਂ ਹੀ ਕਿਧਰੇ ਛਾਈਂ-ਮਾਈਂ ਹੋ ਗਿਆ।

## ਸੁਭਾਅ :

ਸਰਦਾਰ ਹਰੀ ਸਿੰਘ ਦੇ ਨੇਕ ਸੁਭਾਅ ਦੀ ਕੋਈ ਦਾਦ ਨਹੀਂ ਦੇ ਸਕਦਾ ਕਿਉਂਕਿ ਉਸ ਵਿਚ ਠਰੰਮਾ, ਦੂਰ ਅੰਦੇਸ਼ੀ ਅਤੇ ਬਖਸ਼ਣ ਦੀ ਰੀਤ ਸੀ। ਆਪ ਕਿਸੇ ਤੇ ਪਹਿਲਾਂ ਵਾਰ ਨਹੀਂ ਕਰਦੇ ਸਨ। ਜੋ ਇਹਨਾਂ ਤੇ ਵਾਰ ਕਰਦਾ ਸੀ ਉਸ ਦੇ ਛੱਕੇ ਛੁੜਾ ਦਿੰਦੇ ਸਨ। ਵੈਰੀ ਨੂੰ ਅਜਿਹੀ ਨਾਨੀ ਚੇਤੇ ਕਰਵਾਉਂਦੇ ਕਿ ਉਹ ਫੇਰ ਕਦੇ ਉਠਣ ਜੋਗਾ ਨਹੀਂ ਸੀ ਰਹਿੰਦਾ। ਆਪ ਆਪਣੇ ਸਿਪਾਹੀਆਂ ਨੂੰ ਪਰਿਵਾਰ ਦੀ ਤਰ੍ਹਾਂ ਸਮਝਦੇ ਸਨ। ਉਹਨਾਂ ਦੇ ਦੁਖ ਸੁਖ ਵਿਚ ਹਮੇਸ਼ਾ ਸਹਾਈ ਹੁੰਦੇ ਸਨ। ਇਥੋਂ ਤਕ ਕਿ ਆਪ ਏਕਾਂਤ ਵਾਸ ਦੀ ਥਾਵੇਂ ਜਨਤਾ ਦੇ ਇਕੱਠ ਵਿਚ ਰਹਿ ਕੇ ਜ਼ਿਆਦਾ ਖ਼ੁਸ਼ ਹੁੰਦੇ ਸਨ।

## ਸਰਦਾਰ ਹਰੀ ਸਿੰਘ ਦੇ ਮੁੱਢਲੇ ਕਰਤੱਵ :

ਬਾਲ ਹਰੀ ਸਿੰਘ ਨੇ ਆਪਣੇ ਮਹਾਨ ਕਰਤੱਵਾਂ ਕਰਕੇ ਹੀ ਸਿੱਖ ਰਾਜ ਵਿਚ ਏਨੀ ਪ੍ਰਸਿੱਧਤਾ ਪ੍ਰਾਪਤ ਕੀਤੀ। ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ, ਜੋ ਕਿ ਸਿੱਖ ਰਾਜ ਦਾ ਮੋਢੀ, ਪਰਉਪਕਾਰੀ ਤੇ ਪੰਜਾਂ ਦਰਿਆਵਾਂ ਦੀ ਧਰਤੀ ਤੇ ਵੱਸਣ ਵਾਲੇ ਲੋਕਾਂ ਦਾ ਪਾਤਸ਼ਾਹ



Digitized by Panjab Digital Library | www.panjabdigilib.org

ਹੋਇਆ ਹੈ, ਸਰਦਾਰ ਹਰੀ ਸਿਘ ਵੀ ਉਸੇ ਦੀ ਫ਼ੌਜ ਦੇ ਦਿਲਾਂ ਦਾ ਮਾਲਿਕ ਸੀ।

ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਤਨ,ਮਨ ਪੰਜਾਬੀਆਂ ਦੇ ਬੱਚਿਆਂ ਦੀ ਉੱਨਤੀ ਤੇ ਪਿਆਰ ਨਾਲ ਰਗ ਰਗ ਤਾਈਂ ਭਰਿਆ ਹੋਇਆ ਸੀ। ਖ਼ਾਸ ਤੌਰ ਤੇ ਉਹ ਖ਼ਾਲਸਾ ਕੌਮ ਦੇ ਨੌਜਵਾਨਾਂ ਨੂੰ ਇਕ ਅਜਿਹੇ ਰੂਪ ਵਿਚ ਬਦਲ ਦੇਣਾ ਚਾਹੁੰਦਾ ਸੀ ਤਾਂਕਿ ਉਨ੍ਹਾਂ ਦੀ ਬਹਾਦਰ ਕੌਮ ਜਰਵਾਣਿਆਂ ਤੇ ਯੋਧਿਆਂ ਢਾਲ ਨਾ ਕੇਵਲ ਭਰਪੂਰ ਹੀ ਹੋਵੇ, ਸਗੋਂ ਦੁਨੀਆਂ ਵਿਚ ਉਨ੍ਹਾਂ ਦੀ ਸੂਰਬੀਰਤਾ ਦੀ ਧਾਂਕ ਵੀ ਬੈਠ ਜਾਵੇ।

ਇਸ ਮੰਤਵ ਲਈ ਮਹਾਰਾਜਾ ਸਾਹਿਬ ਹਰ ਸਾਲ ਬਸੰਤ ਪੰਚਮੀ ਦੇ ਦਿਨਾਂ ਵਿਚ ਲਾਹੌਰ ਵਿਖੇ ਕਈ ਕਈ ਦਿਨ ਅਜਿਹਾ ਉਤਸਵ ਮਨਾਇਆ ਕਰਦਾ ਸੀ ਤੇ ਉਸ ਵਿਚ ਪੰਜਾਬ ਦੇ ਹਰ ਕੋਨੇ ਤੋਂ ਨੌਜਵਾਨ ਬੜਾ ਉਤਸਾਹ ਲੈ ਕੇ ਇਕੱਠੇ ਹੋਇਆ ਕਰਦੇ ਸਨ। ਇਸ ਖੁਸ਼ੀ ਭਰੇ ਮੌਕੇ ਤੇ ਹਰ ਕੌਮ ਦੇ ਨੌਜਵਾਨ ਆਪੋ ਆਪਣੇ ਜੰਗੀ ਕਰਤੱਵ ਅਤੇ ਸਰੀਰਕ (ਜਿਸਮਾਨੀ) ਤਾਕਤ ਦੇ ਕਮਾਲ ਦੱਸਿਆ ਕਰਦੇ ਸਨ। ਇਹ ਤਿਆਰੀ ਉਹ ਬੜੇ ਚਾਵਾਂ ਅਤੇ ਨਵੀਆਂ ਉਮੰਗਾਂ ਦੁਆਰਾ ਕਰਿਆ ਕਰਦੇ ਸਨ, ਕਿਉਂ ਜੋ ਮਹਾਰਾਜਾ ਉਨ੍ਹਾਂ ਦੇ ਇਹ ਉੱਚ ਕਰਤਵ ਅਤੇ ਚਮਤਕਾਰ ਦੇਖ ਕੇ ਉਨ੍ਹਾਂ ਨੂੰ ਨਕਦ ਇਨਾਮ ਤੇ ਜਗੀਰਾਂ ਦੀ ਅਪਾਰ ਬਖ਼ਸ਼ਸ਼ ਕਰਿਆ ਕਰਦਾ ਸੀ। ਉਨ੍ਹਾਂ ਦੇ ਹੌਸਲੇ ਬੁਲੰਦ ਕਰਿਆ ਕਰਦਾ ਸੀ। ਉਨ੍ਹਾਂ ਵਿਚੋਂ ਹੀ ਸਭ ਤੋਂ ਉੱਤਮ ਫ਼ੌਜੀ ਕਮਾਲ ਦਿਖਾਉਣ ਵਾਲਿਆਂ ਨੂੰ ਫ਼ੌਜ ਵਿਚ ਭਰਤੀ ਕਰਨ ਲਈ ਚੁਣਿਆ ਕਰਦਾ ਸੀ। ਜਨਤਾ ਲਈ ਖੁਸ਼ੀ ਦਾ ਪ੍ਰਗਟਾਵਾ ਸੀ। ਇਉਂ ਇਸ ਉਤਸਵ ਦੇ ਅਨੇਕਾਂ ਹੀ ਲਾਭ ਸਨ। ਸਭ ਤੋਂ ਵੱਡਾ ਲਾਭ ਸਿੱਖੇ ਸਿਖਾਏ ਤੇ ਤਿਆਰ ਬਰ-ਤਿਆਰ ਨੌਜਵਾਨ ਆਸਾਨੀ ਨਾਲ ਮਿਲ ਜਾਇਆ ਕਰਦੇ ਸਨ। ਇਸ ਤਰ੍ਹਾਂ ਹਰੇਕ ਘਰ ਵਿਚ ਫ਼ੌਜੀ ਕੰਮਾਂ ਵਿਚ ਦਿਲਚਸਪੀ ਰੱਖਣ ਵਾਲੇ ਵਲੰਟੀਅਰ ਮੌਜੂਦ ਸਨ। ਇਸ ਉਤਸਵ ਦੇ ਸਦਕੇ ਆਮ ਜਨਤਾ ਨਾਲ ਸਰਕਾਰ ਦਾ ਸੁਹਣਾ ਮੇਲ-ਜੋਲ ਬਣਿਆ ਰਹਿੰਦਾ ਸੀ।

## ਸੰਨ ੧੮੦੫ ਈਸਵੀ ਵਿਚ ਬਸੰਤ ਪੰਚਮੀ ਦਾ ਉਤਸਵ :

ਸੰਨ ੧੮੦੫ ਈਸਵੀ ਵਿਚ ਲਾਹੌਰ ਵਿਖੇ ਬਸੰਤ ਪੰਚਮੀ ਦੇ ਸ਼ੁਭ ਅਵਸਰ ਤੇ ਜੋ ਉਤਸਵ ਮਨਾਇਆ ਗਿਆ, ਉਸ ਵਿਚ ਦੂਰ ਦੂਰ ਤੋਂ ਗਠੀਲੇ ਤੇ ਸੁਡੌਲ ਬਲੀ ਨੌਜਵਾਨ ਮਹਾਰਾਜੇ ਦੇ ਦਰਬਾਰ ਵਿਚ ਮੌਜੂਦ ਸਨ। ਇਸ ਵਾਰ ਪਹਿਲਾਂ ਨਾਲੋਂ ਵੀ ਕਈ ਗੁਣਾਂ ਵਧੇਰੇ ਇਕਠ ਸੀ। ਸਭ ਨੇ ਵਾਰੋ ਵਾਰੀ ਆਪੋ ਆਪਣੇ ਕਮਾਲ ਦੱਸੇ। ਹਰ ਪਾਸੇ ਜਨਤਾ ਇਸ ਉਤਸਵ ਦੀਆਂ ਖੁਸ਼ੀਆਂ ਦੀ ਹਾਮੀ ਭਰ ਰਹੀ ਸੀ।

ਸਾਰੇ ਲੋਕਾਂ ਦੀਆਂ ਨਜ਼ਰਾਂ ਇਨ੍ਹਾਂ ਕਮਾਲ ਦੱਸਣ ਵਾਲੇ ਨੌਜਵਾਨਾਂ ਤੇ ਟਿਕੀਆਂ



Digitized by Panjab Digital Library | www.panjabdigilib.org

ਹੋਈਆਂ ਸਨ। ਇੰਨੇ ਨੂੰ ਇਕ ਲੰਮੇ ਕੱਦ ਵਾਲਾ ਨੌਜਵਾਨ ਲੋਕਾਂ ਦੀਆਂ ਨਜ਼ਰਾਂ ਸਾਹਮਣੇ ਆਇਆ, ਜਿਸ ਦੀ ਤੋਰ ਵਿਚ ਇਕ ਅਜੀਬ ਕਿਸਮ ਦਾ ਵੇਗ ਸੀ, ਚਿਹਰੇ ਤੇ ਜਲਾਲ ਸੀ, ਰੋਹਬ ਸੀ। ਅਖਾੜੇ ਵਿਚ ਪੁਜਦਿਆਂ ਹੀ ਉਸ ਨੇ ਮਹਾਰਾਜੇ ਨੂੰ ਸੀਸ ਝੁਕਾਉਂਦਿਆਂ ਹੋਇਆਂ ਆਪਣੇ ਕਰਤੱਵਾਂ ਨੂੰ ਛੋਹਿਆ। ਸਭ ਦੀਆਂ ਨਜ਼ਰਾਂ ਇਸ ਡੀਲ-ਡੌਲ ਵਾਲੇ ਅਨੋਖੇ ਗੱਭਰੂ ਤੇ ਜੁੜੀਆਂ ਹੋਈਆਂ ਸਨ। ਇਹ ਨੌਜਵਾਨ ਗੱਤਕਾਬਾਜ਼ੀ ਤੇ ਸਰੀਰਕ ਕਰਤੱਵਾਂ ਦੀਆਂ ਅਜਿਹੀਆਂ ਕਰਾਮਾਤਾਂ ਦਿਖਾ ਦਿਖਾ ਕੇ ਲੋਕਾਂ ਨੂੰ ਅਚੰਭਤ ਕਰ ਰਹਿਆ ਸੀ ਕਿ ਜਿਵੇਂ ਇਕ ਜਾਦੂਗਰ ਆਪਣੀ ਜਾਦੂਗਰੀ ਨਾਲ ਲੋਕਾਂ ਦੇ ਮਨਾਂ ਨੂੰ ਕੀਲਦਾ ਹੈ। ਸਾਰੇ ਦਰਸ਼ਕ ਉਸ ਦੇ ਇਸ ਜਾਦੂ ਉਤੇ ਮੋਹਿਤ ਹੋਏ ਪਏ ਸਨ। ਸ਼ੇਰਿ-ਪੰਜਾਬ ਇਸ ਨੌਜਵਾਨ ਦੇ ਅਲੌਕਿਕ ਚਮਤਕਾਰ ਦੇਖ ਕੇ ਇੰਨਾ ਪ੍ਰਸੰਨ ਹੋਇਆ ਕਿ ਉਹ ਆਪਣੀ ਖੁਸ਼ੀ ਨੂੰ ਠੱਲ੍ਹ ਨਾ ਸਕਿਆ ਤੇ ਝੱਟ ਹੀ ਆਪਣੇ ਗਲ ਵਾਲਾ ਬਹੁ-ਮੁੱਲਾ, ਹੀਰੇ ਜਵਾਹਰਾਤਾਂ ਦਾ ਕੰਠਾ ਇਸ ਸੁਹਣੇ ਨੌਜਵਾਨ ਦੇ ਗਲ ਵਿਚ ਪਾ ਦਿੱਤਾ ਤੇ ਉਸ ਦੀ ਬਹਾਦਰੀ ਦੀ ਦਾਦ ਦਿੱਤੀ।

## ਨੌਜਵਾਨ ਹਰੀ ਸਿੰਘ ਦਾ ਖ਼ਾਲਸਾ ਫ਼ੌਜ ਵਿਚ ਭਰਤੀ ਹੋਣਾ :

ਮਹਾਰਾਜਾ ਉਸ ਦੇ ਫ਼ੌਜੀ ਕਰਤੱਵਾਂ ਤੇ ਬਹੁਤ ਹੀ ਖੁਸ਼ ਸੀ, ਇਸ ਲਈ ਉਸ ਨੂੰ ਹੋਰ ਵੀ ਮਾਣ ਦੇਣ ਲਈ ਆਪਣੀ ਨਿੱਜੀ ਖ਼ਿਦਮਤ ਤੋਂ ਹਟਾ ਕੇ ਖ਼ਾਲਸਾ ਫੌਜ ਵਿਚ ਭਰਤੀ ਕਰ ਲਿਆ। ਸ਼ੇਰਿ-ਪੰਜਾਬ ਨੇ ਹਰੀ ਸਿੰਘ ਨੂੰ ਜਦ ਉਸ ਦੇ ਘਰਾਣੇ ਬਾਰੇ ਪੁੱਛ-ਗਿੱਛ ਕੀਤੀ ਤਾਂ ਹੋਰ ਵੀ ਖੁਸ਼ੀ ਹੋਈ, ਕਿਉਂ ਜੋ ਇਹ ਬਾਂਕਾ ਨੌਜਵਾਨ ਸਰਦਾਰ ਗੁਰਦਿਆਲ ਸਿੰਘ ਦਾ ਸਪੁੱਤਰ ਸੀ, ਜੋ ਕਿ ਪਹਿਲਾਂ ਸਰਦਾਰ ਮਹਾਂ ਸਿੰਘ ਤੇ ਫੇਰ ਮਹਾਰਾਜੇ ਦੀ ਮਿਸਲ ਦਾ ਕੁਮੇਦਾਨ ਰਹਿ ਚੁਕਾ ਸੀ, ਜਿਸ ਤੇ ਮਹਾਰਾਜੇ ਨੂੰ ਇਸ ਬੱਚੇ ਨਾਲ ਹੋਰ ਵੀ ਨੇੜਤਾ ਹੋ ਗਈ। ਇਸ ਤਰ੍ਹਾਂ ਨੌਜਵਾਨ ਹਰੀ ਸਿੰਘ ਨੇ ਖ਼ਾਲਸਾ ਫ਼ੌਜ ਵਿਚ ਕਾਫ਼ੀ ਮਾਨਤਾ ਪਾਈ ਤੇ ਉਹ ਦਿਨ ਬ-ਦਿਨ ਚੜ੍ਹਦੀਆਂ ਕਲਾਂ ਵਿਚ ਜਾਣ ਲਗਿਆ।

## ਸ਼ੇਰ ਮਾਰਨਾ :

ਇਕ ਦਿਨ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਸਰਦਾਰ ਹਰੀ ਸਿੰਘ ਨਲਵੇ ਨੂੰ ਵੀ ਬਾਹਰ ਬੇਲੇ ਵਿਚ ਸ਼ਿਕਾਰ ਖੇਡਣ ਜਾਣ ਦਾ ਮੌਕਾ ਬਣਿਆ। ਅਜੇ ਉਹ ਬੇਲੇ ਵਿਚ ਪਹੁੰਚੇ ਹੀ ਸਨ ਕਿ ਹਰੀ ਸਿੰਘ, ਜੋ ਕਿ ਮਹਾਰਾਜੇ ਤੋਂ ਕੁਝ ਫ਼ਾਸਲੇ ਨਾਲ ਆ ਰਿਹਾ ਸੀ, ਅਚਾਣਕ ਹੀ ਇਕ ਬੱਬਰ ਸ਼ੇਰ ਬੜੀ ਤੇਜ਼ੀ ਨਾਲ ਉਸ ਦੇ ਉਤੇ ਝਪਟਿਆ, ਪਰ ਸਰਦਾਰ ਹਰੀ ਸਿੰਘ ਨੇ ਪਹਿਲਾਂ ਹੀ ਬੜੀ ਤੇਜ਼ੀ ਨਾਲ ਢਾਲ ਉਤੇ ਉਸ ਦਾ ਵਾਰ ਰੋਕਿਆ ਤੇ ਤੇਜ਼



Digitized by Panjab Digital Library | www.panjabdigilib.org

ਤਲਵਾਰ ਨਾਲ ਸ਼ੇਰ ਦੇ ਦੋ ਟੁਕੜੇ ਕਰ ਦਿੱਤੇ।

ਮਹਾਰਾਜਾ ਇਹ ਨਜ਼ਾਰਾ ਅੱਖਾਂ ਸਾਹਮਣੇ ਵੇਖ ਕੇ ਬਹੁਤ ਪ੍ਰਸੰਨ ਹੋਇਆ। ਮਹਾਰਾਜੇ ਦੇ ਹੁਕਮ ਨਾਲ ਉਸੇ ਸਮੇਂ ਦਰਬਾਰੀ ਚਿਤ੍ਰਕਾਰ ਪੰਡਿਤ ਬਿਹਾਰੀ ਤੋਂ, ਜੋ ਕਿ ਉਸ ਸਮੇਂ ਨਾਲ ਹੀ ਮੌਜਦ ਸੀ, ਇਸ ਘਟਨਾ ਦਾ ਪ੍ਰਭਾਵਸ਼ਾਲੀ ਚਿੱਤ੍ਰ ਬਣਵਾਇਆ ਗਿਆ, ਜਿਸ ਵਿਚ ਹਰੀ ਸਿੰਘ ਅਤੇ ਸ਼ੇਰ ਦੀ ਲੜਾਈ ਦਾ ਹੂ-ਬ-ਹੂ ਦ੍ਰਿਸ਼ ਚਿਤ੍ਰਿਆ ਹੋਇਆ ਸੀ। ਉਸ ਚਿਤ੍ਰ ਦਾ ਇਕ ਉਤਾਰਾ ਸਰਦਾਰ ਹਰੀ ਸਿੰਘ ਨਲਵੇ ਨੂੰ ਵੀ ਦਿੱਤਾ ਗਿਆ। ਉਸੇ ਚਿਤ੍ਰ ਦੀ ਇਕ ਨਕਲ ਸਰਦਾਰ ਹਰੀ ਸਿੰਘ ਨੇ ਜਗਤ ਪ੍ਰਸਿੱਧ ਯਾਤਰੂ ਮਿਸਟਰ ਬੈਰਨ ਹੂਗਲ ਨੂੰ ਦਿੱਤੀ, ਜਿਸ ਨੂੰ ਦੇਖ ਕੇ ਉਹ ਬੜਾ ਹੀ ਪ੍ਰਸੰਨ ਹੋਇਆ। ਇਸ ਘਟਨਾ ਕਾਰਣ ਹੀ 'ਨਲੂਆ' ਨਾਂ ਤੋਂ ਜਾਣੂੰ ਹੋਣ ਦੀ ਮਹੱਤਤਾ ਬਾਰੇ ਖੋਜ ਕਰਦਿਆਂ ਬੈਰਨ ਹੂਗਲ ਇਹ ਜਾਣ ਕੇ ਹੈਰਾਨ ਹੋਇਆ ਕਿ ਸਰਦਾਰ ਹਰੀ ਸਿੰਘ ਨੇ ਕਿਵੇਂ ਉਸ ਸ਼ੇਰ ਦਾ ਇਕ ਝਟਕੇ ਨਾਲ ਹੀ ਸਿਰ ਧੜ ਨਾਲੋਂ ਅੱਡ ਕਰ ਸੁੱਟਿਆ ਸੀ।

ਹੁਣ ਮਹਾਰਾਜੇ ਦੇ ਦਿਲ ਵਿਚ ਸਰਦਾਰ ਹਰੀ ਸਿੰਘ ਲਈ ਬੜੀ ਇੱਜ਼ਤ ਬਣ ਗਈ, ਜਿਸ ਕਾਰਣ ਮਹਾਰਾਜੇ ਨੇ ਦੂਜੇ ਦਿਨ ਹੀ ਹਰੀ ਸਿੰਘ ਨੂੰ ਬੁਲਾ ਕੇ 'ਸ਼ੇਰ ਦਿਲ' ਨਾਂ ਦੀ ਰਜਮੈਂਟ ਦਾ ਕਮਾਂਡਰ ਨੀਯਤ ਕਰ ਦਿੱਤਾ ਤੇ ਕਿਹਾ:—

"ਹਰੀ ਸਿੰਘ, ਤੂੰ ਤਾਂ ਰਾਜੇ 'ਨਲ' ਵਾਂਗ ਬਹਾਦਰ ਏਂ।" ਇਸ ਤਰ੍ਹਾਂ ਆਪ ਨੂੰ ਉਦੋਂ ਤੋਂ ਹੀ 'ਨਲ' ਦੀ ਥਾਂ 'ਨਲੂਆ' ਆਖਿਆ ਜਾਣ ਲੱਗ ਪਿਆ। ਇਹ ਖ਼ਿਤਾਬ ਮਹਾਰਾਜੇ ਨੇ ਹਰੀ ਸਿੰਘ ਨੂੰ ਇਸ ਬਹਾਦਰੀ ਸਦਕੇ ਦਿੱਤਾ।

ਮਹਾਰਾਜੇ ਦੇ ਮਨ ਵਿਚ ਅਜੇਹੇ ਬਹਾਦਰ ਜਵਾਨਾਂ ਲਈ ਅਥਾਹ ਪ੍ਰੇਮ ਸੀ, ਜਿਨ੍ਹਾਂ ਨੂੰ ਉਹ ਹੋਰ ਉੱਚਾ ਉਠਣ ਲਈ ਉਤਸਾਹਿਤ ਕਰਿਆ ਕਰਦਾ ਸੀ। ਨਲਵੇ ਬੀਰ ਦੀ ਇਸ ਅਦੁੱਤੀ ਬੀਰਤਾ ਤੇ ਨਿਧੜਕਤਾ ਨੂੰ ਦੇਖ ਕੇ ਅਗਲੇ ਦਿਨ ਹੀ ਭਰੇ ਹੋਏ ਦਰਬਾਰ ਵਿਚ ਮਹਾਰਾਜੇ ਨੇ ਉਸ ਨੂੰ ਉੱਚ ਪਦਵੀ ਬਖ਼ਸ਼ੀ। ਜਿਸ ਰਜਮੈਂਟ ਵਿਚ ਅੱਠ ਸੌ ਸਵਾਰ ਤੇ ਪੈਦਲ ਫ਼ੌਜ ਦਾ ਸਰਦਾਰ ਥਾਪ ਕੇ ਮਾਣਤਾ ਦਿੱਤੀ, ਉਸ ਨੂੰ ਨਲਵੇ ਨੇ ਆਪਣੀ ਸਿਆਣਪ ਤੇ ਦੂਰ ਅੰਦੇਸ਼ੀ ਨਾਲ ਸੰਭਾਲ ਕੇ ਨਾ ਕੇਵਲ ਫ਼ੌਜਾਂ ਦੇ ਯੋਗ ਤੇ ਨੀਤੀਵਾਨ ਸੈਨਾਪਤੀ ਹੀ ਸਾਬਤ ਹੋਏ, ਸਗੋਂ ਮੌਕਾ ਪਾ ਕੇ ਆਪ ਆਪਣੀ ਯੋਗਤਾ ਨਾਲ ਕਸ਼ਮੀਰ, ਹਜ਼ਾਰਾ ਅਤੇ ਪਿਸ਼ਾਵਰ ਦੇ ਸਫਲ ਗਵਰਨਰ ਹੀ ਬਣੇ ਜਿੱਥੇ ਕਿ ਮਹਾਰਾਜੇ ਨੇ ਨਲਵੇ ਸਰਦਾਰ ਨੂੰ ਆਪਣੇ ਨਾਂ ਦਾ ਸਿੱਕਾ ਚਲਾਉਣ ਲਈ ਉਤਸਾਹਿਤ ਕੀਤਾ ਤੇ ਇਹ ਸਿੱਕਾ ਉਥੇ ਬੜੀ ਦੇਰ ਤਕ ਚਲਦਾ ਰਿਹਾ।



Digitized by Panjab Digital Library | www.panjabdigilib.org

# ਸਰਦਾਰ ਹਰੀ ਸਿੰਘ ਦੀਆਂ ਜਿੱਤਾਂ

ਸਰਦਾਰ ਹਰੀ ਸਿੰਘ ਜਿਸ ਪਾਸੇ ਚੜ੍ਹਾਈ ਕਰਦਾ ਸੀ, ਜਿੱਤ ਹਮੇਸ਼ਾ ਉਸ ਦੇ ਪੈਰ ਚੁੰਮਦੀ ਸੀ। ਜੰਗੀ ਕੰਮਾਂ ਵਿਚ ਉਹ ਇਤਨਾ ਦੂਰ-ਅੰਦੇਸ਼ ਤੇ ਸੂਝ ਬੂਝ ਰਖਦਾ ਸੀ ਕਿ ਦੁਸ਼ਮਣ ਦੇ ਦਾਉ-ਪੇਚਾਂ ਨੂੰ ਤਾੜ ਲੈਣਾ ਉਸ ਦੇ ਸੱਜੇ ਹੱਥ ਦੀ ਖੇਡ ਸੀ। ਦੁਸ਼ਮਨ ਕਿਸ ਪਾਸਿਓਂ ਧਾਵਾ ਕਰੇਗਾ ਜਾਂ ਕਿੰਨੇ ਕੁ ਪਾਣੀਆਂ 'ਚ ਹੈ। ਇਸ ਬਾਰੇ ਪੂਰੀ ਪੂਰੀ ਵਾਕਫ਼ੀਅਤ ਉਸ ਨੂੰ ਪਹਿਲਾਂ ਹੀ ਮਿਲ ਜਾਂਦੀ ਸੀ। ਉਹ ਆਪਣੀ ਫ਼ੌਜ ਦੀ ਵੰਡ ਅਜਿਹੇ ਢੰਗ ਨਾਲ ਕਰਿਆ ਕਰਦਾ ਸੀ ਕਿ ਪੈਂਦੀ ਸੱਟ ਹੀ ਵੈਰੀ ਦੇ ਪੈਰ ਉੱਖੜ ਜਾਂਦੇ ਸਨ। ਭੱਜੇ ਜਾਂਦੇ ਵੈਰੀ ਦਾ ਪਿੱਛਾ ਕਰਨਾ ਉਹ ਬੀਰਤਾ ਤੋਂ ਉਲਟ ਮੰਨਦਾ ਸੀ। ਇਹ ਇਕ ਪ੍ਰਚਲਿਤ ਰਿਵਾਜ ਸੀ ਕਿ ਖ਼ਾਲਸਾ ਫ਼ੌਜ ਜੋਸ਼ ਵਿਚ ਆ ਕੇ ਵੈਰੀ ਨੂੰ ਦੂਰ ਤੱਕ ਭਾਜ ਦੇ ਕੇ ਸਾਹ ਲਿਆ ਕਰਦੀ ਸੀ, ਪਰ ਫੇਰ ਵੀ ਸਰਦਾਰ ਹਰੀ ਸਿੰਘ ਕੋਈ ਧੱਕਾ ਜਾਂ ਜ਼ੁਲਮ ਹੁੰਦਾ ਨਹੀਂ ਸੀ ਦੇਖ ਸਕਦਾ।

## ਕਸੂਰ ਦੀ ਪਹਿਲੀ ਜਿੱਤ :

ਕਸੂਰ ਦੇ ਹਮਲੇ ਸਮੇਂ ਸਰਦਾਰ ਹਰੀ ਸਿੰਘ ਨਲਵਾ ਪਹਿਲੀ ਵਾਰ ਜੰਗ ਵਿਚ ਸ਼ਾਮਲ ਹੋਇਆ ਸੀ। ਜਦ ਸੰਨ ੧੮੦੭ ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲਗਿਆ ਕਿ ਕਸੂਰ ਦਾ ਨਵਾਬ ਕੁਤਬੁੱਦੀਨ, ਅੰਦਰ ਖਾਨੇ ਹੀ ਬੜੀ ਭਾਰੀ ਜੰਗੀ ਤਿਆਰੀ ਕਰ ਰਿਹਾ ਹੈ। ਉਸ ਦੇ ਨਾਲ ਮੁਲਤਾਨ ਦਾ ਨਵਾਬ ਵੀ ਸ਼ਾਮਲ ਹੈ। ਉਹਨਾਂ ਦੀ ਇਹ ਸਾਜ਼ਸ਼ ਸੀ ਕਿ ਖ਼ਾਲਸੇ ਦੇ ਵਿਰੁੱਧ ਅਜਿਹਾ ਘੋਰ ਜੰਗ ਲੜਿਆ ਜਾਵੇ ਕਿ ਸਿੱਖਾਂ ਦਾ ਨਾਮ-ਨਿਸ਼ਾਨ ਹੀ ਮਿਟਾ ਦਿੱਤਾ ਜਾਵੇ। ਉਹਨਾਂ ਇਸ ਕੰਮ ਦੀ ਪੂਰਤੀ ਲਈ ਜੋਸ਼ੀਲੇ ਮੌਲਵੀਆਂ ਨੂੰ ਦੂਰ ਦੂਰ ਤੱਕ ਖ਼ਾਲਸੇ ਦੇ ਵਿਰੁੱਧ ਪ੍ਰਚਾਰ ਕਰਨ ਵਾਸਤੇ ਭੇਜਿਆ ਤੇ ਇਸ ਤਰ੍ਹਾਂ ਖ਼ਾਲਸੇ ਦੇ ਉਲਟ ਲੋਕਾਂ ਵਿਚ ਭਾਰੀ ਜੋਸ਼ ਭਰ ਦਿੱਤਾ। ਉਹਨਾਂ ਦੇ ਇਲਾਕਿਆਂ ਵਿਚ ਰਹੇ ਹਿੰਦੂਆਂ ਤੇ ਸਿੱਖਾਂ ਨੂੰ ਲੁੱਟਣ ਲਈ ਵਾਰਦਾਤਾਂ ਕਰਨੀਆਂ ਅਰੰਭ ਕਰ ਦਿੱਤੀਆਂ। ਹੌਲੀ ਹੌਲੀ ਇਹ ਛੇੜ ਛਾੜ ਦੀ ਸੂਹ ਮਹਾਰਾਜੇ ਦੇ ਕੰਨੀਂ ਵੀ ਜਾ ਪਈ, ਜਿਸ ਨੂੰ ਸੁਣਦਿਆਂ ਹੀ ਸ਼ੇਰਿ ਪੰਜਾਬ ਨੇ ਅਗਲੇ ਹੀ ਦਿਨ ਆਪਣੇ ਉੱਚ ਅਧਿਕਾਰੀਆਂ ਨੂੰ ਇਕੱਠਾ ਕੀਤਾਂ ਤੇ ਇਸ ਮੁਹਿੰਮ ਬਾਰੇ ਸੋਚਣ ਲਈ ਹਰ ਪਹਿਲੂ ਤੋਂ ਵਿਚਾਰ ਕੀਤਾ ਗਿਆ। ਮਹਾਰਾਜਾ ਆਮ ਤੌਰ ਤੇ ਲੜਾਈ ਕਰਨ ਤੋਂ ਪਹਿਲਾਂ ਵਿਰੋਧੀਆਂ ਨੂੰ ਆਪਣੇ



Digitized by Panjab Digital Library | www.panjabdigilib.org

ਮਸ਼ੀਰ ਭੇਜ ਕੇ ਸਮਝਾਉਣਾ ਚੰਗਾ ਸਮਝਦਾ ਸੀ ਤੇ ਨਾਲੇ ਇਹ ਵੀ ਨਸੀਹਤ ਕਰਦਾ ਸੀ ਕਿ ਲੜਾਈ ਵਿਚ ਅਨੇਕਾਂ ਪ੍ਰਾਣੀਆਂ ਦੀ ਹੱਤਿਆ ਹੋਵੇਗੀ ਜਿਸ ਦਾ ਕੋਈ ਲਾਭ ਨਹੀਂ ਹੋਵੇਗਾ, ਸਗੋਂ ਉਲਟਾ ਨੁਕਸਾਨ ਹੋਵੇਗਾ ।

ਇਸ ਕਾਰਜ ਲਈ ਮਹਾਰਾਜੇ ਨੇ ਆਪਣੇ ਸਿਆਣੇ ਤੇ ਸੂਝਵਾਨ ਅਹਿਲਕਾਰ ਫ਼ਕੀਰ ਅਜ਼ੀਜ਼ੁੱਦੀਨ ਤੇ ਫ਼ਤਿਹ ਸਿੰਘ ਕਾਲਿਆਂ ਵਾਲੇ ਨੂੰ, ਕਸੂਰ ਦੇ ਨਵਾਬ ਕੁਤਬੁੱਦੀਨ ਪਾਸ ਭੇਜਿਆ । ਉਹਨਾਂ ਅਹਿਲਕਾਰਾਂ ਨੇ ਆਪਣੀ ਸਿਆਣਪ ਤੇ ਮਿੱਠੇ ਸੁਭਾਅ ਨਾਲ ਜੰਗ ਤੋਂ ਟਲ ਜਾਣ ਦੀ ਪ੍ਰੇਰਣਾ ਦਿੱਤੀ, ਪਰ ਨਵਾਬ ਦੇ ਕੰਨ ਤੇ ਜੂੰ ਤੱਕ ਨਾ ਸਰਕੀ । ਉਹ ਇਕ ਵੱਖਰੀ ਹੀ ਕਿਸਮ ਦਾ ਬੰਦਾ ਸੀ । ਉਹ ਉਲਟਾ ਉਹਨਾਂ ਅਹਿਲਕਾਰਾਂ ਨੂੰ ਹੀ ਬੁਰਾ ਭਲਾ ਕਹਿਣ ਲੱਗਿਆ, ਜਿਸ ਤੋਂ ਪ੍ਰਤੱਖ ਸੀ ਕਿ ਉਹ ਜੰਗ ਤੋਂ ਟਲਣ ਵਾਲਾ ਨਹੀਂ ਸੀ ।

ਜਦ ਸ਼ੇਰਿ ਪੰਜਾਬ ਨੂੰ ਨਵਾਬ ਦੀ ਇਸ ਭੈੜੀ ਤੇ ਹਾਨੀਕਾਰਕ ਕਰਤੂਤ ਦਾ ਪਤਾ ਲੱਗਿਆ ਤਾਂ ਉਹਨਾਂ ਝੱਟ ਹੀ ਖ਼ਾਲਸੇ ਨੂੰ ਕਸੂਰ ਵੱਲ ਵਹੀਰਾਂ ਘੱਤਣ ਲਈ ਹੁਕਮ ਜਾਰੀ ਕਰ ਦਿੱਤੇ । ਉਸ ਵਿਚ ਮਹਾਰਾਜੇ ਦੀ ਸਨਮਾਨੀ ਹੋਈ ਦਸ ਹਜ਼ਾਰੀ ਨਾਮੀ ਫ਼ੌਜ, ਛੇ ਵੱਡੀਆਂ ਤੋਪਾਂ ਤੇ ਬਾਰਾਂ ਸ਼ੁਤਰੀ ਜੰਬੂਰ ਖ਼ਾਨੇ ਹੋਰ ਜ਼ਰੂਰੀ ਜੰਗੀ ਸਮਾਨ ਦੇ ਨਾਲ ਸ਼ਾਮਲ ਸਨ । ਉਸ ਲਸ਼ਕਰ ਨੇ ਨੁਸ਼ਹਿਰਾ ਨਾਮੀ ਪਿੰਡ ਵਿਚ, ਜੋ ਕਸੂਰ ਦੇ ਲਾਗੇ ਹੀ ਹੈ, ਜਾ ਡੇਰੇ ਲਾਏ । ਇਸ ਵੇਲੇ ਸ਼ੇਰਿ ਪੰਜਾਬ ਦੇ ਨਾਲ ਨੌਜਵਾਨ ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਫ਼ਤਿਹ ਸਿੰਘ ਕਾਲਿਆਂ ਵਾਲਾ, ਸਰਦਾਰ ਨਿਹਾਲ ਸਿੰਘ ਅਟਾਰੀ ਵਾਲਾ, ਸਰਦਾਰ ਧੰਨਾ ਸਿੰਘ ਮਲਵਈ, ਸਰਦਾਰ ਜੋਧ ਸਿੰਘ ਰਾਮਗੜ੍ਹੀਆ, ਬਾਬਾ ਫੂਲਾ ਸਿੰਘ ਅਕਾਲੀ ਤੇ ਸਰਦਾਰ ਫ਼ਤਿਹ ਸਿੰਘ ਆਹਲੂਵਾਲੀਆ ਮੌਜੂਦ ਸਨ । ਜਦ ਸਾਰੇ ਮੋਢੀ ਸਰਦਾਰ ਇਕੱਠੇ ਹੋ ਗਏ ਤਾਂ ੧੦ ਫ਼ਰਵਰੀ ਸੰਨ ੧੮੦੭ ਈਸਵੀ ਨੂੰ ਅੰਮ੍ਰਿਤ ਵੇਲੇ ਹੀ ਅਰਦਾਸਾ ਸੋਧ ਕੇ ਕਸੂਰ ਉਤੇ ਧਾਵਾ ਬੋਲ ਦਿੱਤਾ ।

ਉਧਰ ਕਸੂਰ ਦਾ ਨਵਾਬ ਕੁਤਬੁੱਦੀਨ ਵੀ ਆਪਣੀ ਪੱਚੀ ਹਜ਼ਾਰ ਨਫਰੀ ਲੈ ਕੇ ਲੜਾਈ ਦੇ ਮੈਦਾਨ ਵਲ ਅੱਗੇ ਵਧਿਆ । ਬੱਸ ਫੇਰ ਕੀ ਸੀ, ਦੇਖਦਿਆਂ ਦੇਖਦਿਆਂ ਹੀ ਨਗਾਰੇ ਦੀ ਚੋਟ ਨੇ ਮੈਦਾਨ ਗਰਮ ਕਰ ਦਿੱਤਾ ਤੇ ਦੋਹਾਂ ਪਾਸਿਆਂ ਦੀਆਂ ਫ਼ੌਜਾਂ ਇਕ ਦੂਜੇ ਤੇ ਟੁੱਟ ਪਈਆਂ । ਉਪਰੋਂ ਤੋਪਖ਼ਾਨੇ ਵਾਲਿਆਂ ਆਪਣੇ ਗੋਲਿਆਂ ਦੀ ਬੁਛਾੜ ਆਰੰਭ ਦਿੱਤੀ । ਤੋਪਖ਼ਾਨੇ ਦੀ ਆਵਾਜ਼ ਨੇ ਆਕਾਸ਼ ਗੂੰਜਾ ਦਿਤਾ । ਹਰ ਪਾਸੇ ਧੂੰਆਂ ਹੀ ਧੂੰਆਂ ਛਾਅ ਗਿਆ । ਰਣ ਦਾ ਅਖਾੜਾ ਇੰਨਾ ਗਰਮ ਹੋਇਆ ਕਿ ਇਕ ਦਮ ਲੱਗੇ ਦੋਹਾਂ ਪਾਸਿਆਂ ਤੋਂ ਲੋਥਾਂ ਦੇ ਢੇਰ ਲੱਗਣ । ਨਵਾਬ ਦੀ ਫ਼ੌਜ ਨੇ ਖ਼ਾਲਸਾ ਫ਼ੌਜ ਦਾ ਡਟ ਕੇ ਮੁਕਾਬਲਾ ਕੀਤਾ, ਪਰ ਅੱਗੋਂ ਗਾਜ਼ੀ ਖ਼ਾਲਸੇ ਦੀ ਤਲਵਾਰ ਦੀ ਝਾਲ ਨਾ ਝੱਲ ਸਕੇ । ਦਿਨ ਭਰ ਦੀ ਤੇਜ਼ ਲੜਾਈ ਦੇ



Digitized by Panjab Digital Library | www.panjabdigilib.org

ਬਾਦ ਹੌਸਲੇ ਟੁੱਟਣ ਲਗੇ ਤੇ ਕਸੂਰੀਆਂ ਦੇ ਹੋਸ਼ ਟਿਕਾਣੇ ਆ ਗਏ। ਹੋਰ ਕੋਈ ਚਾਰਾ ਨਾ ਚਲਦਾ ਵੇਖ ਕੇ ਉਹਨਾਂ ਆਪਣੇ ਬਚਾਅ ਲਈ ਕਸੂਰ ਦਾ ਕਿਲਾ ਹੀ ਆਪਣਾ ਸਹਾਈ ਸਮਝਿਆ ਤੇ ਉਸ ਵਿਚ ਜਾ ਛੁਪੇ। ਗਾਜ਼ੀਆਂ ਨੇ ਇਥੋਂ ਨੱਸਣ ਸਮੇਂ ਆਪਣੀਆਂ ਪੰਜ ਤੋਪਾਂ ਤੇ ਹੋਰ ਬਹੁਤ ਸਾਰਾ ਜੰਗੀ ਸਮਾਨ ਖ਼ਾਲਸੇ ਦੇ ਸਪੁਰਦ ਕਰ ਦਿੱਤਾ। ਹੁਣ ਲੜਾਈ ਕੁਝ ਸਮੇਂ ਲਈ ਮੱਠੀ ਪੈ ਗਈ ਤੇ ਕਸੂਰ ਦੇ ਕਿਲੇ ਨੂੰ ਘੇਰੇ ਵਿਚ ਲੈ ਲਿਆ ਗਿਆ।

## ਸਰਦਾਰ ਹਰੀ ਸਿੰਘ ਨਲਵੇ ਦੀ ਬਹਾਦਰੀ :

ਕਸੂਰ ਦੇ ਇਸ ਕਿਲੇ ਨੂੰ ਘੇਰੇ ਵਿਚ ਰੱਖੀ ਰੱਖਣ ਤੋਂ ਬਾਦ ਵੀ ਹੋਰ ਕੋਈ ਚਾਰਾ ਨਾ ਚਲਦਾ ਵੇਖ ਕੇ ਸਰਦਾਰ ਹਰੀ ਸਿੰਘ ਨਲਵੇ ਨੇ ਆਪਣੇ ਨਾਲ ਕੁਝ ਹੋਰ ਬਹਾਦਰ ਜਰਨੈਲ ਲਏ ਤੇ ੨੭ ਫ਼ਰਵਰੀ ਸੰਨ ੧੮੦੭ ਈਸਵੀ ਨੂੰ ਰਾਤ ਸਮੇਂ ਕਿਲੇ ਦੀਆਂ ਕੰਧਾਂ ਵਿਚ ਸੁਰੰਗਾਂ ਲਾ ਕੇ ਬਾਰੂਦ ਭਰ ਦਿੱਤਾ। ਬੱਸ, ਫੇਰ ਕੀ ਸੀ, ਅੱਗ ਲੱਗਣ ਸਾਰ ਬਾਰੂਦ ਫੱਟ ਗਿਆ ਤੇ ਕਈ ਥਾਵੇਂ ਕਿਲੇ ਦੀਆਂ ਕੰਧਾਂ ਵਿਚ ਪਾੜ ਪੈ ਗਏ। ਇਹ ਦੇਖ ਕੇ ਖ਼ਾਲਸਾ ਫ਼ੌਜ, ਜੋ ਕਿ ਪਹਿਲਾਂ ਹੀ ਇਸ ਤਾੜ ਵਿਚ ਸੀ, ਭੁੱਖੇ ਸ਼ੀਂਹ ਵਾਂਗ ਉਹਨਾਂ ਗਾਜ਼ੀਆਂ ਤੇ ਟੁੱਟ ਪਈ। ਨਿਡਰ ਖ਼ਾਲਸੇ ਨੇ ਗਾਜ਼ੀਆਂ ਦੇ ਸੱਥਰ ਲਾਹ ਲਾਹ ਢੇਰ ਲਾ ਦਿੱਤੇ। ਉਤੋਂ ਤੋਪਾਂ ਨੇ ਗੋਲਿਆਂ ਦੀ ਮਾਰ ਕੀਤੀ। ਫ਼ੌਜਾਂ ਖ਼ੂਬ ਆਪਸ ਵਿਚ ਗੁੱਥਮ-ਗੁੱਥਾ ਹੋਈਆਂ, ਪਰ ਗਾਜ਼ੀਆਂ ਦੇ ਤਾਂ ਉਦੋਂ ਹੀ ਦਿਲ ਟੁੱਟ ਗਏ ਸਨ ਜਦ ਕਿ ਖ਼ਾਲਸੇ ਨੇ ਕਿਲੇ ਉਤੇ ਧਾਵਾ ਬੋਲਿਆ ਸੀ। ਇਸ ਹਾਲਤ ਵਿਚ ਵੈਰੀ ਦੀਆਂ ਫ਼ੌਜਾਂ ਨੂੰ ਜਿਧਰ ਥਾਂ ਮਿਲਿਆ ਉਧਰ ਹੀ ਭੱਜਣਾ ਸ਼ੁਰੂ ਕਰ ਦਿੱਤਾ। ਇਉਂ ਮੈਦਾਨ ਵਿਚੋਂ ਗਾਜ਼ੀਆਂ ਦੇ ਨੱਸਣ ਤੇ ਫ਼ਤਿਹ ਖ਼ਾਲਸੇ ਦੀ ਹੋਈ ਤੇ ਕਸੂਰ ਦਾ ਨਵਾਬ ਕੁਤਬੁੱਦੀਨ ਸਾਥੀਆਂ ਸਮੇਤ ਪਕੜਿਆ ਗਿਆ।

## ਇਲਾਕਾ ਕਸੂਰ ਖ਼ਾਲਸਾ ਰਾਜ ਨਾਲ ਮਿਲਾਉਣਾ :

ਹੁਣ ਖ਼ਾਲਸੇ ਦਾ ਚੂੰਕਿ ਕਿਲੇ ਤੇ ਚੰਗੀ ਤਰ੍ਹਾਂ ਕਬਜ਼ਾ ਹੋ ਚੁੱਕਿਆ ਸੀ, ਇਸ ਲਈ ਜਦ ਨਿਮੋਝੂਣੇ ਨਵਾਬ ਨੂੰ ਸ਼ੇਰਿ ਪੰਜਾਬ ਦੇ ਸਾਹਮਣੇ ਲਿਆਂਦਾ ਗਿਆ ਤਾਂ ਕਿਆਸ ਕੀਤਾ ਜਾਣ ਲੱਗਾ ਕਿ ਨਵਾਬ ਨੂੰ ਤੋਪ ਨਾਲ ਉਡਾ ਦਿੱਤਾ ਜਾਵੇਗਾ, ਪਰ ਪਰਉਪਕਾਰੀ ਮਹਾਰਾਜੇ ਦੀ ਇੱਛਾ ਕੁਝ ਹੋਰ ਹੀ ਸੀ, ਜਿਸ ਨੂੰ ਕਿ ਆਮ ਆਦਮੀ ਸਮਝ ਨਹੀਂ ਸਕਦੇ। ਉਹਨਾਂ ਨਵਾਬ ਕੁਤਬੁੱਦੀਨ ਦੀ ਬਹਾਦਰੀ ਵੀ ਦਾਦ ਦਿੱਤੀ ਤੇ ਨਾ ਕੇਵਲ ਉਸ ਦੀ ਜਾਨ ਬਖ਼ਸ਼ੀ ਹੀ ਕੀਤੀ, ਸਗੋਂ ਉਸ ਨੂੰ ਸਤਲੁਜ ਤੋਂ ਪਾਰ ਮਮਦੋਟ ਦਾ ਪਰਗਨਾ, ਜਿਸ ਵਿਚ ਬਾਈ ਪਿੰਡ ਤੇ ਬਵੰਜਾ ਹਜ਼ਾਰ ਰੁਪਿਆ ਸਾਲਾਨਾ ਦੀ ਆਮਦਨ ਸੀ, ਜਗੀਰ ਵਜੋਂ ਵੀ ਬਖ਼ਸ਼ ਦਿੱਤਾ ਤਾਂ ਕਿ ਉਹ ਆਪਣੇ ਜੀਵਨ ਦਾ ਬਾਕੀ ਹਿੱਸਾ ਖ਼ਾਲਸੇ ਦੀ ਵਫ਼ਾਦਾਰੀ ਵਿਚ



Digitized by Panjab Digital Library | www.panjabdigilib.org

ਰਹਿ ਕੇ ਚੰਗੀ ਤਰ੍ਹਾਂ ਬਿਤਾ ਸਕੇ ।

ਇਸ ਤਰ੍ਹਾਂ ਹੁਣ ੨੮ ਫ਼ਰਵਰੀ ਸੰਨ ੧੮੦੭ ਈਸਵੀ ਤੋਂ ਕਸੂਰ ਦਾ ਸਾਰਾ ਇਲਾਕਾ ਖ਼ਾਲਸਾ ਰਾਜ ਵਿਚ ਮਿਲਾ ਦਿੱਤਾ ਗਿਆ । ਇਹ ਜਿੱਤਿਆ ਹੋਇਆ ਇਲਾਕਾ ਮਹਾਰਾਜਾ ਰਣਜੀਤ ਸਿੰਘ ਵਲੋਂ ਸਰਦਾਰ ਨਿਹਾਲ ਸਿੰਘ ਅਟਾਰੀ ਵਾਲੇ ਨੂੰ ਜਗੀਰ ਵਜੋਂ ਦਿਤਾ ਗਿਆ ਜੋ ਕਿ ਇਸ ਮੁਹਿੰਮ ਦੇ ਪ੍ਰਮੁਖ ਪ੍ਰਬੰਧਕ ਸਨ । ਇਸ ਲੜਾਈ ਵਿਚ ਖ਼ਾਲਸੇ ਦੇ ਹੱਥ ਅੱਠ ਤੋਪਾਂ, ਤਿੰਨ ਹਜ਼ਾਰ ਬੰਦੂਕਾਂ ਤੇ ਹੋਰ ਕਾਫ਼ੀ ਮਾਤ੍ਰਾ ਵਿਚ ਜੰਗੀ ਸਾਮਾਨ ਵੀ ਕਬਜ਼ੇ ਵਿਚ ਆਇਆ ।

ਅਜੇਹੀਆਂ ਜਿੱਤਾਂ ਤੋਂ ਮਗਰੋਂ ਫ਼ਤਿਹ ਦੀ ਖ਼ੁਸ਼ੀ ਵਜੋਂ ਸ਼ੇਰਿ ਪੰਜਾਬ ਇਕ ਚੰਗਾ ਸ਼ਾਹੀ ਦਰਬਾਰ ਕਰਿਆ ਕਰਦਾ ਸੀ, ਜਿਸ ਵਿਚ ਬਹਾਦਰੀ ਦੱਸਣ ਵਾਲੇ ਸੈਨਕਾਂ ਨੂੰ ਬੜੀ ਖੁਲ੍ਹ-ਦਿਲੀ ਨਾਲ ਇਨਾਮਾਂ ਅਤੇ ਜਗੀਰਾਂ ਦੀ ਬਖ਼ਸ਼ਿਸ਼ ਕੀਤੀ ਜਾਂਦੀ ਸੀ । ਉਸ ਸਮੇਂ ਇਸ ਫ਼ਤਿਹ ਦੀ ਖ਼ੁਸ਼ੀ ਵਿਚ ਸਜੇ ਦਰਬਾਰ ਵਿਚ ਸਰਦਾਰ ਹਰੀ ਸਿੰਘ ਨੂੰ ਵੀ ਉਸ ਦੀ ਬਹਾਦਰੀ ਦੀ ਬੜੀ ਸੋਭਾ ਮਿਲੀ ਤੇ ਤੀਹ ਹਜ਼ਾਰ ਰੁਪਏ ਸਾਲਾਨਾ ਦੀ ਜਾਗੀਰ ਦੀ ਬਖ਼ਸ਼ਿਸ਼ ਹੋਈ ।

## ਮੁਲਤਾਨ ਉਤੇ ਚੜ੍ਹਾਈ :

ਮੁਲਤਾਨ ਸ਼ਹਿਰ ਪੰਜਾਬ ਦੇ ਬਹੁਤ ਪੁਰਾਣੇ ਸ਼ਹਿਰਾਂ ਵਿਚੋਂ ਹੈ । ਕੁਝ ਇਤਿਹਾਸਕਾਰਾਂ ਦਾ ਕਥਨ ਹੈ ਕਿ ਇਹ ਨਗਰ ਆਰੀਆ ਦੇ ਆਉਣ ਤੋਂ ਪਹਿਲਾਂ ਹੀ ਬੜੀ ਵਸੋਂ ਵਾਲਾ ਸੀ । ਇਹ ਇਕ ਪਾਸਿਓਂ ਕਰਾਚੀ, ਕੋਇਟਾ ਤੇ ਗਜ਼ਨੀ ਦੇ ਲਈ ਅਤੇ ਦੂਜੇ ਪਾਸਿਓਂ ਅੰਮ੍ਰਿਤਸਰ, ਲਾਹੌਰ ਅਤੇ ਸਰਹਿੰਦ ਦੇ ਲਈ ਵਪਾਰ ਦਾ ਭਾਰੀ ਕੇਂਦਰ ਸੀ । ਇਸ ਦਾ ਰਾਜਨੀਤਕ ਮਹੱਤਵ ਵੀ ਸਦਾ ਤੋਂ ਬਹੁਤ ਵੱਡਾ ਰਿਹਾ ਹੈ ।

ਮੁਗ਼ਲਾਂ ਦੇ ਸਮੇਂ ਸੂਬਾ ਮੁਲਤਾਨ ਦਾ ਹਾਕਮ ਸਭ ਤੋਂ ਵਧੇਰੇ ਤਾਕਤਵਰ ਮੰਨਿਆ ਜਾਂਦਾ ਸੀ । ਸ਼ਾਹ ਜਹਾਨ ਦੇ ਸਮੇਂ ਜਦ ਦਾਰਾ ਸ਼ਿਕੋਹ ਸੂਬਾ ਲਾਹੌਰ ਦਾ ਹਾਕਮ ਸੀ, ਔਰੰਗਜ਼ੇਬ ਉਸ ਸਮੇਂ ਮੁਲਤਾਨ ਵਿਚ ਸੀ । ਸੰਨ ੧੭੩੮ ਈਸਵੀ ਵਿਚ ਜਦ ਨਾਦਰ ਸ਼ਾਹ ਨੇ ਭਾਰਤ ਉਤੇ ਹਮਲਾ ਕੀਤਾ ਤਾਂ ਉਹ ਵਾਪਸੀ ਸਮੇਂ ਆਪਣੇ ਖ਼ਾਨਦਾਨ ਦੇ ਇਕ ਅਫ਼ਗਾਨ ਨੂੰ ਮੁਲਤਾਨ ਦਾ ਪ੍ਰਬੰਧਕ ਨਿਯਤ ਕਰ ਗਿਆ । ਫੇਰ ਸੰਨ ੧੭੭੧ ਈਸਵੀ ਵਿਚ ਭੰਗੀ ਮਿਸਲ ਦੇ ਸਿੱਖਾਂ ਨੇ ਇਸ ਰਾਜਧਾਨੀ ਨੂੰ ਦੁੱਰਾਨੀਆਂ ਤੋਂ ਖੋਹ ਲਿਆ ਤੇ ਇਸ ਨੂੰ ਸੰਨ ੧੭੭੯ ਈਸਵੀ ਤਕ ਸੰਭਾਲੀ ਰੱਖਿਆ, ਤੇ ਫੇਰ ਮੁਜ਼ੱਫ਼ਰ ਖ਼ਾਂ ਨੂੰ ਸੂਬੇਦਾਰੀ ਦੀ ਪਦਵੀ ਤੇ ਨਿਯਤ ਕਰ ਦਿੱਤਾ ਗਿਆ ।



Digitized by Panjab Digital Library | www.panjabdigilib.org

ਕਸੂਰ ਦੀ ਤਰ੍ਹਾਂ ਹੀ ਮੁਲਤਾਨ ਵੀ ਜ਼ਬਰ-ਜੰਗ ਅਫ਼ਗਾਨਾਂ ਦੇ ਹੱਥਾਂ ਵਿਚ ਸੀ। ਕਸੂਰ ਲਾਹੌਰ ਤੋਂ ਪੈਂਤੀ ਕੁ ਮੀਲ ਦੀ ਵਿੱਥ ਉਤੇ ਪੂਰਬ-ਦੱਖਣ ਦੇ ਸੰਨ੍ਹ ਵਿਚ ਹੈ। ਨਵਾਬ ਕਸੂਰ ਦਾ ਉਸ ਸਮੇਂ ਮੁਲਤਾਨ ਦੇ ਨਵਾਬ ਨਾਲ ਤਾਲਮੇਲ ਸੀ, ਇਸ ਲਈ ਸ਼ੇਰਿ ਪੰਜਾਬ ਕਸੂਰ ਦੇ ਨਾਲ ਹੀ ਮੁਲਤਾਨ ਨੂੰ ਕਬਜ਼ੇ ਵਿਚ ਲੈਣਾ ਚਾਹੁੰਦਾ ਸੀ। ਉਸ ਦੇ ਵਾਸਤ ਹੁਣ ਸਬਰ ਅਸੰਭਵ ਥੀ। ਕਸੂਰ ਦੀ ਜਿੱਤ ਦੇ ਮਗਰ ਉਸ ਦਾ ਕੇਵਲ ਮੁਲਤਾਨ ਜਿੱਤਣਾ ਹੀ ਬਾਕੀ ਸੀ।

ਨਵਾਬ ਮੁਜ਼ੱਫ਼ਰ ਖ਼ਾਨ ਸੂਬਾ ਮੁਲਤਾਨ ਦੀਆਂ ਹੀ ਕਾਰ ਸ਼ੈਤਾਨੀਆਂ ਸਨ,ਕਿ ਉਸ ਨੇ ਨਵਾਬ ਕਸੂਰ ਨੂੰ ਖ਼ਾਲਸੇ ਦੇ ਵਿਰੁੱਧ ਭੜਕਾਇਆ ਸੀ ਤੇ ਖ਼ਾਲਸੇ ਦੇ ਵਿਰੁੱਧ ਉਸ ਨੇ ਢੇਰ ਧਨ-ਦੌਲਤ, ਸ਼ਸਤ੍ਰ-ਅਸਤ੍ਰ, ਅਨਾਜ ਆਦਿ ਦੀ ਸਹਾਇਤਾ ਦੇ ਕੇ ਨਵਾਬ ਕਸੂਰ ਦੀ ਮਦਦ ਵੀ ਕੀਤੀ ਸੀ। ਨਵਾਬ ਮੁਲਤਾਨ ਇਸ ਸਮੇਂ ਇਕ ਪਾਸੇ ਖੜਾ ਤਮਾਸ਼ਾ ਦੇਖਦਾ ਰਹਿਆ ਤੇ ਉਹ ਨਵਾਬ ਕਸੂਰ ਦੀ ਕੋਈ ਵੀ ਮਦਦ ਨਾ ਕਰ ਸਕਿਆ, ਜਿਸ ਤੇ ਇਲਾਕਾ ਕਸੂਰ ਨੂੰ ਮਾਲ ਤੇ ਜਾਨ ਦਾ ਭਾਰੀ ਨੁਕਸਾਨ ਉਠਾਉਣਾ ਪਿਆ।

ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਇਛਾ ਹੋਈ ਕਿ ਹੁਣ ਨਵਾਬ ਮੁਲਤਾਨ ਨੂੰ ਵੀ ਆਪਣੇ ਕੀਤੇ ਦੀ ਸਜ਼ਾ ਭੁਗਤਣੀ ਚਾਹੀਦੀ ਹੈ। ਇਸ ਲਈ ਛੇਤੀ ਹੀ ਉਹ ਦਿਨ ਵੀ ਆ ਗਿਆ ਜਦ ੧੫ ਫ਼ਰਵਰੀ ਸੰਨ ੧੮੧੦ ਈਸਵੀ ਨੂੰ ਖ਼ਾਲਸੇ ਨੇ ਸ਼ੇਰਿ ਪੰਜਾਬ ਦੇ ਹੁਕਮ ਨਾਲ ਸਰਦਾਰ ਹਰੀ ਸਿੰਘ ਨਲਵੇ ਸਮੇਤ ਭਾਰੀ ਫ਼ੌਜ ਤੇ ਤੋਪਖ਼ਾਨਾ ਲੈ ਕੇ ਮੁਲਤਾਨ ਵੱਲ ਵਹੀਰਾਂ ਘੱਤ ਦਿੱਤੀਆਂ। ਇਸ ਚੜ੍ਹਾਈ ਸਮੇ ਸਿੱਖ-ਸਿਪਾਹ ਦਾ ਆਗੂ ਮਹਾਰਾਜਾ ਆਪ ਹੀ ਸੀ। ਮਹਾਰਾਜਾ ਸਮੇਤ ਆਪਣੀ ਖ਼ਾਲਸਾ ਫ਼ੌਜ ਦੇ ਪੱਚੀ ਫ਼ਰਵਰੀ ਨੂੰ ਮੁਲਤਾਨ ਪਹੁੰਚ ਗਿਆ। ਉਥੇ ਪਹੁੰਚ ਕੇ ਮਹਾਰਾਜੇ ਨੇ ਆਪਣੇ ਸੁਭਾਅ ਅਨੁਸਾਰ ਆਪਣੇ ਦੋ ਪੈਰੋਕਾਰਾਂ ਨੂੰ ਹੇਠ ਲਿਖੀ ਚਿੱਠੀ ਦੇ ਕੇ ਨਵਾਬ ਮੁਲਤਾਨ ਪਾਸ ਘੱਲਿਆ :-

੧. ਸਰਕਾਰ ਲਾਹੌਰ ਅਤੇ ਤੁਹਾਡੇ ਵਿਚਾਲੇ ਅਹਿਦਨਾਮਾ ਹੋਇਆ ਸੀ ਕਿ ਤੁਸੀਂ ਅੱਗੇ ਨੂੰ ਸਰਕਾਰ ਖ਼ਾਲਸਾ ਦੇ ਵਫ਼ਾਦਾਰੀ ਸਹਿਤ ਅਧੀਨ ਹੋ ਕੇ ਰਹੋਗੇ।

੨. ਤੁਸੀਂ ਸਰਕਾਰ ਲਾਹੌਰ ਦੇ ਕਿਸੇ ਵੈਰੀ ਨਾਲ ਆਪਣਾ ਕੋਈ ਸੰਬੰਧ ਨਹੀਂ ਰੱਖੋਗੇ।

੩. ਤੁਸੀਂ ਸਾਲਾਨਾ ਖਿਰਾਜ ਸਣੇ ਨਜ਼ਰਾਨੇ ਦੇ ਆਪਣੇ ਆਦਮੀਆਂ ਰਾਹੀਂ ਸਰਕਾਰ ਦੇ ਖ਼ਜ਼ਾਨੇ ਵਿਚ ਲਾਹੌਰ ਠੀਕ ਸਮੇਂ ਸਿਰ ਪਹੁੰਚਾ ਦਿਆ ਕਰੋਗੇ।

੪. ਤੁਸੀਂ ਇਸ ਲਿਖਤ ਦੇ ਉਪਰੰਤ ਤਨੋਂ ਮਨੋਂ ਲਾਹੌਰ ਸਰਕਾਰ ਦੇ ਖ਼ੈਰ ਖ਼ੁਵਾਹ ਤੇ ਸ਼ੁਭ-ਚਿੰਤਕ ਬਣ ਕੇ ਰਹੋਗੇ।



Digitized by Panjab Digital Library | www.panjabdigilib.org

ਪਰ ਤੁਸੀ ਇਸ ਲਿਖਤ ਦੀ ਹਰ ਇਕ ਸ਼ਰਤ ਦੇ ਉਲਟ ਚਲਦੇ ਰਹੇ ਹੋ, ਜਿਸ ਕਰਕੇ ਇਸ ਅਹਿਦਨਾਮੇ ਨੂੰ ਤੋੜਨ ਲਈ ਤੁਸੀਂ ਹਰ ਤਰ੍ਹਾਂ ਜ਼ੁਮੇਵਾਰ ਹੋ:

(ੳ) ਆਪਣੀ ਲਿਖਤ ਦੇ ਵਿਰੁੱਧ ਤੁਸੀਂ ਸਰਕਾਰ ਦੇ ਪ੍ਰਸਿੱਧ ਵੈਰੀ, ਅਹਿਮਦ ਖ਼ਾਨ ਸਿਆਲ ਰਈਸ ਝੰਗ ਨੂੰ ਆਪਣੇ ਕੋਲ ਪਨਾਹ ਦਿੱਤੀ, ਪਰ ਉਸੇ ਅਹਿਦਨਾਮੇ ਦੀ ਲਿਖਤ ਅਨੁਸਾਰ ਤੁਸੀਂ ਇਸ ਗੱਲ ਦੇ ਪਾਬੰਦ ਸਾਓ ਕਿ ਉਸ ਨੂੰ ਗ੍ਰਿਫ਼ਤਾਰ ਕਰਕੇ ਸਰਕਾਰ ਕੋਲ ਪਹੁੰਚਾ ਦਿੰਦੇ।

(ਅ) ਸਰਕਾਰ ਲਾਹੌਰ ਦੇ ਵਫ਼ਾਦਾਰ ਰਹਿਣ ਦੀ ਥਾਂ ਤੁਸੀਂ ਉਲਟੇ ਸਰਕਾਰ ਦੇ ਵਿਰੁੱਧ ਜੰਗ ਵਿਚ ਨਵਾਬ ਕੁਤਬੁੱਦੀਨ ਖ਼ਾਨ ਕਸੂਰੀਏ ਦੀ ਤਨੋਂ, ਮਨੋਂ, ਧਨੋਂ ਪੂਰੀ ਪੂਰੀ ਮਦਦ ਕੀਤੀ ਹੈ, ਜਿਸ ਦੇ ਪੂਰੇ ਸਬੂਤ ਮੌਜੂਦ ਹਨ।

(ੲ) ਬਾਜ਼-ਗੁਜ਼ਾਰੀ ਤੇ ਨਜ਼ਰਾਨੇ ਦੇ ਰੁਪਏ ਪਹੁੰਚਾਣ ਵਿਚ ਤੁਸੀਂ ਇੰਨੇ ਗ਼ਾਫ਼ਲ ਰਹੇ ਹੋ ਕਿ ਨਿਯਤ ਸਮੇ ਤੋ ਦੂਣਾ ਸਮਾਂ ਗੁਜ਼ਰ ਜਾਣ ਤੇ ਵੀ ਤੁਸਾਂ ਆਪਣਾ ਫ਼ਰਜ਼ ਅਜੇ ਤੀਕ ਪੂਰਾ ਨਹੀਂ ਕੀਤਾ।

ਇਨ੍ਹਾਂ ਤਿੰਨਾਂ ਗੱਲਾਂ ਕਾਰਨ ਤੁਸੀਂ ਹਰ ਤਰ੍ਹਾਂ ਅਹਿਦਨਾਮਾ ਤੋੜਨ ਦੇ ਜ਼ੁਮੇਵਾਰ ਹੋ। ਇਸ ਲਈ ਇਸ ਜਾਣ ਬੁਝ ਕੇ ਕੀਤੇ ਕਸੂਰ ਦੀ ਸਜ਼ਾ ਮੁਤਾਬਕ ਤੁਸੀਂ ਸਮੇਤ ਜੁਰਮਾਨਾ ਮੁਕੱਰਰ ਰੁਪਿਆ ਖ਼ਜ਼ਾਨੇ ਵਿਚ ਜਮ੍ਹਾਂ ਕਰਵਾ ਦੇਵੋਂ। ਇਸ ਦਾ ਜਵਾਬ ਜਲਦੀ ਹੀ ਇਨ੍ਹਾਂ ਪੈਰੋਕਾਰਾਂ ਰਾਹੀਂ ਮਿਲਣਾ ਚਾਹੀਦਾ ਹੈ।'

ਇਹ ਹੁਕਮ ਸੁਣਦਿਆਂ ਹੀ ਨਵਾਬ ਦੇ ਹਵਾਸ ਉੱਡ ਗਏ। ਉਸ ਨੇ ਮੌਕੇ ਨੂੰ ਟਾਲਣ ਲਈ ਝੂਠੀਆਂ ਕਸਮਾਂ ਜਾਂ ਸੌਂਹਾਂ-ਸੁਗੰਦਾਂ ਖਾਧੀਆਂ, ਜਿਸ ਦਾ ਸਿੱਟਾ ਇਹ ਹੋਇਆ ਕਿ ਖ਼ਾਲਸਈ ਫ਼ੌਜਾਂ ਚੁਫੇਰਿਉਂ ਮੁਲਤਾਨ ਉਤੇ ਕਾਲੀਆਂ ਘਟਾਂ ਵਾਂਗ ਛਾ ਗਈਆਂ। ਨਵਾਬ ਨੇ ਮੁਲਤਾਨ ਦੇ ਕਿਲੇ ਵਿਚ ਪਹਿਲਾਂ ਹੀ ਸਾਲ ਭਰ ਲਈ ਅਨਾਜ, ਗੋਲਾ-ਬਾਰੂਦ ਜਮ੍ਹਾਂ ਕਰਵਾ ਰੱਖਿਆ ਸੀ। ਜਿਸ ਕਰਕੇ ਉਹ ਆਪਣੇ ਬਚਾਉ ਲਈ ਕਿਲੇ ਦੀ ਆੜ ਲੈ ਕੇ ਅੰਦਰ ਜਾ ਵੜਿਆ। ਇੰਨੇ ਨੂੰ ਖ਼ਾਲਸਈ ਫ਼ੌਜਾਂ ਨੇ ਸ਼ਹਿਰ ਨੂੰ ਚੰਗੀ ਤਰ੍ਹਾਂ ਆਪਣੇ ਕਬਜ਼ੇ ਵਿਚ ਕਰ ਲਿਆ ਤੇ ਕਿਲੇ ਨੂੰ ਅਜੇਹਾ ਘੇਰਾ ਪਾਇਆ ਕਿ ਨਾ ਅੰਦਰੋਂ ਕੋਈ ਆਦਮੀ ਬਾਹਰ ਜਾ ਸਕਦਾ ਸੀ ਤੇ ਨਾਹੀ ਬਾਹਰੋਂ ਕੋਈ ਵਿਅਕਤੀ ਅੰਦਰ ਪਹੁੰਚ ਸਕਦਾ ਸੀ।

## ਨਵਾਬ ਬਹਾਵਲ ਪੁਰ ਦਾ ਮਹਾਰਾਜੇ ਨਾਲ ਮਿਲਣਾ:

ਇਸੇ ਚੜ੍ਹਾਈ ਸਮੇਂ ਮਹਾਰਾਜੇ ਦੇ ਕਈ ਹੋਰ ਮਸਲੇ ਵੀ ਹੱਲ ਹੋ ਗਏ। ਨਵਾਬ ਬਹਾਵਲਪੁਰ, ਜੋ ਕਿ ਨਵਾਬ ਮੁਲਤਾਨ ਦਾ ਗੂਹੜਾ ਦੋਸਤ ਸੀ, ਉਹ ਇਕ ਲੱਖ ਰੁਪਿਆਂ



Digitized by Panjab Digital Library | www.panjabdigilib.org

ਰੋਕ ਦਰਸ਼ਨ ਭੇਟ ਤੇ ਪੰਜ ਸੌ ਸਵਾਰ ਮਦਦ ਲਈ ਲੈ ਕੇ ਆ ਹਾਜ਼ਰ ਹੋਇਆ ਤੇ ਉਸ ਨੇ ਮਹਾਰਾਜੇ ਨਾਲ ਮਿਲ ਕੇ ਰਹਿਣ ਵਿਚ ਹੀ ਆਪਣਾ ਭਲਾ ਸਮਝਿਆ। ਹੁਣ ਸਭ ਦੀਆਂ ਅੱਖਾਂ ਕਿਲੇ ਦੀ ਫ਼ਤਿਹ ਵਲ ਲੱਗੀਆਂ ਹੋਈਆਂ ਸਨ।

## ਸਰਦਾਰ ਹਰੀ ਸਿੰਘ ਨਲਵੇ ਦੀ ਪਹਿਲੀ ਕੁਰਬਾਨੀ :

ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਹਰੀ ਸਿੰਘ ਨਲਵੇ ਨੂੰ ਨਾਲ ਲੈ ਕੇ ਕਿਲੇ ਦੇ ਚਾਰੇ ਪਾਸੇ ਚੱਕਰ ਕੱਟਿਆ ਤਾਂਕਿ ਕਿਲੇ ਦੀ ਪੜਤਾਲ ਹੋ ਸਕੇ ਕਿ ਧਾਵਾ ਕਿਧਰ ਦੀ ਸਫ਼ਲ ਰਹੇਗਾ। ਕਿਸੇ ਵੀ ਦਰਵਾਜ਼ੇ ਤੇ ਗੋਲੇ ਬਰੂਦ ਦਾ ਕੋਈ ਖ਼ਾਸ ਅਸਰ ਨਾ ਹਇਆ ਵੇਖ ਕੇ ਸ਼ੇਰਿ-ਪੰਜਾਬ ਨੂੰ ਇਕ ਵਿਉਂਤ ਸੁੱਝੀ। ਉਨ੍ਹਾਂ ਸਾਰੀ ਫ਼ੌਜ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਨੂੰ ਐਸ ਵੇਲੇ ਕੁਝ ਅਜੇਹੇ ਸਿੰਘਾਂ ਦੀ ਲੋੜ ਹੈ ਜੋ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਖ਼ਾਲਸੇ ਲਈ ਜੂਝ ਮਰਨ ਲਈ ਤਿਆਰ ਹੋਣ। ਇਸ ਗੱਲ ਨੂੰ ਪ੍ਰਵਾਨ ਕਰਨ ਵਾਲਾ ਖ਼ਾਲਸੇ ਦੇ ਮਾਣ ਦਾ ਰਾਖਾ ਹਰੀ ਸਿੰਘ 'ਨਲਵਾ' ਹੀ ਸੀ, ਜੋ ਝੱਟ ਹਸੂੰ ਹਸੂੰ ਕਰਦੇ ਚਿਹਰੇ ਨਾਲ ਸਭ ਤੋਂ ਪਹਿਲਾਂ ਮਹਾਰਾਜੇ ਦੇ ਸਾਹਮਣੇ ਖੜਾ ਹੋ ਗਿਆ। ਉਸ ਤੋਂ ਬਾਅਦ ਸਰਦਾਰ ਨਿਹਾਲ ਸਿੰਘ ਅਟਾਰੀ ਵਾਲਾ, ਸਰਦਾਰ ਅਤਰ ਸਿੰਘ ਤੇ ਹੋਰ ਕਈ ਸੂਰਮਿਆਂ ਨੇ ਵਫ਼ਾਦਾਰੀ ਦੱਸਣ ਲਈ ਆਪਣੀ ਇਕ ਲੰਮੀ ਕਤਾਰ ਬਣਾ ਲਈ, ਪਰ ਇਸ ਕੁਰਬਾਨੀ ਦੇ ਮੋਢੀ ਸਰਦਾਰ ਹਰੀ ਸਿੰਘ ਨਲਵਾ ਹੀ ਸਨ। ਆਪਣੇ ਸਰਦਾਰਾਂ ਦਾ ਇਹ ਹੌਸਲਾ ਦੇਖ ਕੇ ਮਹਾਰਾਜਾ ਵੀ ਉਨ੍ਹਾਂ ਨਾਲ ਉਸ ਕਤਾਰ ਵਿਚ ਜਾ ਸ਼ਾਮਲ ਹੋਇਆ ਤੇ ਕਹਿਣ ਲੱਗਿਆ ਕਿ "ਜਿਸ ਦੀ ਫੌਜ ਵਿਚ ਅਜੇਹੇ ਆਪਾ-ਵਾਰ ਸੂਰਮੇ ਹਨ, ਉਸ ਦੇ ਮਾਲਿਕ ਨੂੰ ਕਿੰਨਾ ਮਾਣ ਹੋਵੇਗਾ। ਸੋ ਮੈਂ ਵੀ ਉਨ੍ਹਾਂ ਬਹਾਦਰ ਤੇ ਨਿਡਰ ਨੌਜਵਾਨਾਂ ਨਾਲ ਖ਼ਤਰੇ ਵਾਲੀ ਜਗ੍ਹਾ ਤੇ ਜਾਵਾਂਗਾ। ਸੁਰੰਗਾਂ ਲਾਉਣ ਦਾ ਕੰਮ ਆਪਣੇ ਹੱਥੀਂ ਕਰਾਂਗਾ ਤੇ ਇਸ ਤਰ੍ਹਾਂ ਆਪਣਾ ਫ਼ਰਜ਼ ਪੂਰੀ ਤਰ੍ਹਾਂ ਨਿਭਾਵਾਂਗਾ।

ਇਸ ਸਮੇਂ ਸਰਦਾਰ ਹਰੀ ਸਿੰਘ ਨਲਵੇ ਨੇ ਬੜੇ ਆਦਰ ਭਰਪੂਰ ਲਫ਼ਜ਼ਾਂ ਵਿਚ ਆਖਿਆ, "ਸ੍ਰੀ ਹਜ਼ੂਰ ਜੀ ! ਅਸੀਂ ਜੋ ਆਪ ਦੇ ਸੇਵਾਦਾਰ ਮੌਜੂਦ ਹਾਂ, ਜੇ ਕਦੀ ਇਹ ਸੇਵਾ ਕਰਦਿਆਂ ਕੋਈ ਸ਼ਹੀਦ ਵੀ ਹੋ ਜਾਵੇ ਤਾਂ ਸਾਡੇ ਵਰਗੇ ਸੈ ਕੜੇ ਹੋਰ ਪੈਦਾ ਹੋ ਜਾਣਗੇ, ਪਰ ਪਰਮਾਤਮਾਂ ਨਾ ਕਰੇ ਕਿ ਜੇ ਕਿਤੇ ਸਾਡੀ ਸਰਕਾਰ ਦਾ ਇਕ ਰੋਮ ਭੀ ਵਿੰਗਾ ਹੋ ਗਿਆ ਤਾਂ ਸ਼ੇਰਿ-ਪੰਜਾਬ ਨੇ ਇਸ ਸੰਸ਼ਾਰ ਤੇ ਫਿਰ ਨਹੀਂ ਆਉਣਾ, ਇਸ ਲਈ ਇਹ ਮਾਣ ਸਾਨੂੰ ਹੀ ਬਖ਼ਸ਼ਿਆ ਜਾਵੇ, ਅਸੀਂ ਆਪਣੇ ਆਪ ਨੂੰ ਵਡਭਾਗੀ ਸਮਝ ਕੇ ਇਹ ਸੇਵਾ ਕਰਾਂਗੇ।" ਇਸ ਤਰ੍ਹਾਂ ਸਾਰਿਆਂ ਦੇ ਕਹਿਣ ਤੇ ਜ਼ੋਰ ਪਾਉਣ ਤੇ ਮਹਾਰਾਜਾ ਸਾਹਿਬ ਬੜੀ ਹੀ ਮੁਸ਼ਕਿਲ ਨਾਲ਼ ਮੰਨੇ।



Digitized by Panjab Digital Library | www.panjabdigilib.org

ਇਸ ਮੌਕੇ ਤੇ ਸ਼ੇਰਿ–ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅੱਗੇ ਪੰਜੱਤਰ ਅਜੇਹ ਮਨਚਲੇ ਨੌਜਵਾਨਾਂ ਦੀ ਕਤਾਰ ਲਗ ਗਈ ਜਿਨ੍ਹਾਂ ਵਿਚੋਂ ਹਰ ਕੋਈ ਇਹੋ ਕਹਿੰਦਾ ਸੀ, "ਇਸ ਸੇਵਾ ਦੀ ਵਡਿਆਈ ਮੈਨੂੰ ਹੀ ਬਖ਼ਸ਼ੀ ਜਾਵੇ।" ਗੱਲ–ਬਾਤ ਦੇ ਦੌਰਾਨ ਵਿਚ ਜਥੇ ਦੇ ਆਗੂ ਸਰਦਾਰ ਹਰੀ ਸਿੰਘ ਨਲੂਆ ਆਪਣੇ ਸਾਥੀਆਂ ਸਮੇਤ "ਵਾਹਗੁਰੂ ਜੀ ਕੀ ਫ਼ਤਿਹ" ਤੇ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਗਜਾਉਂਦੇ ਹੋਏ ਕਿਲੇ ਦੀਆਂ ਕੰਧਾਂ ਹੇਠ ਬਾਰੂਦ ਭਰਨ ਲਈ ਅੱਗੇ ਵਧੇ। ਉਪਰੋਂ ਕਿਲੇ ਵਲੋਂ ਇਨ੍ਹਾਂ ਤੇ ਗੋਲੀਆਂ ਦੀ ਬੁਛਾੜ ਕੀਤੀ ਗਈ। ਇਧਰੋਂ ਮਹਾਰਾਜੇ ਦੀਆਂ ਤੋਪਾਂ ਨੇ ਵੈਰੀ ਦੀਆਂ ਗੋਲੀਆਂ ਦੀ ਬੁਛਾੜ ਨੂੰ ਠੰਢਾ ਕੀਤਾ। ਸਰਦਾਰ ਹਰੀ ਸਿੰਘ ਦੇ ਸਾਥੀਆਂ ਨੇ ਗੋਲੀਆਂ ਦੀ ਪਰਵਾਹ ਨਾ ਕਰਦਿਆਂ ਆਪਣਾ ਕੰਮ ਆਰੰਭ ਦਿੱਤਾ। ਇਨ੍ਹਾਂ ਵਿਚੋਂ ਕਈ ਨੌਜਵਾਨ ਪਹਿਲਾਂ ਹੀ ਵੈਰੀ ਦੀਆਂ ਗੋਲੀਆਂ ਦੇ ਨਿਸ਼ਾਨੇ ਬਣਨ ਤੇ ਸ਼ਹੀਦੀਆਂ ਪਾ ਗਏ। ਕਿਲੇ ਦੀਆਂ ਕੰਧਾਂ ਵਿਚ ਬਾਰੂਦ ਭਰਨ ਤੋਂ ਮਗਰੋਂ ਜਦ ਅੱਗ ਲਾਈ ਗਈ ਤਾਂ ਅੱਖ ਦੇ ਫੋਰ ਵਿਚ ਕਿਲੇ ਦੀ ਕੰਧ ਉਡ ਗਈ। ਉਸ ਵੇਲੇ ਸਿੰਘ ਜੰਗੀ ਜੋਸ਼ ਵਿਚ ਮਤਵਾਲੇ ਹੋਏ ਸਨ ਕਿ ਇਨ੍ਹਾਂ ਨੂੰ ਜਿੰਨਾ ਕੰਧ ਤੋਂ ਪਿੱਛੇ ਹਟਣਾ ਚਾਹੀਦਾ ਸੀ ਉਤਨਾ ਨਾ ਹਟ ਸਕੇ। ਜਿਸ ਦੇ ਫਲ ਰੂਪ ਉਹ ਬਾਰੂਦ ਨਾਲ ਉਡੀ ਕੰਧ ਦਾ ਸਾਰੇ ਦਾ ਸਾਰਾ ਮਲਬਾ ਇਨ੍ਹਾਂ ਬਹਾਦਰਾਂ–ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਨਿਹਾਲ ਸਿੰਘ ਅਤੇ ਸਰਦਾਰ ਅਤਰ ਸਿੰਘ ਧਾਰੀ ਉਤੇ ਆ ਪਿਆ, ਜਿਸ ਨਾਲ ਇਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਉਸ ਤੋਂ ਬਾਦ ਕਿਲੇ ਅੰਦਰੋਂ ਇਨ੍ਹਾਂ ਜ਼ਖ਼ਮੀ ਹੋਏ ਸੂਰਬੀਰਾਂ ਤੇ ਬਲਦੀ ਹੋਈ ਰਾਲ ਸੁੱਟੀ ਗਈ। ਇਹ ਬਲਦੀ ਹੋਈ ਰਾਲ ਠੀਕ ਸਰਦਾਰ ਹਰੀ ਸਿੰਘ ਨਲੂਏ ਦੇ ਉਪਰ ਆ ਡਿੱਗੀ, ਜਿਸ ਨਾਲ ਉਨ੍ਹਾਂ ਦੀ ਵਰਦੀ ਨੂੰ ਅੱਗ ਲੱਗਣ ਕਰਕੇ ਆਪ ਦਾ ਕੁਝ ਸਰੀਰ ਵੀ ਜਲ ਕੇ ਕਬਾਬ ਵਾਂਗੂੰ ਹੋ ਗਿਆ।

ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਵਾਲੀ ਖ਼ਾਲਸਾ ਫ਼ੌਜ ਦੇ ਕੁਝ ਸਿਪਾਹੀਆਂ ਨੇ ਇਨ੍ਹਾਂ ਬਹਾਦਰਾਂ ਦੀਆਂ ਦੇਹਾਂ ਨੂੰ ਵੈਰੀ ਦੀਆਂ ਗੋਲੀਆਂ ਤੋਂ ਬਚਾਉਂਦਿਆਂ ਹੋਇਆਂ ਲੜਾਈ ਦੇ ਮੈਦਾਨ ਤੋਂ ਬਾਹਰ ਲੈ ਆਂਦਾ ਗਿਆ। ਸਰਦਾਰ ਹਰੀ ਸਿੰਘ ਨਲਵੇ ਦੀ ਵਰਦੀ ਨੂੰ ਪਾੜ ਕੇ ਲਾਹ ਦਿੱਤਾ ਗਿਆ, ਪਰੰਤੂ ਇਨ੍ਹਾਂ ਵਿਚੋਂ ਇਕ ਜੋਧਾ ਸਰਦਾਰ ਅਤਰ ਸਿੰਘ ਧਾਰੀ ਕੈਂਪ ਵਿਚ ਪੁੱਜਣ ਤੋਂ ਪਹਿਲਾਂ ਹੀ ਸ਼ਹੀਦੀ ਪਾ ਗਿਆ ਤੇ ਸਰਦਾਰ ਹਰੀ ਸਿੰਘ ਦੀ ਹਾਲਤ ਕਾਫ਼ੀ ਨਾਜ਼ੁਕ ਹੋ ਗਈ।

ਉਧਰ ਕਿਲੇ ਵਿਚ ਪਾੜ ਪੈ ਜਾਣ ਤੇ ਖ਼ਾਲਸਾ ਫ਼ੌਜ ਵਾਹੋ–ਦਾਹੀ ਕਿਲੇ ਦੇ ਅੰਦਰ ਦਾਖ਼ਲ ਹੋ ਗਈ। ਫ਼ੌਜ ਨੂੰ ਆਪਣੇ ਸਰਦਾਰ ਇਸ ਤਰ੍ਹਾਂ ਫੱਟੜ ਹੋਏ ਦੇਖ ਕੇ ਅਜਿਹਾ ਰੋਹ ਚੜ੍ਹਿਆ ਕਿ ਉਹ ਤੂਫ਼ਾਨ ਦੀ ਤਰ੍ਹਾਂ ਕਿਲੇ ਦੇ ਅੰਦਰ ਧਸ ਗਈ। ਉਸ ਸਮੇਂ "ਜੋ ਅੜਿਆ, ਸੋ ਝੜਿਆ" ਅਖਾਣ ਦੇ ਅਨੁਸਾਰ ਜੋ ਵੀ ਦੁਸ਼ਮਨ ਖ਼ਾਲਸਾ ਫ਼ੌਜ ਦੇ ਅੱਗੇ



Digitized by Panjab Digital Library | www.panjabdigilib.org

ਆਇਆ ਉਸ ਨੂੰ ਉਸ ਦੀ ਕਰਨੀ ਦੇ ਫਲ ਵਜੋਂ ਬਹਿਸ਼ਤ ਪਹੁੰਚਾ ਦਿੱਤਾ ਗਿਆ। ਉਸ ਸਮੇਂ ਅਜੇਹੀ ਖ਼ੂਨ ਡੋਲ੍ਹਵੀਂ ਲੜਾਈ ਕਿਲੇ ਦੇ ਅੰਦਰ ਹੋਈ ਕਿ ਵੈਰੀ ਦੇਖ ਕੇ 'ਤ੍ਰਾਹਿ ਮਾਂ ਤ੍ਰਾਹਿ ਮਾਂ' ਕਰ ਉੱਠਿਆ ਤੇ ਨਵਾਬ ਦੀ ਸਾਰੀ ਫ਼ੌਜ ਵਿਚ ਹਫੜਾ-ਦਫੜੀ ਮੱਚ ਗਈ। ਨਵਾਬ ਵੀ ਸਿੱਖਾਂ ਦੀ ਅਜਿਹੀ ਸੂਰਬੀਰਤਾ ਦੇਖ ਕੇ ਦੰਗ ਰਹਿ ਗਿਆ, ਜਿਹੜੀ ਕਿ ਉਨ੍ਹਾਂ ਨੇ ਇਸ ਜੰਗ ਵਿਚ ਦਿਖਾਈ।

ਅੰਤ ਵਿਚ ਨਵਾਬ ਮੁਜ਼ੱਫਰ ਖ਼ਾਨ ਨੇ ਆਪਣੀ ਫ਼ੌਜ ਨੂੰ ਘਬਰਾਈ ਹੋਈ ਵੇਖ ਕੇ ਤੇ ਅੱਖਾਂ ਸਾਹਮਣੇ ਬਹੁ-ਗਿਣਤੀ ਵਿਚ ਮਰਦਿਆਂ ਦੇਖ ਕੇ ਅਤੇ ਹੋਰ ਕੋਈ ਚਾਰਾ ਚਲਦਾ ਨਾ ਵੇਖ ਕੇ ਖ਼ਾਲਸੇ ਅੱਗੇ ਹਥਿਆਰ ਸੁੱਟ ਦਿੱਤੇ ਤੇ ਸੁਲਹ ਦਾ ਚਿੱਟਾ ਝੰਡਾ ਖੜਾ ਕਰ ਦਿੱਤਾ। ਨਵਾਬ ਮੁਜ਼ੱਫਰ ਖ਼ਾਨ ਨੂੰ ਗ੍ਰਿਫ਼ਤਾਰ ਕਰਕੇ ਮਹਾਰਾਜੇ ਦੇ ਅਗੇ ਲਿਆਂਦਾ ਗਿਆ। ਨਵਾਬ ਉਸ ਸਮੇਂ ਇਉਂ ਥਰ ਥਰ ਕੰਬੀ ਜਾਂਦਾ ਸੀ ਜਿਵੇਂ ਹਵਾ ਦੇ ਬੁੱਲ੍ਹੇ ਨਾਲ ਦਰਖ਼ਤ ਦੇ ਪੱਤੇ ਕੰਬਦੇ ਹਨ। ਉਸ ਨੂੰ ਕੁਝ ਨਹੀਂ ਸੁੱਝ ਰਹਿਆ ਸੀ ਤੇ ਇਹੋ ਭਰੋਸਾ ਸੀ ਕਿ ਹੁਣ ਉਸ ਦੀ ਜਾਨ ਕੁਝ ਪਲ ਹੀ ਬਾਕੀ ਹੈ। ਉਹ ਫ਼ਰਿਆਦੀ ਬਣ ਕੇ ਮਹਾਰਾਜੇ ਦੇ ਅੱਗੇ ਪੇਸ਼ ਹੋਇਆ। ਆਪਣੀ ਚਿੱਟੀ ਤੇ ਲੰਮੀ ਦਾਹੜੀ ਦੋਹਾਂ ਹੱਥਾਂ ਵਿਚ ਲੈ ਕੇ ਲ਼ਾਜ ਦੀ ਭੀਖ ਮੰਗੀ, ਤਰਲਾ ਪਾਇਆ। ਮਹਾਰਾਜਾ ਦਾਤਾਂ ਦਿੰਦਾ ਥਕਦਾ ਨਹੀਂ ਸੀ, ਸਗੋਂ ਉਨ੍ਹਾਂ ਨੂੰ ਅਜੇਹੇ ਗ਼ਲਤੀ ਮੰਨਣ ਵਾਲਿਆਂ ਨੂੰ ਤੱਕ ਕੇ ਤੇ ਨਿਮ੍ਰਤਾ ਨਾਲ ਸੀਸ ਝੁਕਾਉਂਦਿਆਂ ਵੇਖ ਕੇ ਖ਼ੁਸ਼ੀ ਹੁੰਦੀ ਸੀ। ਮਹਾਰਾਜੇ ਨੇ ਝਟ ਨਵਾਬ ਮੁਲਤਾਨ ਦੀ ਜਾਨ ਬਖ਼ਸ਼ੀ ਕੀਤੀ ਤੇ ਅੱਗੇ ਨੂੰ ਢਾਈ ਲੱਖ ਰੁਪਿਆ ਸਾਲਾਨਾ ਬਾਜ਼-ਗੁਜ਼ਾਰੀ ਅਤੇ ਪੱਚੀ ਬਹੁ-ਮੁੱਲੇ ਘੋੜੇ ਨਜ਼ਰਾਨੇ ਦੇ ਤੌਰ ਤੇ ਹਰ ਸਾਲ ਲਾਹੌਰ ਸਰਕਾਰ ਨੂੰ ਦੇਣ ਦਾ ਵਾਅਦਾ ਕਰਨ, ਵਫ਼ਾਦਾਰੀ ਅਤੇ ਅਮਨ ਨਾਲ ਰਹਿਣ ਦਾ ਪ੍ਰਣ ਕਰਨ ਤੇ ਨਵਾਬ ਨੂੰ ਰਿਹਾ ਕਰ ਦਿੱਤਾ।

ਇਧਰੋਂ ਵਿਹਲੇ ਹੋਣ ਤੇ ਸ਼ੇਰਿ ਪੰਜਾਬ ਨੇ ਆਪਣੇ ਬਹਾਦਰ ਜਰਨੈਲਾਂ ਤੇ ਸਿਪਾਹੀਆਂ ਦੀ ਦੇਖ-ਰੇਖ ਕੀਤੀ। ਸਰਦਾਰ ਅਤਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੇ ਸ਼ੋਕ ਮਨਾਇਆ। ਸਰਦਾਰ ਹਰੀ ਸਿੰਘ ਤੇ ਸਰਦਾਰ ਨਿਹਾਲ ਸਿੰਘ ਦੀ ਚਿੰਤਾ ਜਨਕ ਹਾਲਤ ਦੇਖ ਕੇ ਆਪ ਦੇ ਮਨ ਨੂੰ ਅਤਿਅੰਤ ਦੁੱਖ ਪੁੱਜਾ। ਆਪ ਨੇ ਗੁਰੂ ਬਾਬੇ ਅਗੇ ਸ਼ਹੀਦ ਸਿੰਘਾਂ ਦੀ ਰੂਹ ਨੂੰ ਸ਼ਾਂਤੀ ਅਤੇ ਇਨ੍ਹਾਂ ਦੋਹਾਂ ਸਿੰਘਾਂ ਦੇ ਵੱਲ ਹੋਣ ਲਈ ਅਰਦਾਸ ਕੀਤੀ। ਮਹਾਰਾਜੇ ਦੇ ਫ਼ੁਰਮਾਣ ਅਨੁਸਾਰ ਜਲਦੀ ਹੀ ਫ਼ਕੀਰ ਅਜ਼ੀਜ਼ੁੱਦੀਨ ਵਰਗੇ ਮਾਹਿਰਾਂ ਨੂੰ ਇਨ੍ਹਾਂ ਦੀ ਮੱਲ੍ਹਮ-ਪੱਟੀ ਲਈ ਸੌਂਪ-ਸੌਂਪਣੀ ਕੀਤੀ ਗਈ, ਜਿਨ੍ਹਾਂ ਆਪਣੇ ਅਦੁੱਤੀ ਤਜਰਬੇ ਨਾਲ ਇਨ੍ਹਾਂ ਬਹਾਦਰਾਂ ਦੀ ਦਿਨ ਰਾਤ ਸੇਵਾ ਕੀਤੀ। ਉਨ੍ਹਾਂ ਦੀ ਇਸ ਸੇਵਾ ਨੂੰ ਫੱਲ ਲੱਗੇ ਤੇ ਹੌਲੀ ਹੌਲੀ ਉਹ ਯੋਧੇ ਠੀਕ ਹੋ ਗਏ। ਫੇਰ ਹਾਲਤ ਸੁਧਰਨ ਤੇ ਉਹ ਖ਼ਾਸ ਪ੍ਰਬੰਧ ਦੁਆਰਾ ਲਾਹੌਰ ਲੈ ਆਂਦੇ ਗਏ, ਜਿੱਥੇ ਉਨ੍ਹਾਂ ਦਾ ਬੜਾ ਮਾਣ-ਸਤਕਾਰ



Digitized by Panjab Digital Library | www.panjabdigilib.org

ਕੀਤਾ ਗਿਆ ।

ਇਸ ਦੇ ਨਾਲ ਹੀ ਮਹਾਰਾਜੇ ਨੇ ਭਰੇ ਦਰਬਾਰ ਵਿਚ ਜੰਗ ਮੁਲਤਾਨ ਵਿਚ ਬਹਾਦਰੀ ਦਿਖਾਉਣ ਵਾਲੇ ਸਿੰਘਾਂ ਨੂੰ ਇਨਾਮ ਤੇ ਜਗੀਰਾਂ ਦੀ ਬਖ਼ਸ਼ਿਸ਼ ਵੀ ਕੀਤੀ। ਸ਼ਹੀਦਾਂ ਦੇ ਪਰਿਵਾਰਾਂ ਤੇ ਸੰਬੰਧੀਆਂ ਨੂੰ ਜ਼ਮੀਨਾਂ ਤੇ ਪੈਨਸ਼ਨਾਂ ਦਿੱਤੀਆਂ। ਮੁਲਤਾਨ ਦੀ ਇਸ ਲੜਾਈ ਵਿਚ ਸਰਦਾਰ ਹਰੀ ਸਿੰਘ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਉਹ ਜੌਹਰ ਦਿਖਾਏ ਸਨ, ਜਿਸ ਦਾ ਨਾ ਸਿਰਫ਼ ਮਹਾਰਾਜੇ ਦੇ ਮਨ ਤੇ ਹੀ ਅਸਰ ਪਿਆ ਸਗੋਂ ਸਰਬੱਤ ਖ਼ਾਲਸੇ ਦੇ ਦਿਲਾਂ ਉਤੇ ਵੀ ਪੂਰੀ ਪੂਰੀ ਧਾਂਕ ਬੈਠ ਗਈ। ਉਸ ਸਮੇਂ ਸਾਰੇ ਸਿੰਘਾਂ ਦੀ ਇਹੋ ਸਦ ਭਾਵਨਾਂ ਸੀ ਕਿ ਸਰਦਾਰ ਹਰੀ ਸਿੰਘ ਨੂੰ ਸਰਬੱਤ ਖ਼ਾਲਸੇ ਦੀ ਵਾਗ ਡੋਰ ਸੰਭਾਲ ਦਿੱਤੀ ਜਾਵੇ। ਇਸੇ ਕਾਰਣ ਮਹਾਰਾਜੇ ਨੇ ਹਰੀ ਸਿੰਘ ਨੂੰ ਬਹੁਤ ਵੱਡੀ ਜਾਗੀਰ ਦੇ ਕੇ ਕਾਫ਼ੀ ਮਾਣਤਾ ਵੀ ਦਿੱਤੀ।

## ਮਿੱਠੇ ਟਿਵਾਣੇ ਤੇ ਉੱਚ ਦੇ ਸੱਯਦਾਂ ਨੂੰ ਸੋਧਣਾ :

ਮਹਾਰਾਜੇ ਦੇ ਹੁਕਮ ਅਨੁਸਾਰ ਇਹ ਬਹਾਦੁਰ ਸਰਦਾਰ ਅਜੇ ਇਕ ਪਾਸਿਓਂ ਵਿਹਲੇ ਨਹੀਂ ਸਨ ਹੁੰਦੇ ਕਿ ਉਦੋਂ ਹੀ ਸੰਦੇਸ਼ ਪੁੱਜ ਜਾਂਦਾ ਸੀ ਕਿ ਤੁਸੀਂ ਲਗਦੇ ਹੱਥ ਹੀ ਫਲਾਣੇ ਇਲਾਕੇ ਦੇ ਹਾਕਮ ਨੂੰ ਸਿਖਿਆ ਦੇਈਂ ਆਉਣੀ। ਐਤਕੀਂ ਜਦੋਂ ਸਰਦਾਰ ਹਰੀ ਸਿੰਘ ਨਲੂਆ ਅਰੋਗ ਹੋਣ ਤੋਂ ਬਾਅਦ ਮੁਲਤਾਨ ਦਾ ਪ੍ਰਬੰਧ ਠੀਕ ਕਰਕੇ ਤੇ ਮਾਲੀਏ ਦੀ ਵਸੂਲੀ ਤੋਂ ਵਿਹਲਾ ਹੀ ਹੋਇਆ ਹੀ ਸੀ ਕਿ ਮਹਾਰਾਜੇ ਦਾ ਸੰਦੇਸ਼ ਪੁੱਜ ਗਿਆ ਕਿ ਨਾਲ ਲਗਦੇ ਮਿੱਠੇ ਟਿਵਾਣੇ ਦੇ ਬਗਾਵਤੀ ਹਾਕਮਾਂ ਅਤੇ ਉੱਚ ਦੇ ਸੱਯਦਾਂ ਨੂੰ ਸੋਧ ਆਉਣਾ। ਇਨ੍ਹਾਂ ਹਾਕਮਾਂ ਦੀਆਂ ਵਧੀਕੀਆਂ ਤੇ ਉੱਚ ਦੇ ਸੱਯਦਾਂ ਦੀਆਂ ਰੋਜ਼ ਨਵੀਆਂ ਚਾਲਾਂ ਤੋਂ, ਜਿਨ੍ਹਾਂ ਆਮ ਜਨਤਾ ਦਾ ਜੀਵਨ ਕਾਫ਼ੀ ਔਖਾ ਕਰ ਰੱਖਿਆ ਸੀ, ਇਨ੍ਹਾਂ ਇਲਾਕਿਆਂ ਵਿਚ ਬੜੀ ਦਹਿਸ਼ਤ ਫੈਲੀ ਹੋਈ ਸੀ।

ਸਰਦਾਰ ਹਰੀ ਸਿੰਘ ਨਲਵੇ ਨੇ ਖ਼ਾਲਸੇ ਦੀ ਨੀਤੀ ਅਨੁਸਾਰ ਮਿੱਠੇ ਟਿਵਾਣੇ ਦੇ ਹਾਕਮਾਂ ਅਤੇ ਉੱਚ ਦੇ ਸੱਯਦਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤੇ ਲੜਾਈ ਤੋਂ ਬਾਜ ਆਉਣ ਲਈ ਸਮਝਾਇਆ, ਪਰ ਉਨ੍ਹਾਂ ਦੇ ਸਿਰ ਉਤੇ ਲੜਾਈ ਦਾ ਭੂਤ ਸਵਾਰ ਹੋ ਚੁੱਕਿਆ ਹੋਇਆ ਸੀ, ਇਸ ਲਈ ਇਸ ਮੁਹਿੰਮ ਵਾਸਤੇ ਸ਼ੇਰਿ ਪੰਜਾਬ ਨੇ ਸਰਦਾਰ ਦਲ ਸਿੰਘ ਅਤੇ ਹੋਰ ਚਾਰ ਪਲਟਣਾਂ ਨੂੰ ਹਰੀ ਸਿੰਘ ਨਲਵੇ ਨਾਲ ਮਿਲ ਕੇ ਉਨ੍ਹਾਂ ਦੋਹਾਂ ਵੈਰੀਆਂ ਦੀ ਭੁਗਤ ਸਵਾਰਨ ਲਈ ਕਿਹਾ।



Digitized by Panjab Digital Library | www.panjabdigilib.org

ਅੰਤ ੭ ਫ਼ਰਵਰੀ, ਸੰਨ ੧੮੧੨ ਈਸਵੀ ਨੂੰ ਸਰਦਾਰ ਹਰੀ ਸਿੰਘ ਨਲਵੇ ਨੇ ਆਪਣੀਆਂ ਫ਼ੌਜਾਂ ਤੇ ਤੋਪਖ਼ਾਨੇ ਨੂੰ ਕੂਚ ਕਰਨ ਲਈ ਹੁਕਮ ਦਿੱਤਾ। ਇਹ ਸੂਰਮਿਆਂ ਦਾ ਦਲ ਮਾਰੋ ਮਾਰ ਕਰਦਾ ਹੋਇਆ ਟਿਵਾਣਿਆਂ ਦੀ ਰਾਜਧਾਨੀ ਮਿੱਠੇ ਟਿਵਾਣੇ ਜਾ ਪੁੱਜਿਆ। ਅੱਗੇ ਟਿਵਾਣੇ ਵੀ ਆਪਣੇ ਸ਼ੇਰ ਦਿਲ ਆਗੂ ਅਹਿਮਦ ਯਾਰ ਖ਼ਾਨ ਦੀ ਵਾਗ ਡੋਰ ਹੇਠ ਲੜਾਈ ਲਈ ਤਿਆਰ ਸਨ। ਹੁਣ ਲੱਗੀਆਂ ਤੋਪਾਂ ਚੱਲਣ। ਲੜਾਈ ਦਾ ਮੈਦਾਨ ਗਰਮ ਹੋ ਗਿਆ। ਚਾਰੇ ਤਰਫ਼ ਗੋਲੀਆਂ ਦੀ ਵਾਛੜ ਆਰੰਭ ਹੋ ਗਈ। ਟਿਵਾਣੇ ਬੜੀ ਬਹਾਦਰੀ ਨਾਲ ਲੜੇ। ਪਲੋ ਪਲੀ ਵਿਚ ਹੀ ਖ਼ਾਲਸੇ ਦੀਆਂ ਗੜਗੱਜ ਤੋਪਾਂ ਨੇ ਵੈਰੀਆਂ ਦੇ ਕਈ ਬੁਰਜ ਤੇ ਮਹਿਲ ਮਾੜੀਆਂ ਮਿੱਟੀ ਵਿਚ ਮਿਲਾ ਦਿੱਤੀਆਂ। ਇਸ ਜੰਗ ਵਿਚ ਦੁਸ਼ਮਨ ਦਾ ਬਹੁਤ ਨੁਕਸਾਨ ਹੋਇਆ। ਸਾਰੇ ਦਿਨ ਦੀ ਇਸ ਹਨੇਰੀ ਵਾਂਗ ਚੱਲ ਰਹੀ ਗੋਲੀ ਤੇ ਨੇਜੇ, ਤਲਵਾਰ ਦੀ ਲੜਾਈ ਨੇ ਧਰਤੀ ਤੇ ਖ਼ੂਨ ਦੀ ਨਦੀ ਵਗਾ ਦਿਤੀ। ਹਰ ਪਾਸੇ ਲੋਥਾਂ ਹੀ ਲੋਥਾਂ ਦਿਖਾਈ ਦੇਣ ਲੱਗੀਆਂ।

ਤ੍ਰਿਕਾਲਾਂ ਹੋਣ ਤੇ ਜਦ ਲੜਾਈ ਕੁਝ ਮੱਠੀ ਪੈ ਗਈ ਜਾਪੀ ਤਾਂ ਸਿੱਖ ਮੁੱਖੀਆਂ ਨੇ ਇਹ ਮਤਾ ਪਾਸ ਕੀਤਾ ਕਿ ਇਸ ਖ਼ੂਨ ਖ਼ਰਾਬੇ ਨਾਲ ਕੋਈ ਵੀ ਫ਼ਾਇਦਾ ਨਹੀਂ ਹੋਇਆ। ਲੜਾਈ ਦਾ ਮੈਦਾਨ ਦੇਖ ਕੇ ਦਿਲ ਦਹਿਲ ਜਾਂਦਾ ਸੀ, ਜਿਥੇ ਐਨੇ ਬੇਗੁਨਾਹ ਲੋਕ ਮਾਰੇ ਗਏ ਸਨ। ਇਸ ਲਈ ਗੁਰਮਤੇ ਅਨੁਸਾਰ ਵੈਰੀ ਨੂੰ ਦੁਬਾਰਾ ਫੇਰ ਪੁੱਛ ਕੀਤੀ ਗਈ ਕਿ "ਲੜਾਈ ਦਾ ਕੋਈ ਲਾਭ ਨਹੀਂ, ਕਿਉਂਕਿ ਇਸ ਵਿਚ ਅਨੇਕਾਂ ਹੀ ਨਿਹੱਥੇ ਨੌਜਵਾਨਾਂ ਦੀ ਮੌਤ ਤੇ ਹੱਤਿਆ ਹੈ, ਜਿਸ ਤੋਂ ਕਿਸੇ ਨੂੰ ਕੋਈ ਲਾਭ ਨਹੀਂ ਪੁੱਜਦਾ। ਇਸ ਲਈ ਲੜਾਈ ਬੰਦ ਕਰਕੇ ਲੋਕਾਂ ਲਈ ਅਮਨ-ਅਮਾਨ ਕਾਇਮ ਕੀਤਾ ਜਾਵੇ। ਅੱਜ ਤੋਂ ਬਾਦ ਹੋਣ ਵਾਲੇ ਖ਼ੂਨ-ਖ਼ਰਾਬੇ ਦੇ ਤੁਸੀਂ ਆਪ ਜ਼ੁਮੇਵਾਰ ਹੋਵੋਗੇ। ਸੋ ਇਸ ਸਮੇਂ ਤੋਂ ਫ਼ਾਇਦਾ ਉਠਾ ਕੇ ਅੱਜ ਹੀ ਰਾਤ ਵੇਲੇ ਜੇ ਸਾਰੇ ਸ਼ਹਿਰ ਨੂੰ ਖ਼ਾਲੀ ਕਰ ਜਾਵੋ ਤਾਂ ਤੁਹਾਡੇ ਉਤੇ ਕੋਈ ਵਾਰ ਨਹੀਂ ਕੀਤਾ ਜਾਵੇਗਾ, ਸਗੋਂ ਅਮਨ ਸ਼ਾਂਤੀ ਰੱਖਣ ਲਈ ਪੂਰੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।" ਸੋ ਇਸ ਮਤੇ ਅਨੁਸਾਰ ਨਿਰੰਕਾਰ ਨੂੰ ਇਵੇਂ ਹੀ ਮਨਜ਼ੂਰ ਸੀ। ਖ਼ਾਲਸਾ ਫ਼ੌਜ ਨੇ ਆਪਣੇ ਪ੍ਰਣ ਨੂੰ ਨਿਭਾਇਆ ਤੇ ਖ਼ੁਸ਼ੀ ਖ਼ੁਸ਼ੀ ਮਿੱਠੇ ਟਿਵਾਣੇ ਤੇ ਕਬਜ਼ਾ ਕਰਕੇ ਉਥੇ ਖ਼ਾਲਸਈ ਝੰਡਾ ਝੁਲਾ ਦਿੱਤਾ। ਜਦ ਇਸ ਸਿਆਣਪ ਅਤੇ ਦੂਰ-ਅੰਦੇਸ਼ੀ ਨਾਲ ਪ੍ਰਾਪਤ ਹੋਈ ਫ਼ਤਿਹ ਦਾ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਤਾਂ ਉਹ ਬਾਗ਼ ਬਾਗ਼ ਹੋ ਗਿਆ। ਸਾਰੇ ਲਾਹੌਰ ਵਿਚ ਇਸ ਜਿੱਤ ਦੀਆਂ ਖ਼ੁਸ਼ੀਆਂ ਬੜੀ ਧੂਮ ਧਾਮ ਨਾਲ ਮਨਾਈਆਂ ਗਈਆਂ।

## ਹਿੰਦੂਆਂ ਦੀ ਬੇਪਤੀ ਕਰਨ ਵਾਲੇ ਸੱਯਦਾਂ ਨੂੰ ਕੁਚਲਣਾ :

ਹੁਣ ਵਾਰੀ ਸੀ ਉੱਚ ਦੇ ਸੱਯਦਾਂ ਨੂੰ ਸੋਧਣ ਦੀ। ਸੋ ਸਰਦਾਰ ਹਰੀ ਸਿੰਘ



Digitized by Panjab Digital Library | www.panjabdigilib.org

ਨਲੂਏ ਨੇ ਜਲਦੀ ਹੀ ਮਿੱਠੇ ਟਿਵਾਣੇ ਦਾ ਪ੍ਰਬੰਧ ਕਰਕੇ ਇਨ੍ਹਾਂ ਸੱਯਦ ਪੀਰਾਂ ਦੀ ਸਾਰ ਲੈਣੀ ਸੀ। ਇਹ ਉਹ ਖ਼ੁਦ ਮੁਖ਼ਤਾਰ ਪੀਰ ਸਨ, ਜਿਨ੍ਹਾਂ ਨੇ ਉਥੇ ਹਿੰਦੂਆਂ ਦਾ ਜੀਣਾ ਮੁਸ਼ਕਲ ਕਰ ਰੱਖਿਆ ਸੀ। ਇਹ ਹਿੰਦੂਆਂ ਨੂੰ ਇਤਨੀ ਬੁਰੀ ਨਿਗ੍ਹਾ ਤੇ ਘ੍ਰਿਣਾ ਨਾਲ ਦੇਖਦੇ ਸਨ ਕਿ ਰਾਹ ਜਾਂਦਿਆਂ ਜੇ ਕੋਈ ਹਿੰਦੂ ਸਾਹਮਣੇ ਆ ਜਾਂਦਾ, ਤਾਂ ਇਹ ਲੋਕ ਆਪਣੇ ਮੂੰਹ ਤੇ ਕੱਪੜਾ ਦੇ ਲੈਂਦੇ ਸਨ ਜਾਂ ਹਿੰਦੂ ਦੇ ਮੂੰਹ ਤੇ ਥੁੱਕ ਸੁੱਟਦੇ ਸਨ। ਇਨ੍ਹਾਂ ਦੇ ਅੱਗੇ ਕਿਸੇ ਦਾ ਹੀਆ ਨਹੀਂ ਪੈਂਦਾ ਸੀ ਜੋ ਆਵਾਜ਼ ਉਠਾ ਸਕਦਾ। ਇਨ੍ਹਾਂ ਹਿੰਦੂ ਲੋਕਾਂ ਦਾ ਨੱਕ ਵਿਚ ਦਮ ਕਰ ਛੱਡਿਆ ਸੀ। ਦਿਨ ਦੀਵੀਂ ਲੁੱਟ-ਮਾਰ ਦੀਆਂ ਵਾਰਦਾਤਾਂ ਇਹ ਲੋਕ ਆਮ ਕਰਦੇ ਸਨ।

ਅਜੇਹੀ ਗੰਭੀਰ ਤੇ ਤਰਸ ਯੋਗ ਹਾਲਤ ਨੂੰ ਵੇਖ ਕੇ ਖ਼ਾਲਸਾ ਫ਼ੌਜ ਜਰ ਨਾ ਸਕੀ ਤੇ ਜਲਦੀ ਹੀ ਉੱਚ ਤੇ ਧਾਵਾ ਬੋਲ ਦਿੱਤਾ ਗਿਆ ਤੇ ਸੱਯਦਾਂ ਦੀ ਪਹਿਲੇ ਹੱਲੇ ਵਿਚ ਹੀ ਅਜੇਹੀ ਬੁਰੀ ਦਸ਼ਾ ਕੀਤੀ ਕਿ ਜੋ ਪਹਿਲਾਂ ਹੱਥ ਉਲਾਰ ਉਲਾਰ ਕੇ ਧਾਵੇ ਲਈ ਅੱਗੇ ਵਧਦੇ ਸਨ, ਉਹ ਹੁਣ ਆਪਣੇ ਬਚਾਅ ਲਈ ਥਾਵਾਂ ਲੱਭ ਰਹੇ ਸਨ। ਜੋ ਸੱਯਦ ਹਿੰਦੂਆਂ ਤੋਂ ਘ੍ਰਿਣਾ ਕਰਦੇ ਸਨ ਹੁਣ ਉਨ੍ਹਾਂ ਦੀਆਂ ਅਜੇਹੀਆਂ ਨਜ਼ਰਾਂ ਨੀਵੀਆਂ ਹੋਈਆਂ ਕਿ ਖ਼ਾਲਸੇ ਅੱਗੇ ਆਪਣੀ ਜਾਨ ਦੇ ਬਚਾਉ ਲਈ ਲੇਲੜੀਆਂ ਕੱਢਣ ਲੱਗੇ ਅਤੇ ਤਰਲੇ ਪਾਉਣ ਲੱਗੇ। ਇਸ ਦੇ ਬਦਲੇ ਵਿਚ ਖ਼ਾਲਸੇ ਨੇ ਇਨ੍ਹਾਂ ਸੱਯਦਾਂ ਨੂੰ ਪੱਚੀ ਹਜ਼ਾਰ ਰੁਪਿਆ ਜੁਰਮਾਨਾ ਕੀਤਾ ਤੇ ਅੱਗੇ ਨੂੰ ਅਮਨ ਨਾਲ ਰਹਿਣ ਲਈ ਤਾਕੀਦ ਕੀਤੀ। ਜਦ ਇਸ ਤਰ੍ਹਾਂ ਮਿੱਠੇ ਟਿਵਾਣੇ ਅਤੇ ਉੱਚ ਦੇ ਸੱਯਦਾਂ ਨੂੰ ਮੱਤ ਦੇ ਕੇ ਹਰੀ ਸਿੰਘ ਨਲਵਾ ਅਤੇ ਉਸ ਦੇ ਸਾਥੀ ਲਾਹੌਰ ਪੁੱਜੇ ਤੇ ਮਹਾਰਾਜੇ ਨੂੰ ਉਨ੍ਹਾਂ ਦੋਹਾਂ ਹੀ ਇਲਾਕਿਆਂ ਦੀ ਜਿੱਤ ਦੀ ਬੜੀ ਖ਼ੁਸ਼ੀ ਹੋਈ ਤੇ ਇਸ ਦਾ ਸਿਹਰਾ ਸਰਦਾਰ ਹਰੀ ਸਿੰਘ ਨਲੂਏ ਦੇ ਸਿਰ ਸੀ, ਬੰਨ੍ਹਦਿਆਂ ਹੋਇਆਂ ਮਹਾਰਾਜੇ ਨੇ ਮਿੱਠੇ ਟਿਵਾਣੇ ਦਾ ਸਾਰਾ ਹੀ ਇਲਾਕਾ ਉਸ ਨੂੰ ਜਾਗੀਰ ਵਜੋਂ ਦੇ ਦਿੱਤਾ ਤੇ ਬਾਕੀ ਬਹਾਦੁਰ ਸਰਦਾਰਾਂ ਤੇ ਸਿਪਾਹੀਆਂ ਦੀ ਵੀ ਕਾਫ਼ੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੂੰ ਵੀ ਦਿਲ ਖੋਹਲ ਕੇ ਇਨਾਮ ਦਿੱਤੇ।

## ਕੋਹਿਨੂਰ ਹੀਰਾ ਹਾਸਲ ਕਰਨਾ:

ਜਗਤ ਪ੍ਰਸਿੱਧ ਕੋਹਿਨੂਰ ਹੀਰਾ, ਜਿਸ ਨੂੰ ਕਿ ਬੜੀ ਕੋਸ਼ਿਸ਼ ਨਾਲ ਹਾਸਲ ਕੀਤਾ ਗਿਆ ਸੀ, ਕਿਸ ਤਰ੍ਹਾਂ ਲਾਹੌਰ ਪੁੱਜਾ, ਇਸ ਬਾਰੇ ਵੀ ਇਕ ਦਿਲਚਸਪ ਕਹਾਣੀ ਹੈ। ਜਦ ਸਤੰਬਰ ਸੰਨ ੧੮੧੨ ਈਸਵੀ ਵਿਚ ਕਾਬਲ ਦੇ ਹੁਕਮਰਾਨ ਸ਼ਾਹ ਸ਼ੁਜਾਅ ਦੇ ਪਰਿਵਾਰ ਅਫ਼ਗਾਨਿਸਤਾਨ ਤੋਂ ਭੱਜ ਕੇ ਲਾਹੌਰ ਸ਼ੇਰਿ-ਪੰਜਾਬ ਦੀ ਸ਼ਰਨ ਆਏ ਤੇ ਜਦ ਉਨ੍ਹਾਂ ਨੇ



Digitized by Panjab Digital Library | www.panjabdigilib.org

ਆਪਣੀ ਦੁੱਖ ਭਰੀ ਹਕੀਕਤ ਮਹਾਰਾਜੇ ਨੂੰ ਦੱਸੀ ਤਾਂ ਸ਼ੇਰਿ-ਪੰਜਾਬ ਨੇ ਆਪਣੇ ਸਿਆਣੇ ਅਤੇ ਵਫ਼ਾਦਾਰ ਵਜ਼ੀਰ ਫ਼ਕੀਰ ਅਜ਼ੀਜ਼ੁੱਦੀਨ ਨੂੰ ਉਨ੍ਹਾਂ ਦੀ ਦੇਖ-ਭਾਲ ਲਈ ਮੁਕੱਰਰ ਕੀਤਾ ਤਾਂਕਿ ਉਹ ਉਦਾਸ ਨਾ ਹੋਣ।

ਕਾਬਲ ਦਾ ਵਜ਼ੀਰ ਫ਼ਤਿਹ ਖ਼ਾਂ ਨਵਾਬ ਅਤਾ ਮੁਹੰਮਦ ਪਾਸੋਂ ਕਸ਼ਮੀਰ ਖੋਹਣਾ ਚਾਹੁੰਦਾ ਸੀ। ਉਸ ਨੇ ਮਹਾਰਾਜੇ ਤੋਂ ਮਦਦ ਮੰਗੀ। ਉਨ੍ਹਾਂ ਮਦਦ ਕਰਨ ਲਈ ਭਰੋਸਾ ਦਿਵਾਇਆ। ਜਦ ਇਸ ਬਾਰੇ ਸ਼ਾਹ ਸ਼ੁਜਾਅ ਦੀਆਂ ਬੇਗਮਾਂ ਨੂੰ ਪਤਾ ਲੱਗਿਆ ਤਾਂ ਉਹ ਘਬਰਾ ਗਈਆਂ, ਕਿਉਂਕਿ ਸ਼ਾਹ ਸ਼ੁਜਾਅ ਕਸ਼ਮੀਰ ਵਿਚ ਕੈਦ ਸੀ। ਸ਼ਾਹ ਸ਼ੁਜਾਅ ਦੀ ਬੀਵੀ ਵਫ਼ਾ ਬੇਗਮ ਨੇ ਸ਼ੇਰਿ-ਪੰਜਾਬ ਅੱਗੇ ਪੇਸ਼ਕਸ਼ ਕੀਤੀ ਕਿ ਤੁਸੀਂ ਮੇਰੇ ਪਤੀ ਨੂੰ ਛੁਡਾਓ, ਜੋ ਕਿ ਕਸ਼ਮੀਰ ਵਿਖੇ ਕੈਦ ਵਿਚ ਹੈ, ਇਸ ਦੇ ਬਦਲੇ ਮੈਂ ਤੁਹਾਨੂੰ ਪ੍ਰਸਿੱਧ "ਕੋਹਿਨੂਰ ਹੀਰਾ" ਬਤੌਰ ਭੇਟਾ ਦਿਆਂਗੀ।

ਦੀਵਾਨ ਮੁਹਕਮ ਚੰਦ ਅਤੇ ਸ: ਹਰੀ ਸਿੰਘ ਨਲਵੇ ਦੇ ਕਹਿਣ ਤੇ ਮਹਾਰਾਜੇ ਨੇ ਇਹ ਗੱਲ ਮਨਜ਼ੂਰ ਕਰ ਲਈ। ਨਵਾਬ ਅੱਤਾ ਮੁਹੰਮਦ ਖ਼ਾਨ ਦੇ ਵਿਰੁੱਧ ਮਹਾਰਾਜੇ ਨੇ ਸੈਨਾ ਭੇਜ ਦਿੱਤੀ। ਮੁਕਾਬਲੇ ਵਿਚ ਅੱਤਾ ਮੁਹੰਮਦ ਖ਼ਾਨ ਨੂੰ ਹਾਰ ਹੋਈ। ਜਿਸ ਕਿਲੇ ਵਿਚ ਸ਼ਾਹ ਸ਼ੁਜਾਅ ਕੈਦ ਸੀ ਉਸ ਨੂੰ ਘੇਰ ਲਿਆ ਗਿਆ। ਸ਼ਾਹ ਸ਼ੁਜਾਅ ਨੂੰ ਕੈਦ ਵਿਚੋਂ ਛੁਡਾ ਕੇ ਲਾਹੌਰ ਲਿਆਂਦਾ ਗਿਆ। ਹੁਣ ਕੀਤੇ ਹੋਏ ਕੌਲ ਅਨੁਸਾਰ ਕੋਹਿਨੂਰ ਹੀਰੇ ਦੀ ਮੰਗ ਕੀਤੀ ਗਈ, ਤਾਂ ਸ਼ਾਹ ਸ਼ੁਜਾਅ ਦੀ ਬੇਗਮ ਨੇ ਟਾਲਣ ਲਈ ਕਿਹਾ ਕਿ ਉਹ ਹੀਰਾ ਤਾਂ ਛੇ ਕਰੋੜ ਰੁਪਏ ਵਿਚ ਕਾਬਲ ਵਿਖੇ ਇਕ ਵਪਾਰੀ ਦੇ ਕੋਲ ਗਹਿਣੇ ਰੱਖਿਆ ਹੋਇਆ ਹੈ। ਹਰੀ ਸਿੰਘ ਨਲਵੇ ਨੇ ਕਾਫ਼ੀ ਪੜਤਾਲ ਤੋਂ ਬਾਅਦ ਇਹ ਪਤਾ ਕਰ ਲਿਆ ਕਿ ਅਸਲ ਹੀਰਾ ਤਾਂ ਇਨ੍ਹਾਂ ਕੋਲ ਹੀ ਹੈ ਤੇ ਐਵੇਂ ਬਹਾਨੇ ਬਣਾਏ ਜਾ ਰਹੇ ਹਨ। ਮਹਾਰਾਜੇ ਵਲੋਂ ਕਾਬਲ ਦੇ ਸ਼ਾਹੀ ਪਰਿਵਾਰ ਤੇ ਹੁਣ ਕਰੜੀ ਨਿਗ੍ਹਾ ਰੱਖੀ ਗਈ। ਆਖਰ ੧ ਜੂਨ, ਸੰਨ ੧੮੧੩ ਈਸਵੀ ਨੂੰ ਤੰਗ ਆ ਕੇ ਵਫ਼ਾ ਬੇਗਮ ਦੇ ਜ਼ੋਰ ਪਾਉਣ ਤੇ ਸ਼ਾਹ ਸ਼ੁਜਾਅ ਨੇ ਹੀਰਾ ਮਹਾਰਾਜੇ ਨੂੰ ਦੇ ਦਿੱਤਾ। ਉਹ ਕੋਹਿਨੂਰ ਹੀਰਾ ਦੇਖ ਕੇ ਮਹਾਰਾਜਾ ਬਹੁਤ ਖ਼ੁਸ਼ ਹੋਇਆ। ਇਹ ਹੀਰਾ ਮਹਾਰਾਜੇ ਤੋਂ ਬਾਦ ਖੜਗ ਸਿੰਘ, ਨੌਨਿਹਾਲ ਸਿੰਘ, ਸ਼ੇਰ ਸਿੰਘ ਅਤੇ ਦਲੀਪ ਸਿੰਘ ਦੇ ਪਾਸ ਰਿਹਾ। ਸਿੱਖਾਂ ਦੀ ਦੂਜੀ ਲੜਾਈ ਤੋਂ ਬਾਅਦ ਸੰਨ ੧੮੪੯ ਈਸਵੀ ਵਿਚ ਪੰਜਾਬ ਜ਼ਬਤ ਹੋ ਜਾਣ ਤੇ ਇਹ ਹੀਰਾ ਅੰਗਰੇਜ਼ੀ ਹਕੂਮਤ ਨੇ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਦਾ ਮੁੱਲ ਛੇ ਕਰੋੜ ਰੁਪਏ ਮੰਨਿਆ ਜਾਂਦਾ ਹੈ। ਅੱਜ ਕੱਲ ਇਹ ਹੀਰਾ ਇੰਗਲੈਂਡ ਦੀ ਮਹਾਰਾਣੀ ਦੇ ਮੁਕਟ ਵਿਚ ਜੜਿਆ ਹੋਇਆ ਹੈ।



ਰਵਿੰਦਰ ਸਿੰਘ
੫-੩-੭੫

Digitized by Panjab Digital Library | www.panjabdigilib.org

# ਅਟਕ ਦੇ ਕਿਲੇ ਤੇ ਕਬਜ਼ਾ

ਹੁਣ ਖ਼ਤਰਾ ਸੀ ਤਾਂ ਪੰਜਾਬ ਨੂੰ ਅਫ਼ਗਾਨਾਂ ਵੱਲੋਂ, ਕਿਉਂਕਿ ਉਨ੍ਹਾਂ ਦੇ ਫ਼ੌਜੀ ਸੰਗਠਨ ਲਈ ਪ੍ਰਸਿੱਧ ਕਿਲਾ ਅਟਕ ਮੌਜੂਦ ਸੀ, ਜਿਸ ਦੇ ਉਤੇ ਖ਼ਾਲਸੇ ਦੀ ਪੂਰੀ ਤਰਾਂ ਨਜ਼ਰ ਲੱਗੀ ਹੋਈ ਸੀ। ਇਕ ਇਹੋ ਹੀ ਰਸਤਾ ਸੀ ਪੰਜਾਬ ਉੱਤੇ ਅਫ਼ਗਾਨਾਂ ਦੇ ਧਾਵਿਆਂ ਦਾ, ਇਸ ਲਈ ਇਸ ਪਾਸੇ ਵੀ ਧਿਆਨ ਨਾ ਦੇਣਾ ਇਕ ਵੱਡੀ ਗ਼ਲਤੀ ਸੀ। ਸੋ ਮਹਾਰਾਜੇ ਨੇ ਕਾਫ਼ੀ ਸੋਚ ਵਿਚਾਰ ਮਗਰੋਂ ਇਹ ਕੰਡਾ ਵੀ ਕੱਢ ਹੀ ਦੇਣਾ ਯੋਗ ਸਮਝਿਆ, ਜਦੋਂ ਕਿ ਸਰਦਾਰ ਹਰੀ ਸਿੰਘ ਨਲੂਆ ਤੇ ਦੀਵਾਨ ਮੁਹਕਮ ਚੰਦ ਦੀ ਸੌਂਪਣੀ ਵਿਚ ੧੨ ਜੁਲਾਈ ਸੰਨ ੧੮੧੩ ਈਸਵੀ ਨੂੰ ਭਾਰੀ ਫ਼ੌਜ ਤੇ ਤੋਪਾਂ ਨਾਲ ਅਟਕ ਉਤੇ ਚੜ੍ਹਾਈ ਕਰ ਦਿੱਤੀ।

ਅਟਕ ਦਾ ਕਿਲਾ ਉਸ ਸਮੇਂ ਅਫ਼ਗਾਨ ਸਰਦਾਰ ਜਹਾਂਦਾਦ ਖ਼ਾਂ ਦੇ ਅਧੀਨ ਸੀ। ਜਹਾਂਦਾਦ ਖ਼ਾਂ ਕਸ਼ਮੀਰ ਦੇ ਸੂਬੇਦਾਰ ਅਤਾ ਮੁਹੰਮਦ ਖ਼ਾਂ ਦਾ ਸਕਾ ਭਰਾ ਸੀ। ਕਸ਼ਮੀਰ ਦੀ ਹਾਰ ਵੇਖ ਕੇ ਉਸ ਨੂੰ ਆਪਣਾ ਡਰ ਵੀ ਪੈ ਗਿਆ ਸੀ। ਨਾਲੇ ਜਹਾਂਦਾਦ ਖ਼ਾਂ ਨੂੰ ਇਹ ਵੀ ਪਤਾ ਸੀ ਕਿ ਉਹ ਇਕੱਲਾ ਵਜ਼ੀਰ ਫ਼ਤਿਹ ਖ਼ਾਂ ਤੇ ਸ਼ਾਹ ਮਹਿਮੂਦ ਕਾਬਲ ਵਾਲੇ ਦਾ ਮੁਕਾਬਲਾ ਨਹੀਂ ਕਰ ਸਕੇਗਾ। ਇਸ ਲਈ ਉਸ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਲਿਖਾ-ਪੜ੍ਹੀ ਸ਼ੁਰੂ ਕਰ ਦਿੱਤੀ ਤੇ ਇਸ ਸ਼ਰਤ ਨਾਲ ਕਿਲਾ ਖ਼ਾਲੀ ਕਰਨ ਲਈ ਤਿਆਰ ਹੋ ਗਿਆ ਕਿ ਜੇ ਉਸ ਨੂੰ ਮਹਾਰਾਜੇ ਵੱਲੋਂ ਗੁਜ਼ਾਰੇ ਲਈ ਜਾਗੀਰ ਮਿਲ ਜਾਵੇ। ਮਹਾਰਾਜੇ ਨੇ ਵਜ਼ੀਰਾਬਾਦ ਦਾ ਇਲਾਕਾ ਜਹਾਂਦਾਦ ਖ਼ਾਂ ਨੂੰ ਜਾਗੀਰ ਵਜੋਂ ਦੇਣਾ ਕੀਤਾ ਤੇ ਅਟਕ ਦੇ ਕਿਲੇ ਤੇ ਕਬਜ਼ਾ ਕਰਨ ਲਈ ਆਪਣੀਆਂ ਫ਼ੌਜਾਂ ਭੇਜੀਆਂ। ਅਫ਼ਗਾਨ ਫ਼ੌਜਾਂ ਦੀਆਂ ਇਕ ਲੱਖ ਰੁਪਏ ਦੇ ਕਰੀਬ ਤਨਖ਼ਾਹਾਂ ਜਹਾਂਦਾਦ ਖ਼ਾਂ ਵੱਲ ਨਿਕਲਦੀਆਂ ਸਨ। ਉਨ੍ਹਾਂ ਨੇ ਇਹ ਰਕਮ ਮਹਾਰਾਜੇ ਦੇ ਅਫ਼ਸਰਾਂ ਪਾਸੋਂ ਮੰਗੀ। ਮਹਾਰਾਜੇ ਨੇ ਇਹ ਰਕਮ ਵੀ ਦੇ ਦਿੱਤੀ ਤੇ ਕਿਲੇ ਤੇ ਆਪਣਾ ਕਬਜ਼ਾ ਕਰਕੇ ਉਥੇ ਖ਼ਾਲਸਈ ਝੰਡਾ ਝੁਲਾ ਦਿੱਤਾ।

## ਸਿੱਖਾਂ ਤੇ ਅਫ਼ਗਾਨਾਂ ਦੀ ਪਹਿਲੀ ਜੰਗ :

ਵਜ਼ੀਰ ਫ਼ਤਿਹ ਖ਼ਾਂ ਕਾਬਲ ਨੂੰ ਜਹਾਂਦਾਦ ਖ਼ਾਂ ਦੀ ਇਸ ਕਾਰਰਵਾਈ ਦਾ ਉਸ ਵੇਲੇ ਪਤਾ ਲੱਗਿਆ ਜਦੋਂ ਮਹਾਰਾਜੇ ਦਾ ਅਟਕ ਦੇ ਕਿਲੇ ਤੇ ਪੂਰੀ ਤਰ੍ਹਾਂ ਕਬਜ਼ਾ ਹੋ ਚੁੱਕਿਆ ਸੀ। ਇਸ ਤੋਂ ਉਹ ਬਹੁਤ ਹੀ ਸਟਪਟਾਇਆ। ਉਸ ਨੇ ਕਸ਼ਮੀਰ ਦੀ ਸੂਬੇਦਾਰੀ ਆਪਣੇ ਭਰਾ ਅਜ਼ੀਮ ਖ਼ਾਂ ਦੇ ਸਪੁਰਦ ਕੀਤੀ ਤੇ ਇਕ ਤਕੜੀ ਫ਼ੌਜ ਆਪਣੇ ਭਰਾ ਦੋਸਤ



Digitized by Panjab Digital Library | www.panjabdigilib.org

ਮੁਹੰਮਦ ਖ਼ਾਂ ਦੀ ਨਿਗਰਾਨੀ ਹੇਠ ਅਟਕ ਵੱਲ ਭੇਜ ਦਿੱਤੀ ਤੇ ਆਪ ਵੀ ਪਿਸ਼ਾਵਰ ਪਹੁੰਚ ਗਿਆ ।

ਅਫ਼ਗਾਨੀ ਫ਼ੌਜਾਂ ਨੇ ਅਟਕ ਦੇ ਕਿਲੇ ਨੂੰ ਘੇਰ ਲਿਆ । ਕਿਲੇ ਵਿਚ ਰਸਦ ਦੀ ਤੰਗੀ ਆ ਗਈ, ਇਸ ਲਈ ਸਿੱਖ ਫ਼ੌਜਾਂ ਨੇ ਪਠਾਣਾਂ ਦੇ ਕੈਂਪ ਤੇ ਹੱਲਾ ਬੋਲ ਦਿੱਤਾ । ਬਹੁਤ ਸਾਰੇ ਪਠਾਣ ਮਾਰੇ ਗਏ । ਫਿਰ ਅਟਕ ਤੋਂ ਪੰਜ ਮੀਲ ਦਰਿਆ ਸਿੰਧ ਕੰਢੇ ਹੈਦਰੂ ਦੇ ਸਥਾਨ ਪਰ ਸਿੱਖਾਂ ਤੇ ਪਠਾਣਾਂ ਦੀ ਦੂਜੀ ਮੁੱਠ-ਭੇੜ ਹੋਈ । ਫ਼ਤਿਹ ਖ਼ਾਨ ਤੇ ਦੋਸਤ ਮੁਹੰਮਦ ਖ਼ਾਨ ਉਨ੍ਹਾਂ ਦੇ ਮੁਖੀਏ ਆਪਣੇ ਲਸ਼ਕਰ ਨੂੰ ਵੰਗਾਰ ਰਹੇ ਸਨ । ਖ਼ਾਲਸੇ ਦੇ ਹੜ੍ਹ ਨੂੰ ਵੇਖ ਕੇ ਵੈਰੀਆਂ ਨੇ ਆਪਣੀਆਂ ਤੋਪਾਂ ਨਾਲ ਰੋਕਣਾ ਚਾਹਿਆ, ਪਰ ਅੱਗੋਂ ਖ਼ਾਲਸਾ ਵੀ ਕਿਹੜਾ ਘੱਟ ਸੀ, ਉਸ ਨੇ ਤੋਪਾਂ ਦਾ ਜਵਾਬ ਤੋਪਾਂ ਨਾਲ ਹੀ ਦਿੱਤਾ । ਇਉਂ ਰਣ ਦਾ ਅਖਾੜਾ ਚੰਗੀ ਤਰ੍ਹਾਂ ਭੱਖ ਗਿਆ । ਖ਼ੂਬ ਨੇਜ਼ੇ ਤੇ ਤਲਵਾਰ ਖੜਕੀ । ਸੂਰਜ ਢਲਦਿਆਂ ਹੀ ਕਿਤੇ ਜਾ ਕੇ ਲੜਾਈ ਮੱਠੀ ਪਈ । ਪਰ ਫਿਰ ਵੀ ਫ਼ੌਜਾਂ ਦਾ ਰੋਹ ਪਲੋ ਪਲ ਵਧਦਾ ਜਾ ਰਿਹਾ ਸੀ । ਆਖ਼ਰ ਰਾਤ ਦੇ ਹਨੇਰੇ ਨੇ ਦੋਹਾਂ ਧਿਰਾਂ ਨੂੰ ਲੜਾਈ ਬੰਦ ਕਰਨ ਲਈ ਮਜਬੂਰ ਕੀਤਾ ।

ਲੜਾਈ ਦੇ ਸਮੇਂ ਆਗੂ ਜਰਨੈਲਾਂ ਨੂੰ ਘੱਟ ਹੀ ਆਰਾਮ ਨਸੀਬ ਹੋਇਆ ਕਰਦਾ ਹੈ, ਕਿਉਂਕਿ ਉਨ੍ਹਾਂ ਨੇ ਰਾਤ ਸਮੇਂ ਕੱਲ੍ਹ ਨੂੰ ਹੋਣ ਵਾਲੀ ਲੜਾਈ ਬਾਰੇ ਘਾੜਤਾਂ ਅਤੇ ਸਕੀਮਾਂ ਸੋਚਣੀਆਂ ਹੁੰਦੀਆਂ ਹਨ । ਉਹ ਵਿਚਾਰਦੇ ਹਨ ਕਿ ਕਿਸ ਪਾਸਿਓਂ ਹੱਲਾ ਬੋਲਿਆਂ ਸਫਲਤਾ ਹੋ ਸਕਦੀ ਹੈ । ਸਰਦਾਰ ਹਰੀ ਸਿੰਘ ਨਲੂਆ ਆਪਣੇ ਸਾਥੀ ਜਰਨੈਲ ਮੁਹਕਮ ਚੰਦ ਅਤੇ ਹੋਰ ਆਗੂਆਂ ਨਾਲ ਅਜੇਹੀਆਂ ਵਿਉਂਤਾਂ ਵਿਚ ਰੁੱਝਿਆ ਹੋਇਆ ਸੀ । ਉਸ ਨੇ ਪਹੁ ਫੁਟਦਿਆਂ ਹੀ ਆਪਣੀ ਫ਼ੌਜ ਨੂੰ ਸਿਆਣਪ ਨਾਲ ਚਾਰ ਅਜੇਹੇ ਭਾਗਾਂ ਵਿਚ ਵੰਡਿਆ ਕਿ ਜਿਸ ਦੀ ਮਿਸਾਲ ਕਿਤੋਂ ਨਹੀਂ ਮਿਲਦੀ । ਸਭ ਤੋਂ ਅੱਗੇ ਸਰਦਾਰ ਹਰੀ ਸਿੰਘ, ਸਮੇਤ ਆਪਣੇ ਘੋੜ-ਸਵਾਰਾਂ ਅਤੇ ਤੋਪਖ਼ਾਨੇ ਦੇ । ਤੋਪਖ਼ਾਨਾ ਅਜੇਹੇ ਢੰਗ ਨਾਲ ਬੀੜਿਆ ਹੋਇਆ ਸੀ ਕਿ ਵੈਰੀ ਤੇ ਪੈਂਦੀ ਸੱਟ ਹੀ ਸ਼ੀਂਹ ਦੀ ਤਰ੍ਹਾਂ ਟੁੱਟ ਪਏ । ਵੈਰੀ ਨੂੰ ਆਪਣੇ ਹਥਿਆਰ ਵੀ ਸੰਭਾਲਣੇ ਕਠਿਨ ਹੋ ਗਏ । ਕਈ ਪਠਾਣ ਵਿਚਾਰੇ ਤਾਂ ਉਂਜ ਦੇ ਉਂਜ ਹੀ ਘੋੜ-ਚੜ੍ਹਿਆਂ ਦੇ ਪੈਰਾਂ ਹੇਠ ਲਤਾੜੇ ਗਏ । ਬਾਕੀ ਜਿਨ੍ਹਾਂ ਆਪਣੇ ਆਪ ਨੂੰ ਸੰਭਾਲ ਲਿਆ ਸੀ ਉਨ੍ਹਾਂ ਇਸ ਜੰਗ ਦੇ ਮੈਦਾਨ ਵਿਚ ਅਜੇਹੀ ਬਹਾਦਰੀ ਵਿਖਾਈ ਕਿ ਖ਼ਾਲਸਾ ਫ਼ੌਜ, ਜੋ ਐਨੀ ਤੇਜ਼ੀ ਨਾਲ ਵੈਰੀਆਂ ਤੇ ਟੁੱਟ ਪਈ ਸੀ ਹੁਣ ਉਸ ਲਈ ਅਗਾਂਹ ਵਧਣਾ ਮੁਸ਼ਕਲ ਹੋ ਗਿਆ । ਦੁਪਾਸਿਓਂ ਉਥੇ ਹੀ ਡਟ ਕੇ ਮੁਕਾਬਲਾ ਹੋਇਆ । ਖ਼ੂਨ ਦੀਆਂ ਨਦੀਆਂ ਵਹਿ ਤੁਰੀਆਂ ਤੇ ਲੋਥਾਂ ਦੇ ਢੇਰ ਲੱਗ ਗਏ ।

ਇਕ ਪਾਸੇ ਨਲਵਾ ਸਰਦਾਰ ਆਪਣੀ ਫ਼ੌਜ ਦੇ ਹੌਸਲੇ ਵਧਾ ਰਿਹਾ ਸੀ ਤ



Digitized by Panjab Digital Library | www.panjabdigilib.org

ਦੂਜੇ ਪਾਸੇ ਬਹਾਦਰ ਦੋਸਤ ਮੁਹੰਮਦ ਖ਼ਾਨ ਆਪਣੀ ਫ਼ੌਜ ਨੂੰ ਹੌਸਲਾ ਦੇ ਰਿਹਾ ਸੀ। ਇਸ ਤਰ੍ਹਾਂ ਮੈਦਾਨ ਬੜਾ ਭਖਿਆ ਹੋਇਆ ਸੀ। ਹਰ ਪਾਸਿਓਂ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਤੇ 'ਅੱਲਾ ਹੂ ਅਕਬਰ' ਦੀ ਗੂੰਜ ਸੁਣਾਈ ਦੇ ਰਹੀ ਸੀ। ਦੋਵੇਂ ਧਿਰਾਂ ਸਿਰ ਧੜ ਦੀ ਬਾਜ਼ੀ ਲਾ ਕੇ ਲੜ ਰਹੀਆਂ ਸਨ। ਜਿੱਤ ਹਾਰ ਦੀ ਅਜੇ ਤਕ ਕਿਸੇ ਪਾਸਿਓਂ ਸੰਭਾਵਨਾ ਨਹੀਂ ਹੋ ਰਹੀ ਸੀ। ਦੋਵੇਂ ਫ਼ੌਜਾਂ ਇਕ ਦੂਜੇ ਨੂੰ ਇਉਂ ਮੁਰੰਡੀ ਜਾ ਰਹੀਆਂ ਸਨ ਜਿਵੇਂ ਧਰਤੀ ਤੇ ਸ਼ੈਤਾਨ ਦਾ ਵਾਸਾ ਹੋ ਗਿਆ ਹੁੰਦਾ ਹੈ ਤੇ ਜੋ ਬੇ-ਰਹਿਮੀ ਨਾਲ ਆਪਣੇ ਆਸ-ਪਾਸ ਨੂੰ ਮਿਟਾਈ ਜਾਣ ਤੇ ਤੁਲਿਆ ਹੋਇਆ ਹੁੰਦਾ ਹੈ।

ਪਰ ਅੰਤ ਵਿਚ ਖ਼ਾਲਸੇ ਦੀ ਘਾਲ ਥਾਂਇ ਪਈ, ਕਿਉਂਕਿ ਇਸ ਖ਼ੂਨ ਖ਼ਰਾਬੇ ਦਾ ਅਸਲ ਜ਼ੁਮੇਵਾਰ ਹੀ ਦੋਸਤ ਮੁਹੰਮਦ ਖ਼ਾਨ ਅਫ਼ਗ਼ਾਨ ਸੀ, ਜੋ ਵਧੀਕੀਆਂ ਤੋਂ ਬਾਜ਼ ਨਹੀਂ ਸੀ ਆਉਂਦਾ ਤੇ ਇਸ ਤਰ੍ਹਾਂ ਉਸ ਨੂੰ ਆਪਣੇ ਕੀਤੇ ਦੀ ਸਜ਼ਾ ਮਿਲਣੀ ਹੀ ਸੀ। ਹੁਣ ਇਸ ਜ਼ੋਰ-ਸ਼ੋਰ ਦੀ ਲੜਾਈ ਵਿਚ ਜਿੱਥੇ ਗੋਲੀਆਂ ਦੀ ਵਾਛੜ ਹੋ ਰਹੀ ਸੀ, ਉਥੇ ਨੇਜ਼ੇ ਤੇ ਤਲਵਾਰਾਂ ਦੀ ਛਣਕਾਰ ਨਾਲ ਧਰਤ ਤੇ ਅਕਾਸ਼ ਗੂੰਜ ਉਠੇ। ਹੱਥੋ ਹੱਥੀ ਸਿਰੀ ਸਾਹਿਬ ਚਲ ਰਹੀ ਸੀ। ਇਸ ਹੱਥੋ ਪਾਈ ਵਿਚ ਬਹਾਦਰ ਦੋਸਤ ਮੁਹੰਮਦ ਖ਼ਾਨ ਖ਼ਾਲਸੇ ਦੇ ਇਕ ਬੀਰ ਸਰਦਾਰ ਜੀਵੰਤ ਸਿੰਘ ਮੋਕਲ ਨਾਲ ਮੁਕਾਬਲਾ ਕਰ ਰਹਿਆ ਸੀ। ਇਸ ਫ਼ੁਰਤੀਲੇ ਜਵਾਨ ਨੇ ਐਸਾ ਵਾਰ ਕੀਤਾ ਕਿ ਬਹਾਦਰ ਦੋਸਤ ਮੁਹੰਮਦ ਖ਼ਾਨ ਨੂੰ ਜ਼ਖ਼ਮੀ ਕਰਕੇ ਜ਼ਮੀਨ ਤੇ ਸੁੱਟ ਦਿੱਤਾ, ਉਹ ਜ਼ਖ਼ਮੀ ਦੀ ਹਾਲਤ ਵਿਚ ਹੀ ਉਠਿਆ ਤੇ ਮੈਦਾਨ ਛੱਡ ਗਿਆ। ਇਸ ਤੋਂ ਅਫ਼ਗ਼ਾਨਾਂ ਦੇ ਹੌਸਲੇ ਹੋਰ ਵੀ ਟੁੱਟ ਗਏ। ਆਪਣੇ ਆਗੂ ਬਾਰੇ ਸੁਣ ਕੇ ਕਿ ਉਹ ਮਦਾਨ ਛੱਡ ਗਿਆ ਹੈ, ਅਫ਼ਗ਼ਾਨ ਫ਼ੌਜ ਵਿਚ ਕੁਝ ਹਫੜਾ-ਦਫੜੀ ਮੱਚ ਗਈ। ਬਹੁਤ ਜਲਦੀ ਹੀ ਅਫ਼ਗ਼ਾਨ ਮੈਦਾਨ ਖ਼ਾਲੀ ਕਰਕੇ ਨੌਂ ਦੋ ਗਿਆਰਾਂ ਹੋ ਗਏ। ਹੁਣ ਖ਼ਾਲਸੇ ਨੇ ਬਿਨਾਂ ਕਿਸੇ ਖ਼ੂਨ ਖ਼ਰਾਬੇ ਦੇ ਪ੍ਰਸਿੱਧ ਇਤਿਹਾਸਿਕ ਕਿਲ੍ਹੇ ਅਟਕ ਤੇ ਆਪਣਾ ਕਬਜ਼ਾ ਕਰਕੇ ਆਪਣਾ ਬਸੰਤੀ ਝੰਡਾ ਕਿਲ੍ਹੇ ਤੇ ਝੁਲਾ ਦਿੱਤਾ। ਇਸ ਲੜਾਈ ਤੋਂ ਸਦਾ ਵਾਸਤੇ ਅਫ਼ਗ਼ਾਨਾਂ ਦੇ ਦਿਲਾਂ ਉਤੇ ਖ਼ਾਲਸੇ ਦੀ ਬਹਾਦਰੀ ਦਾ ਸਿੱਕਾ ਬੈਠ ਗਿਆ। ਇਸ ਲੜਾਈ ਦੇ ਨਤੀਜੇ ਵਜੋਂ ਕਈ ਤੋਪਾਂ, ਕਾਫ਼ੀ ਜੰਗੀ ਸਮਾਨ, ਊਠ ਤੇ ਘੋੜੇ ਆਦਿ ਸਿੱਖਾਂ ਦੇ ਹੱਥ ਆਏ। ਵਜ਼ੀਰ ਫ਼ਤਿਹ ਖ਼ਾਂ ਨੇ ਨੱਠ ਕੇ ਪਿਸ਼ਾਵਰ ਜਾ ਸਿਰ ਕੱਢਿਆ। ਇਹ ਲੜਾਈ ੧੩ ਜੁਲਾਈ, ਸੰਨ ੧੮੧੩ ਈ: ਨੂੰ ਹੋਈ ਸੀ।*

ਸ਼ੇਰਿ ਪੰਜਾਬ ਨੂੰ ਜਦ ਨਲਵੇ ਸਰਦਾਰ ਨੇ ਇਸ ਮਹਾਨ ਜਿੱਤ ਦੀ ਖ਼ਬਰ ਭੇਜੀ ਤਾਂ ਉਹ ਬਹੁਤ ਹੀ ਪ੍ਰਸੰਨ ਹੋਏ ਤੇ ਖ਼ੁਸ਼ੀ ਵਿਚ ਉਦੋਂ ਹੀ ਖ਼ਬਰ ਪਹੁੰਚਾਣ ਵਾਲੇ ਨੂੰ ਸੋਨੇ ਦੇ ਬਹੁਮੁੱਲੇ ਕੜਿਆਂ ਨਾਲ ਸ਼ਿੰਗਾਰ ਦਿੱਤਾ। ਮਹਾਰਾਜੇ ਨੇ ਲਾਹੌਰ, ਅੰਮ੍ਰਿਤਸਰ ਤੇ ਬਟਾਲੇ

---

*ਦੇਖੋ, ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ (੧੮੯੧ ਈ:) ਸਫ਼ੇ ੩੯੬—੯੭।



Digitized by Panjab Digital Library | www.panjabdigilib.org

ਵਿਚ ਦੀਪਮਾਲਾ ਕਰਵਾਉਣ ਲਈ ਹੁਕਮ ਜਾਰੀ ਕਰ ਦਿੱਤਾ ਤਾਂ ਜੋ ਇਸ ਤੋਂ ਪੰਜਾਬੀ ਜੋਧਿਆਂ ਦੀ ਹੋਰ ਵੀ ਹੌਸਲਾ ਅਫ਼ਜ਼ਾਈ ਹੋਵੇ। ਫੇਰ ਮਹਾਰਾਜੇ ਨੇ ਆਪ ਆ ਕੇ ਆਪਣੀ ਅੱਖੀਂ ਅਟਕ ਦਾ ਇਹ ਮਹਾਨ ਕਿਲਾ ਤੇ ਲੜਾਈ ਦਾ ਮੈਦਾਨ ਦੇਖਿਆ। ਸਰਦਾਰ ਜੀਵੰਤ ਸਿੰਘ ਨੂੰ ਉਸ ਦੀ ਬਹਾਦਰੀ ਵਜੋਂ ਰਾਜ-ਸਨਮਾਨ ਦਿੱਤਾ ਤੇ ਹੋਰ ਬਹਾਦਰਾਂ ਨੂੰ ਜਾਗੀਰਾਂ ਦਿੱਤੀਆਂ।

## ਅਟਕ ਦੇ ਕਿਲੇ ਦੀ ਇਤਿਹਾਸਿਕ ਮਹੱਤਤਾ:

ਅਟਕ ਦੇ ਕਿਲੇ ਦੀ ਜਿੱਤ ਮਹਾਰਾਜੇ ਵਾਸਤੇ ਇਕ ਮਹਾਨ ਚੀਜ਼ ਸੀ। ਇਹ ਕਿਲਾ ਦਰਿਆ ਅਟਕ ਦੇ ਕੰਢੇ ਉਤੇ ਉਸ ਰਸਤੇ ਤੇ ਹੈ ਜੇਹੜਾ ਮੱਧ ਏਸ਼ੀਆ ਤੋਂ ਚਲ ਕੇ ਹਿੰਦੁਸਤਾਨ ਦੇ ਮੈਦਾਨੀ ਇਲਾਕਿਆਂ ਤੱਕ ਆਉਂਦਾ ਹੈ। ਸੰਮਤ ੧੦,੦੦ ਵਿਚ ਜਦੋਂ ਇਹ ਕਿਲਾ ਰਾਜਾ ਜੈਪਾਲ ਦੇ ਹੱਥੋਂ ਨਿਕਲ ਗਿਆ ਸੀ, ਉਦੋਂ ਤੋਂ ਲਗਾਤਾਰ ਅੱਠ ਸੌ ਵਰ੍ਹੇ ਇਸ ਰਾਹੀਂ ਮੁਸਲਮਾਨ ਹਮਲਾਆਵਰ ਪੰਜਾਬ ਉਤੇ ਹਮਲੇ ਕਰਦੇ ਰਹੇ। ਇਸ ਕਿਲੇ ਉਤੇ ਕਬਜ਼ਾ ਕਰਕੇ ਇਕ ਪਾਸੇ ਤਾਂ ਮਹਾਰਾਜੇ ਨੇ ਹਮਲਾਵਰਾਂ ਨੂੰ ਰੋਕਿਆ ਤੇ ਦੂਜੇ ਪਾਸੇ ਦਸ ਸਾਲ ਬਾਦ ਇਸ ਦੇ ਨਤੀਜੇ ਵਜੋਂ ਮਹਾਰਾਜੇ ਨੇ ਪਿਸ਼ਾਵਰ ਦਾ ਇਲਾਕਾ ਫ਼ਤਹਿ ਕਰ ਲਿਆ ਤੇ ਉਸ ਤੋਂ ਦਸ ਸਾਲ ਪਿਛੋਂ ਖ਼ਾਲਸੇ ਦਾ ਕੇਸਰੀ ਝੰਡਾ ਜਮਰੌਦ ਦੇ ਕਿਲੇ ਤੇ ਜਾ ਲਹਿਰਾਇਆ। ਸੋ ਅਟਕ ਦਾ ਇਹ ਕਿਲੇ ਵਾਲਾ ਇਲਾਕਾ ਅਫ਼ਗਾਨਾਂ ਦੇ ਹੱਥੋਂ ਨਿਕਲ ਜਾਣਾ ਹਿੰਦੁਸਤਾਨ ਵਿਚ ਉਨ੍ਹਾਂ ਦੀ ਸਿਆਸੀ ਮੌਤ ਦੀ ਨਿਸ਼ਾਨੀ ਸੀ।

# ਕਸ਼ਮੀਰ ਤੇ ਚੜ੍ਹਾਈ

ਸੰਨ ੧੮੧੩ ਈ: ਵਿਚ ਖ਼ਾਲਸੇ ਨੇ ਕਸ਼ਮੀਰ ਉਤੇ ਪਹਿਲੀ ਵਰ ਚੜ੍ਹਾਈ ਕੀਤੀ ਤੇ ਫੇਰ ੧੮੧੪ ਈਸਵੀ ਵਿਚ ਕਸ਼ਮੀਰ ਤੇ ਦੋਬਾਰਾ ਚੜ੍ਹਾਈ ਕਰਨ ਦਾ ਫ਼ੈਸਲਾ ਕੀਤਾ। ਪਹਾੜੀ ਰਾਜਿਆਂ ਨੂੰ ਹੁਕਮ ਕੀਤਾ ਗਿਆ ਕਿ ਉਹ ਆਪੋ ਆਪਣੀਆਂ ਫ਼ੌਜਾਂ ਲੈ ਕੇ ਸਰਕਾਰੀ ਲਸ਼ਕਰ ਦੇ ਨਾਲ ਸ਼ਾਮਲ ਹੋਣ। ਵਜ਼ੀਰਾਬਾਦ ਵਿਖੇ ਸਾਰੀਆਂ ਫ਼ੌਜਾਂ ਦੀ ਪਰੀਖਿਆ ਕੀਤੀ ਗਈ ਅਤੇ ਇਹ ਫ਼ੌਜਾਂ ਗੁਜਰਾਤ-ਭਿੰਬਰ ਤੋਂ ਹੁੰਦੀਆਂ ਹੋਈਆਂ ਰਾਜੌੜੀ ਪੁੱਜੀਆਂ। ਇਥੇ ਪਹੁੰਚ ਕੇ ਫ਼ੌਜ ਦੀ ਵੰਡ ਕੀਤੀ ਗਈ। ਸਰਦਾਰ ਹਰੀ ਸਿੰਘ ਨਲਵਾ, ਸਰਦਾਰ ਜੋਧ ਸਿੰਘ ਕਲਸੀਆ, ਸਰਦਾਰ ਮਿੱਤ ਸਿੰਘ ਪਧਾਣੀਆਂ, ਸਰਦਾਰ ਦਲ ਸਿੰਘ ਤੇ ਗੋਸ਼ੇ ਖ਼ਾਂ ਦਰੋਗਾ ਤੋਪਖ਼ਾਨਾ ਬਹਿਰਾਮ ਗਲੇ ਦੇ ਰਸਤੇ ਅੱਗੇ ਪੀਰ ਪੰਜਾਲ ਵਲ ਵਧੇ। ਦੀਵਾਨ ਰਾਮ ਦਿਆਲ ਦੀ ਕਮਾਨ ਹੇਠਾਂ ਉਸ ਸਮੇਂ ਤੀਹ ਹਜ਼ਾਰ ਫ਼ੌਜ ਸੀ। ਦੂਸਰਾ ਦਸਤਾ, ਜਿਸ ਦੀ ਕਮਾਨ ਮਹਾਰਾਜਾ ਸਾਹਿਬ ਆਪ ਕਰ ਰਹੇ ਸਨ, ਪੁੱਣਛ ਦੇ ਰਸਤੇ ਅੱਗੇ ਵਧਿਆ। ਬਹਿਰਾਮ ਗਲੇ



Digitized by Panjab Digital Library | www.panjabdigilib.org

ਦੇ ਕੋਲ ਲੜਾਈ ਹੋਈ। ਸਿੱਖ ਫ਼ੌਜਾਂ ਅੱਗੇ ਵਧਦੀਆਂ ਗਈਆਂ। ਅਗਲੇ ਹੀ ਦਿਨ ਸਿੱਖ ਫ਼ੌਜਾਂ ਅਤੇ ਵਜ਼ੀਰ ਰੁਹੇਲਾ ਖ਼ਾਨ ਦੀਆਂ ਫ਼ੌਜਾਂ ਵਿਚਕਾਰ ਵੀ ਕਾਫ਼ੀ ਝੜਪ ਹੋਈ, ਪਰ ਵਾਦੀ ਕਸ਼ਮੀਰ ਵਿਚ ਅਚਾਣਕ ਨਦੀ ਨਾਲਿਆਂ ਦੀ ਭਿਆਨਕ ਵਾਢ ਤੇ ਬਰਫ਼ ਬਾਰੀ ਹੋਣ ਕਾਰਣ ਕੋਈ ਕਾਮਯਾਬੀ ਨਾ ਹੋਈ, ਮਹਾਰਾਜਾ ਇਸ ਹਾਲਤ ਵਿਚ ਰਾਜੌੜੀ ਤਕ ਪਹੁੰਚ ਕੇ ਹੀ ਆਪਣੇ ਲਾਉ ਲਸ਼ਕਰ ਸਮੇਤ ੨੯ ਦਸੰਬਰ ੧੮੧੪ ਈ: ਨੂੰ ਵਾਪਸ ਲਾਹੌਰ ਮੁੜ ਆਇਆ।

## ਰਾਜੌੜੀ ਅਤੇ ਭਿੰਬਰ ਦੀ ਜਿੱਤ :

ਰਾਜੌੜੀ ਤੇ ਭਿੰਬਰ ਦੇ ਹਾਕਮ ਮਹਾਰਾਜੇ ਤੋਂ ਕੁਝ ਬਾਗ਼ੀ ਹੋ ਗਏ ਸਨ। ਸੋ ਮਹਾਰਾਜੇ ਨੇ ਆਪਣੇ ਬਹਾਦਰ ਜਰਨੈਲ ਸਰਦਾਰ ਹਰੀ ਸਿੰਘ ਨਲੂਏ ਨੂੰ ਇਨ੍ਹਾਂ ਹਾਕਮਾਂ ਦੀ ਭੁਗਤ ਸੁਆਰਨ ਲਈ ਕਿਹਾ। ਰਾਜੌੜੀ ਤੇ ਭਿੰਬਰ ਦੇ ਹਾਕਮ ਅਗਰ ਖ਼ਾਂ ਨੇ ਸਾਰੇ ਹੀ ਪਹਾੜੀ ਰਸਤੇ ਰੋਕ ਲਏ ਹੋਏ ਸਨ ਤੇ ਆਪ ਉਸ ਵੇਲੇ ਕਿਲੇ ਵਿਚ ਰਹਿ ਰਹਿਆ ਸੀ। ਸਰਦਾਰ ਹਰੀ ਸਿੰਘ ਨਲੂਏ ਨੇ ਉਸ ਕਿਲੇ ਤੇ ਚੜ੍ਹਾਈ ਕਰ ਦਿੱਤੀ ਤੇ ਕਿਲੇ ਨੂੰ ਘੇਰੇ ਵਿਚ ਲੈ ਕੇ ਅੰਧਾ ਧੁੰਧ ਗੋਲਾਬਾਰੀ ਆਰੰਭ ਕਰ ਦਿੱਤੀ। ਅਗਰ ਖ਼ਾਂ ਨੇ, ਜੋ ਕਿ ਪਹਿਲਾਂ ਹੀ ਡਰਦਾ ਮਾਰਿਆ ਕਿਲੇ ਅੰਦਰ ਛੁਪਿਆ ਬੈਠਾ ਸੀ, ਖ਼ਾਲਸੇ ਨਾਲ ਇਕ ਪਾਸੇ ਤਾਂ ਸੁਲਾਹ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ ਤੇ ਦੂਜੇ ਪਾਸੇ ਆਪ ਸਮਾਂ ਤਾੜ ਕੇ ਨੱਸ ਗਿਆ ਤੇ ਕਿਲਾ ਕੋਟਲੀ ਵਿਚ ਜਾ ਲੁਕਿਆ। ਖ਼ਾਲਸੇ ਨੇ ਰਾਜੌੜੀ ਦੇ ਕਿਲੇ ਤੇ ਫ਼ੌਰਨ ਕਬਜ਼ਾ ਕਰ ਲਿਆ। ਫੇਰ ਖਾਲਸਾ ਫ਼ੌਜਾਂ ਕੋਟਲੀ ਦੇ ਕਿਲੇ ਵਲ ਵਧੀਆਂ ਜਿਥੇ ਅਗਰ ਖ਼ਾਂ ਲੁਕਿਆ ਹੋਇਆ ਸੀ। ਉਹ ਉਥੋਂ ਵੀ ਨੱਸ ਗਿਆ। ਇਸ ਤਰ੍ਹਾਂ ਖ਼ਾਲਸੇ ਦਾ ਰਾਜੌੜੀ ਅਤੇ ਭਿੰਬਰ ਦੇ ਇਲਾਕਿਆਂ ਤੇ ਪੂਰਾ ਕਬਜ਼ਾ ਹੋ ਗਿਆ।

## ਮੁਲਤਾਨ ਦੀ ਦੂਜੀ ਵੱਡੀ ਲੜਾਈ :

ਖ਼ਾਲਸੇ ਨੂੰ ਨਵਾਬ ਮੁਜ਼ੱਫਰ ਖਾਨ ਮੁਲਤਾਨ ਉਤੇ ਸੰਨ ੧੮੦੨ ਈਸਵੀ ਤੋਂ ਸੰਨ ੧੮੧੮ ਈਸਵੀ ਤੱਕ ਸੱਤ ਵਾਰ ਚੜ੍ਹਾਈ ਕਰਨੀ ਪਈ। ਪਰ ਨੇਕ ਦਿਲ ਮਹਾਰਾਜੇ ਤੋਂ ਨਵਾਬ ਹਰ ਵਾਰ ਨਾਜਾਇਜ਼ ਹੀ ਫ਼ਾਇਦਾ ਉਠਾਉਂਦਾ ਰਿਹਾ। ਹੁਣ ਖ਼ਾਲਸਾ ਉਸ ਦੀਆਂ ਇਨ੍ਹਾਂ ਚਾਲਾਂ ਤੋਂ ਤੰਗ ਆ ਗਿਆ ਸੀ। ਦੂਰ ਅੰਦੇਸ਼ ਮਹਾਰਾਜੇ ਨੇ ਆਪਣੇ ਸਿਆਣੇ ਤੇ ਆਗੂ ਜਰਨੈਲਾਂ ਨਾਲ ਵਿਚਾਰ ਕਰਨ ਤੋਂ ਬਾਦ ਫ਼ੈਸਲਾ ਕੀਤਾ ਕਿ ਰੋਜ਼ ਰੋਜ਼ ਦੇ ਨੁਕਸਾਨ ਨਾਲੋਂ ਤੇ ਨਿੱਤ ਨਿੱਤ ਦੇ ਨਵੇਂ ਅਹਿਦਨਾਮਿਆਂ ਨਾਲੋਂ ਇਸ ਇਲਾਕੇ ਨੂੰ ਖ਼ਾਲਸਾ ਰਾਜ ਨਾਲ ਮਿਲਾ ਲੈਣਾ ਹੀ ਚੰਗਾ ਹੋਵੇਗਾ, ਇਸ ਮੁਹਿੰਮ ਵਾਸਤੇ ਖ਼ਾਲਸੇ ਨੇ ਤਿਆਰੀਆਂ ਅਰੰਭ ਦਿੱਤੀਆਂ। ਇਸ ਵੱਡੀ ਜੰਗ ਵਿਚ ਮਹਾਰਾਜੇ ਨੇ ਖ਼ਾਲਸਾ ਦਰਬਾਰ



Digitized by Panjab Digital Library | www.panjabdigilib.org

ਦੀ ਰਾਇ ਨਾਲ ਸਾਰੇ ਹੀ ਸਿੱਖ ਜਰਨੈਲਾਂ ਨੂੰ ਸ਼ਾਮਲ ਕਰਨ ਦਾ ਸਰਬ ਸੰਮਤੀ ਨਾਲ ਫ਼ੈਸਲਾ ਕੀਤਾ। ਹਰ ਇਕ ਤਰ੍ਹਾਂ ਦੀ ਤਿਆਰੀ ਕੀਤੀ ਗਈ। ਭਾਰੀ ਗਿਣਤੀ ਵਿਚ ਬੇੜੀਆਂ ਅਤੇ ਬੇੜੇ ਲਾਹੌਰ ਅਤੇ ਵਜ਼ੀਰਾਬਾਦ ਦੇ ਘਾਟਾਂ ਤੇ ਖੜੇ ਕੀਤੇ ਗਏ ਤਾਂ ਕਿ ਦਰਿਆ ਰਾਵੀ ਅਤੇ ਚਨਾਬ ਦੇ ਰਾਹੀਂ ਰੋਜ਼ਾਨਾ ਨਵੀਂ ਤੋਂ ਨਵੀਂ ਸਹਾਇਤਾ ਮੁਲਤਾਨ ਪਹੁੰਚਦੀ ਰਹੇ।

## ਇਸ ਵੱਡੀ ਜੰਗ ਲਈ ਅਰਦਾਸ ਕਰਵਾਉਣੀ :

ਨੇਕ ਦਿਲ ਤੇ ਪਰਮਾਤਮਾ ਦਾ ਅਨੁਆਈ ਮਹਾਰਾਜਾ ਹਰ ਕੰਮ ਅਰੰਭ ਕਰਨ ਤੋਂ ਪਹਿਲਾਂ ਪਰਮੇਸ਼ੁਰ ਅੱਗੇ ਅਰਦਾਸਾ ਜ਼ਰੂਰ ਕਰਿਆ ਕਰਦਾ ਸੀ। ਇਸੇ ਕਾਰਣ ਮੁਲਤਾਨ ਦੀ ਚੜ੍ਹਾਈ ਤੋਂ ਪਹਿਲਾਂ ਮਹਾਰਾਜਾ ਸਮੇਤ ਹਰੀ ਸਿੰਘ ਨਲਵਾ ਅਤੇ ਹੋਰ ਕੁਝ ਸਾਥੀਆਂ ਸਮੇਤ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ।ਉਥੇ ਗੁਰੂ ਬਾਬੇ ਦੀ ਹਜ਼ੂਰੀ ਵਿਚ ਮਹਾਰਾਜੇ ਨੇ ਇਸ ਜੰਗ ਵਿਚ ਫ਼ਤਿਹ ਪਾਉਣ ਲਈ ਅਰਦਾਸ ਕਰਵਾਈ। ਅਖੰਡ ਪਾਠਾਂ ਦੀ ਇਕ ਅਜੇਹੀ ਲੜੀ ਵੀ ਅਰੰਭੀ ਗਈ ਜੋ ਕਿ ਮੁਲਤਾਨ ਫ਼ਤਿਹ ਹੋਣ ਤਕ ਬਾਕਾਇਦਾ ਚਲਦੀ ਰਹੀ।

ਅੰਤ ੩੦ ਜਨਵਰੀ ਸੰਨ ੧੮੧੮ ਈਸਵੀ ਦੀ ਸਵੇਰ ਨੂੰ ਖ਼ਾਲਸਾ ਫ਼ੌਜ ਨੇ, ਜਿਸ ਦੇ ਮੁਖੀ ਸ਼ਹਿਜ਼ਾਦਾ ਖੜਗ ਸਿੰਘ ਸਰਦਾਰ ਹਰੀ ਸਿੰਘ ਨਲੂਆ ਤੇ ਹੋਰ ਪਰਸਿੱਧ ਜਰਨੈਲ ਸਰਦਾਰ ਫ਼ਤਿਹ ਸਿੰਘ ਆਹਲੂਵਾਲੀਆ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਮਿਸ੍ਰ ਦੀਵਾਨ ਚੰਦ ਜ਼ਫ਼ਰ ਜੰਗ ਤੇ ਸਰਦਾਰ ਧੰਨਾ ਸਿੰਘ ਸਨ, ਮਹਾਰਾਜੇ ਦੀ ਅਗਵਾਈ ਹੇਠ ਪੱਚੀ ਹਜ਼ਾਰ ਤੋਂ ਵਧੀਕ ਫ਼ੌਜਾਂ ਤੇ ਸਮੇਤ ਵੱਡੀਆਂ ਤੋਪਾਂ ਦੇ ਖ਼ਾਲਸੇ ਨੇ ਨਗਾਰੇ ਤੇ ਚੋਟ ਲਗਾਂਦਿਆ ਮੁਲਤਾਨ ਤੇ ਚੜ੍ਹਾਈ ਕਰ ਦਿੱਤੀ। ਅਸਲ ਜ਼ਿਮੇਂਵਾਰੀ ਦਾ ਕੰਮ, ਜੰਗੀ ਸਮਾਨ ਤੇ ਖਾਣਾ-ਦਾਣਾ ਆਦਿ ਭੇਜਣ ਦਾ ਕੰਮ ਮਹਾਰਾਜੇ ਨੇ ਆਪਣੇ ਹੱਥਾਂ ਵਿਚ ਰਖਿਆ ਤਾਂ ਕਿ ਠੀਕ ਵੇਲੇ ਸਿਰ ਹਰ ਇਕ ਚੀਜ਼ ਪਹੁੰਚਾਈ ਜਾ ਸਕੇ।

ਸ਼ਹਿਜ਼ਾਦਾ ਖੜਗ ਸਿੰਘ ਨੇ ਆਪਣੀ ਫ਼ੌਜ ਨੂੰ ਤਿੰਨ ਹਿਸਿਆਂ ਵਿਚ ਵੰਡਿਆ। ਇਕ ਹਿੱਸਾ ਆਪਣੇ ਅਧੀਨ, ਦੂਜਾ ਹਿੱਸਾ ਸਰਦਾਰ ਹਰੀ ਸਿੰਘ ਨਲੂਏ ਦੇ ਅਧੀਨ ਅਤੇ ਤੀਜਾ ਹਿੱਸਾ ਸਰਦਾਰ ਫ਼ਤਹਿ ਸਿੰਘ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੇ ਅਧੀਨ ਸੌਂਪਿਆ।

ਖ਼ਾਲਸਾ ਫ਼ੌਜ ਨੇ ਆਪਣੇ ਜਰਨੈਲਾਂ ਦੇ ਅਧੀਨ ਵੱਖ ਵੱਖ ਪਾਸਿਆਂ ਤੋਂ ਚੜ੍ਹਾਈ ਕੀਤੀ। ਸਰਦਾਰ ਹਰੀ ਸਿੰਘ ਨਲੂਏ ਨੇ ਜਾਂਦਿਆਂ ਹੀ ਮੁਜ਼ੱਫ਼ਰ ਗੜ੍ਹ ਦਾ ਕਿਲਾ ਤੇ ਸਰਦਾਰ ਫ਼ਤਿਹ ਸਿੰਘ ਨੇ ਖ਼ਾਨਗੜ੍ਹ ਦਾ ਕਿਲਾ ਸਰ ਕਰ ਲਿਆ। ਖ਼ਾਲਸੇ ਨੇ ਆਪਣੀ ਨੀਤੀ ਅਨੁਸਾਰ ਨਵਾਬ ਮੁਜ਼ੱਫ਼ਰ ਖ਼ਾਨ ਮੁਲਤਾਨੀ ਵੱਲ ਆਪਣੇ ਪੈਰੋਕਾਰ ਭੇਜ ਕੇ ਉਸ ਨੂੰ



Digitized by Panjab Digital Library | www.panjabdigilib.org

ਖ਼ੂਨ ਖਰਾਬੇ ਬਾਰੇ ਅਹਿਸਾਸ ਕਰਵਾਇਆ ਕਿ ਹਜ਼ਾਰਾਂ ਹੀ ਮੌਤਾਂ, ਜੋ ਇਸ ਜੰਗ ਵਿਚ ਹੋਣ ਵਾਲੀਆਂ ਹਨ ਉਸ ਦਾ ਜ਼ੁੰਮੇਵਾਰ ਤੂੰ ਆਪ ਹੋਵੇਂਗਾ। ਇਸ ਅਥਾਹ ਨੁਕਸਾਨ ਤੋਂ ਬਚਣ ਲਈ ਅਧੀਨਗੀ ਮੰਨ ਲਈ ਜਾਵੇ ਤਾਂ ਪਰਜਾ ਅਤੇ ਤੇਰੀ ਭਲਾਈ ਹੈ। ਪਰ ਹੰਕਾਰੀ ਨਵਾਬ ਕਿੱਥੇ ਮੰਨਣ ਵਾਲਾ ਜਾਪਦਾ ਸੀ। ਉਸ ਨੇ ਬੜੇ ਅਭਿਮਾਨ ਵਿਚ ਫ਼ੈਸਲਾ ਕਰ ਦਿੱਤਾ ਕਿ ਹੁਣ ਤਲਵਾਰ ਹੀ ਇਸ ਦਾ ਨਿਤਾਰਾ ਕਰੇਗੀ।

ਇਧਰ ਖ਼ਾਲਸੇ ਦਾ ਜੋਸ਼ ਉਬਾਲੇ ਖਾ ਰਹਿਆ ਸੀ ਤੇ ਉਧਰ ਨਵਾਬ ਮੁਜ਼ੱਫਰ ਖ਼ਾਨ ਨੇ, ਜਿਸ ਨੂੰ ਆਪਣੇ ਘੁਮੰਡੀ ਸੁਭਾਅ ਤੇ ਮਾਣ ਸੀ ਕਿ ਖ਼ਾਲਸਾ ਇਸ ਹਮਲੇ ਵਿਚ ਉਸ ਦਾ ਇਕ ਵਾਲ ਵੀ ਵਿੰਗਾ ਨਹੀ ਕਰ ਸਕਦਾ, ਲਗਾਤਾਰ ਜੰਗੀ ਤਿਆਰੀਆਂ ਕਰਕੇ ਕ਼ਿਲੇ ਅੰਦਰ ਉਸ ਨੇ ਇਤਨਾ ਜੰਗੀ ਸਮਾਨ ਤੇ ਖਾਣਾ ਦਾਣਾ ਜਮ੍ਹਾਂ ਕਰ ਰੱਖਿਆ ਸੀ ਜੋ ਕਾਫ਼ੀ ਸਮੇਂ ਤੱਕ ਮੁੱਕਣ ਵਾਲਾ ਨਹੀਂ ਸੀ। ਸਾਰੇ ਮੁਲਤਾਨ ਸ਼ਹਿਰ ਦੇ ਦੁਆਲੇ ਬੜੀ ਮਜ਼ਬੂਤ ਤੇ ਪੱਕੀ ਕੰਧ ਬਣਵਾਈ ਹੋਈ ਸੀ। ਲਹੌਰੀ ਦਰਵਾਜ਼ਾ ਇੰਨਾ ਪੱਕਾ ਬਣਵਾਇਆ ਗਿਆ ਸੀ ਕਿ ਜਿਸ ਨੂੰ ਤੋੜਨਾ ਅਤੀ ਕਠਿਨ ਸੀ। ਪਰ ਖਾਲਸੇ ਦੀਆਂ ਤੋਪਾਂ ਅੱਗੇ ਇਹ ਵੀ ਠਹਿਰ ਨਾ ਸਕਿਆ। ਤਿੰਨ ਦਿਨ ਦੀ ਲਗਾਤਾਰ ਘਮਸਾਨ ਦੀ ਲੜਾਈ ਮਗਰੋਂ ਜਦੋਂ ਕੰਧਾਂ ਤੇ ਤੋਪਾਂ ਦੀਆਂ ਗੋਲੀਆਂ ਨੇ ਅਜੇਹੀ ਬੁਛਾੜ ਕੀਤੀ ਤੋ ਕਈ ਥਾਵਾਂ ਤੋਂ ਕੰਧਾਂ ਵਿਚ ਮੋਰੇ ਹੋ ਗਏ ਤੇ ਮਜ਼ਬੂਤ ਲਾਹੌਰੀ ਦਰਵਾਜ਼ਾ ਵੀ ਤੋੜ ਦਿੱਤਾ ਗਿਆ, ਤਾਂ ਬੱਸ ਫੇਰ ਕੀ ਸੀ ਸਰਦਾਰ ਹਰੀ ਸਿੰਘ ਨਲੂਏ ਨੇ ਆਪਣੇ ਦਲ ਨੂੰ ਰੋਹ ਭਰੀ ਹੱਲਾ-ਸ਼ੇਰੀ ਦਿੱਤੀ। ਤੂਫ਼ਾਨ ਵਾਂਗ ਖ਼ਾਲਸਾ ਫ਼ੌਜ ਸ਼ਹਿਰ ਵਿਚ ਦਾਖ਼ਲ ਹੋ ਗਈ। ਗਾਜ਼ੀਆਂ ਨੇ ਬੜੀ ਬਹਾਦਰੀ ਨਾਲ ਸ਼ਹਿਰ ਨੂੰ ਬਚਾਉਣ ਦਾ ਯਤਨ ਕੀਤਾ, ਪਰ ਖ਼ਾਲਸੇ ਦੇ ਇਸ ਜੋਸ਼ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਸ਼ਹਿਰ ਹੱਥੋਂ ਜਾਂਦਾ ਦੇਖ ਕੇ ਨਵਾਬ ਆਪਣੀ ਫ਼ੌਜ ਸਮੇਤ ਪਿੱਛੇ ਹਟਦਾ ਹਟਦਾ ਕਿਲੇ ਅੰਦਰ ਜਾ ਦਾਖ਼ਲ ਹੋਇਆ ਤੇ ਕਿਲੇ ਦੇ ਦਰਵਾਜ਼ੇ ਉਸ ਨੇ ਬੰਦ ਕਰ ਲਏ। ਹੁਣ ਖ਼ਾਲਸੇ ਨੇ ਕਿਲੇ ਨੂੰ ਆਪਣੇ ਘੇਰੇ ਵਿਚ ਕਰ ਲਿਆ। ਬਾਹਰੋਂ ਸਹਾਇਤਾ ਦੀ ਆਸ ਟੁੱਟ ਗਈ। ਕਿਲੇ ਦੇ ਦਰਵਾਜ਼ਿਆਂ ਨੂੰ ਤੋੜਨ ਦੇ ਯਤਨ ਅਸਫਲ ਰਹੇ।

ਇਉਂ ਤਿੰਨ ਮਹੀਨੇ ਦੇ ਲਗਾਤਾਰ ਘੇਰੇ ਨੇ ਖਾਲਸੇ ਨੂੰ ਹੈਰਾਨ ਕਰ ਦਿੱਤਾ, ਕਿਉਂਕਿ ਨਵਾਬ ਨੇ ਆਪਣੇ ਲਈ ਸਾਰਾ ਪ੍ਰਬੰਧ ਕਿਲੇ ਅੰਦਰ ਪਹਿਲਾਂ ਹੀ ਕਰਵਾਇਆ ਹੋਇਆ ਸੀ। ਇਸ ਲਈ ਉਸ ਨੂੰ ਅੰਨੀ ਕੋਈ ਚਿੰਤਾ ਨਹੀਂ ਸੀ। ਉਧਰ ਖ਼ਾਲਸੇ ਦੀ ਫ਼ੌਜ ਨੂੰ ਰੁੱਤ ਦੀ ਬਦਲੀ ਕਾਰਨ ਕਈ ਦੁੱਖ ਉਠਾਉਣੇ ਪੈ ਰਹੇ ਸਨ, ਕਿਉਂਕਿ ਉਨ੍ਹਾਂ ਦਿਨਾਂ ਵਿਚ ਹੈਜ਼ੇ ਦੀਆ ਆਮ ਵਾਰਦਾਤਾਂ ਹੋ ਰਹੀਆਂ ਸਨ। ਖ਼ਾਲਸੇ ਦੇ ਕੁਝ ਸਿਪਾਹੀ ਇਸ ਵਬਾ ਦੇ ਸ਼ਿਕਾਰ ਵੀ ਹੋ ਰਹੇ ਸਨ। ਹਰੀ ਸਿੰਘ ਨਲਵੇ ਦੇ ਕਹਿਣ ਤੇ ਜਦ ਇਹ ਦੁੱਖ ਵਾਲੀ ਖ਼ਬਰ ਸ਼ੇਰਿ ਪੰਜਾਬ ਨੂੰ ਪਹੁੰਚਾਈ ਗਈ ਤਾਂ ਉਨ੍ਹਾਂ ਨੂੰ ਇਹ ਜਾਣ ਕੇ ਕਾਫ਼ੀ ਦੁੱਖ ਹੋਇਆ। ਉਨ੍ਹਾਂ ਦਾ ਇਹ ਨਿਯਮ ਸੀ ਕਿ ਜਦ ਕਦੀ ਕੋਈ ਵੀ ਔਕੜ ਖ਼ਾਲਸੇ ਤੇ ਆ ਬਣਦੀ ਸੀ



Digitized by Panjab Digital Library | www.panjabdigilib.org

ਤਾਂ ਉਹ ਸ਼ਰਧਾ ਭਰੇ ਮਨ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਗੁਰੂ ਕੀ ਨਗਰੀ ਸਤਿਗੁਰੂ ਰਾਮਦਾਸ ਜੀ ਮਹਾਰਾਜ ਦੇ ਦਵਾਰੇ, ਜੋ ਨਿਮਾਣਿਆਂ ਦਾ ਮਾਣ ਤੇ ਨਿਤਾਣਿਆਂ ਦਾ ਤਾਣ ਹੈ—ਪਹੁੰਚ ਕੇ ਅਰਦਾਸ ਕਰਿਆ ਕਰਦੇ ਸਨ। ਐਤਕੀਂ ਵੀ ਮਹਾਰਾਜੇ ਨੇ ਇਵੇਂ ਹੀ ਕੀਤਾ ਤੇ ਜੋ ਅਰਦਾਸ ਕੀਤੀ ਉਹ ਸਤਿਗੁਰੂ ਵਲੋਂ ਪਰਵਾਨ ਚੜ੍ਹੀ।

## ਅਕਾਲੀ ਫੂਲਾ ਸਿੰਘ ਦਾ ਜੰਗ ਵਿਚ ਸ਼ਾਮਲ ਹੋਣਾ :

ਅਕਾਲੀ ਫੂਲਾ ਸਿੰਘ ਮੁਲਤਾਨ ਦੀ ਇਸ ਜੰਗ ਵਿਚ ਸ਼ਾਮਲ ਹੋਣ ਲਈ ਕਾਫ਼ੀ ਬਿਹਬਲ ਹੋ ਰਹਿਆ ਸੀ। ਆਖ਼ਰ ਸ਼ੇਰਿ ਪੰਜਾਬ ਦੀ ਆਗਿਆ ਲੈ ਕੇ ੨੩ ਮਈ ਸੰਨ ੧੮੧੮ ਈਸਵੀ ਨੂੰ ਸਮੇਤ ਆਪਣੇ ਬਹਾਦਰ ਸਿੰਘਾਂ ਦੇ ਅਕਾਲੀਆਂ ਦੀ ਛਾਉਣੀ ਤੋਂ ਮੁਲਤਾਨ ਵਲ ਵਿਦਾ ਹੋਇਆ। ਇਨ੍ਹਾਂ ਨੂੰ ਦੇਖ ਕੇ ਖ਼ਾਲਸਾ ਫ਼ੌਜ, ਜੋ ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੀ ਸੀ, ਅਕਾਲੀ ਜੀ ਦੇ ਪਹੁੰਚ ਜਾਣ ਨਾਲ ਹੋਰ ਵੀ ਆਸ਼ਾਵਾਦੀ ਹੋ ਗਈ। ਫ਼ੌਜ ਵਿਚ ਜੈਕਾਰੇ ਤੇ ਜੈਕਾਰਾ ਗੂੰਜਣ ਲੱਗਾ। ਖ਼ਾਲਸੇ ਨੇ ਇਹੋ ਹੀ ਸ਼ੁਭ ਮਹੂਰਤ ਮੰਨ ਕੇ ਅਰਦਾਸਾ ਕੀਤਾ ਤੇ ਕਿਲ੍ਹੇ ਦੇ ਦਰਵਾਜ਼ੇ ਅੱਗੇ ਪ੍ਰਸਿੱਧ ਤੋਪਾਂ 'ਜ਼ਮਜ਼ਮਾ' (ਤੋਪ ਭੰਗੀਆਂ) 'ਜੰਗਿ ਬਿਜਲੀ' ਆਦਿ ਬੀੜ ਦਿੱਤੀਆਂ ਜਿਨ੍ਹਾਂ ਤੋਂ ਲਗੇ ਗੋਲੇ ਤੇ ਗੋਲੇ ਚਲਣ।

## ਖ਼ਾਲਸੇ ਦੀ ਅਥਾਹ ਕੁਰਬਾਨੀ :

ਖ਼ਾਲਸੇ ਲਈ ਇਹ ਪਰੀਖਿਆ ਦੀ ਘੜੀ ਸੀ ਜਦ ਕਿ ਗੋਲਾਬਾਰੀ ਕਰਦਿਆਂ ਅਚਾਣਕ ਹੀ ਇਕ ਤੋਪ ਦਾ ਪਹੀਆ ਟੁੱਟ ਗਿਆ। ਉਧਰ ਹੁਣ ਤੱਕ ਕਿਲ੍ਹੇ ਦੀਆਂ ਕੰਧਾਂ ਨੂੰ ਕਾਫ਼ੀ ਨੁਕਸਾਨ ਪੁੱਜ ਚੁੱਕਾ ਹੋਇਆ ਸੀ। ਹੁਣ ਥੋੜੀ ਕੁ ਹੋਰ ਹਿੰਮਤ ਦੀ ਲੋੜ ਸੀ। ਤੋਪ ਦੇ ਪਹੀਏ ਦੀ ਮੁਰੰਮਤ ਨੂੰ ਵੀ ਉਸ ਸਮੇਂ ਕਾਫ਼ੀ ਸਮਾਂ ਲਗਣਾ ਸੀ। ਇਸ ਲਈ ਕਈ ਬਹਾਦਰ ਸਿੰਘ ਸਿਪਾਹੀਆਂ ਨੇ ਵਾਰੋ ਵਾਰੀ ਤੋਪ ਦੇ ਪਹੀਏ ਦੀ ਥਾਂ ਆਪਣਾ ਮੋਢਾ ਡਾਹ ਕੇ ਗੋਲੇ ਚਲਾਣ ਦਾ ਕੰਮ ਜਾਰੀ ਰੱਖਿਆ। ਇਸ ਤਰ੍ਹਾਂ ਗੋਲੇ ਚੱਲਣ ਤੇ ਜਦ ਇਕ ਸਿੰਘ ਸ਼ਹੀਦ ਹੋ ਜਾਂਦਾ ਸੀ ਤਾਂ ਦੂਜਾ ਸਿੰਘ ਫੇਰ ਅੱਗੇ ਆ ਮੋਢਾ ਡਾਹੁੰਦਾ ਸੀ। ਸੋ ਇਸ ਤਰ੍ਹਾਂ ਲਗਾਤਾਰ ਦਸ ਸਿੰਘਾਂ ਨੇ ਆਪਣੀ ਅਦੁੱਤੀ ਕੁਰਬਾਨੀ ਦਿੱਤੀ। ਇਉਂ ਲਗਾਤਾਰ ਉਸ ਤੋਪ ਦੇ ਗੋਲੇ ਲੱਗਣ ਨਾਲ ਕਿਲ੍ਹੇ ਦੇ ਦਰਵਾਜ਼ੇ ਨਾਲ ਲਗਵਾਂ ਬੁਰਜ ਢਹਿ ਪਿਆ ਤੇ ਕਿਲ੍ਹੇ ਦੀ ਕੰਧ ਵਿਚ ਦੋ ਪਾੜ੍ਹੇ ਪੈ ਗਏ।

ਬੱਸ ਫੇਰ ਕੀ ਸੀ, ਦੇਖਦਿਆਂ ਹੀ ਦੇਖਦਿਆਂ ਅਕਾਲੀ ਸਾਧੂ ਸਿੰਘ ਤੇ ਫੂਲਾ ਸਿੰਘ ਜੀ ਸਿੰਘਾਂ ਨੂੰ ਹੱਲਾ ਸ਼ੇਰੀ ਦੇ ਕੇ ਤੇ ਆਪਣੀ ਜਾਨ ਤਲੀ ਉਤੇ ਰਖ ਕਿਲ੍ਹੇ ਦੇ ਅੰਦਰ ਧਸ ਗਏ। ਉਧਰ ਅਕਾਲੀ ਫੂਲਾ ਸਿੰਘ ਜੀ ਦੀ ਰੀਸੋ ਰੀਸ ਅਨੇਕਾਂ ਹੋਰ ਸਿੰਘ ਜੋਧੇ ਸਤਿ



Digitized by Panjab Digital Library | www.panjabdigilib.org

ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਹੋਏ ਕਿਲੇ ਦੇ ਅੰਦਰ ਜਾ ਦਾਖ਼ਲ ਹੋਏ। ਬੱਸ, ਫੇਰ ਕੀ ਸੀ ਖ਼ਾਲਸਾ ਫ਼ੌਜ ਵੈਰੀ ਤੇ ਟੁੱਟ ਪਈ ਤੇ ਉਸ ਦੇ ਅੱਗੇ ਨਵਾਬ ਮੁਜ਼ੱਫ਼ਰ ਖ਼ਾਨ ਦੀ ਕੋਈ ਵਾਹ ਨਾ ਚੱਲੀ। ਗ਼ਾਜ਼ੀਆਂ ਨੇ ਭਾਵੇਂ ਬੜੇ ਜੋਸ਼ ਨਾਲ ਸਿੰਘਾਂ ਨੂੰ ਰੋਕਣ ਲਈ ਉਪਰਾਲਾ ਕੀਤਾ, ਪਰ ਖ਼ਾਲਸੇ ਦੇ ਇਸ ਹੜ੍ਹ ਨੂੰ ਕੌਣ ਠੱਲ੍ਹ ਸਕਦਾ ਸੀ। ਇਸ ਜੋਸ਼ੀਲੀ ਲੜਾਈ ਵਿਚ ਨਵਾਬ ਸਮੇਤ ਆਪਣੇ ਪੰਜ ਪੁੱਤਰਾਂ ਤੇ ਤਿੰਨ ਭਤੀਜਿਆ ਦੇ ਸ਼ਹੀਦ ਹੋ ਗਿਆ। ਬਾਕੀ ਰਹਿੰਦੇ ਅਫ਼ਗਾਨਾਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਇਸ ਮੌਕੇ ਤੇ ਮੁਲਤਾਨ ਦੇ ਕਿਲੇ ਵਿਚੋਂ ਸੱਤ ਹਜ਼ਾਰ ਬੰਦੂਕਾਂ, ਨੌਂ ਤੋਪਾਂ ਅਤੇ ਕਈ ਹਜ਼ਾਰ ਤਲਵਾਰਾਂ ਅਤੇ ਬਹੁਤ ਸਾਰਾ ਜੰਗੀ ਸਮਾਨ ਸਿੱਖਾਂ ਦੇ ਕਬਜ਼ੇ ਵਿਚ ਆਇਆ। ਇਸ ਦੇ ਨਾਲ ਲਗਦੇ ਹੱਥ ਸੁਜਾ-ਆਬਾਦ ਦੇ ਕਿਲੇ ਵਿਚੋਂ ਵੀ ਪੰਜ ਵੱਡੀਆਂ ਤੋਪਾਂ ਤੇ ਹੋਰ ਬਹੁਤ ਸਾਰਾ ਜੰਗੀ ਸਮਾਨ ਹਾਸਲ ਹੋਇਆ।

ਨਵਾਬ ਮੁਜ਼ੱਫ਼ਰ ਖ਼ਾਨ ਸਮੇਤ ਉਸ ਦੇ ਪੁਤ੍ਰਾਂ ਅਤੇ ਭਤੀਜਿਆਂ ਦੀਆਂ ਲਾਸ਼ਾਂ ਸ਼ਹਿਜ਼ਾਦਾ ਖੜਗ ਸਿੰਘ ਨੇ ਧਾਰਮਿਕ ਮਰਯਾਦਾ ਅਨੁਸਾਰ ਬੜੀ ਫ਼ੌਜੀ ਸ਼ਾਨ ਨਾਲ ਪੀਰ ਬਹਾਵਲ ਹੱਕ ਦੇ ਮਕਬਰੇ ਵਿਚ ਦਫ਼ਨਾ ਦਿੱਤੀਆਂ। ਉਨ੍ਹਾਂ ਦੇ ਧਰਮ ਦੀ ਇੱਜ਼ਤ ਨੂੰ ਸਭ ਤਰ੍ਹਾਂ ਨਾਲ ਸਨਮਾਨਣ ਲਈ ਸ਼ਹਿਜ਼ਾਦੇ ਨੇ ਆਪਣੀ ਬਾਡੀ ਗਾਰਡ ਦੇ ਖ਼ਾਸ ਸਿੰਘਾਂ ਦਾ ਪਹਿਰਾ ਲੁਵਾ ਦਿੱਤਾ, ਤਾਂ ਕਿ ਪਰਦਾ ਨਸ਼ੀਨ ਤੀਵੀਆਂ ਵੱਲ ਕੋਈ ਉੱਚੀ ਨਿਗ੍ਹਾ ਨਾਲ ਨਾ ਤੱਕ ਸੱਕੇ। ਫੱਟੜਾਂ ਦਾ ਇਲਾਜ ਵੀ ਕਰਵਾਇਆ ਗਿਆ। ਇਹ ਘਟਨਾ ੨ ਜੂਨ,ਸੰਨ ੧੮੧੮ ਈ: ਦੀ ਹੈ।

ਉਧਰ ਸ਼ੇਰਿ ਪੰਜਾਬ ਨੂੰ ਜਦ ਇਸ ਮਹਾਨ ਜਿੱਤ ਦਾ ਪਤਾ ਲਾਹੌਰ ਪਹੁੰਚਿਆ ਤਾਂ ਉਹ ਗਦ ਗਦ ਹੋ ਗਏ। ਲਾਹੌਰ ਦੇ ਕਿਲੇ ਤੋਂ ਤੋਪਾਂ ਦੀ ਸਲਾਮੀ ਉਤਾਰੀ ਗਈ। ਸਾਰੇ ਰਾਜ ਵਿਚ ਖ਼ੁਸ਼ੀਆਂ ਮਨਾਈਆ ਗਈਆਂ। ਮਹਾਰਾਜੇ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ। ਜਦ ਇਹ ਜੇਤੂ ਫ਼ੌਜਾਂ ਲਾਹੌਰ ਪੁੱਜੀਆਂ ਤਾਂ ਸ਼ਾਹੀ ਸਜ ਧਜ ਤੇ ਬੈਂਡ ਵਾਜਿਆਂ ਨਾਲ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਰੁਪਈਆਂ ਦੀਆਂ ਲੱਪਾਂ ਭਰ ਭਰ ਕੇ ਸਿਪਾਹੀਆਂ ਦੇ ਉੱਤੋਂ ਹੀ ਸੁੱਟੀਆਂ ਗਈਆਂ। ਮਹਾਰਾਜੇ ਵੱਲੋਂ ਉਨ੍ਹਾਂ ਬਹਾਦਰਾਂ ਨੂੰ ਬੇਸ਼ੁਮਾਰ ਜਾਗੀਰਾਂ ਤੇ ਪਦਵੀਆਂ ਦੀ ਬਖ਼ਸ਼ਿਸ਼ ਵੀ ਕੀਤੀ ਗਈ।

## ਕਸ਼ਮੀਰ ਤੇ ਚੜ੍ਹਾਈ ਤੇ ਫ਼ਤਿਹ

(ਸੰਨ ੧੮੧੯ ਈ:)

ਹੁਣ ਖ਼ਾਲਸੇ ਨੇ ਦੂਰ ਦੂਰ ਤੱਕ ਮਾਰਾਂ ਮਾਰ ਲਈਆਂ ਸਨ। ਅਜੇ ਤੱਕ ਕਸ਼ਮੀਰ ਖ਼ਾਲਸੇ ਦੇ ਤਹਿਤ ਤੋਂ ਬਾਹਰ ਸੀ। ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਹੁਣ ਕਸ਼ਮੀਰ ਦੀ ਸੁੰਦਰਤਾ ਵੀ ਮਾਣਨੀ ਸੀ, ਜਿਸ ਨੂੰ ਕਿ ਸਾਰੇ ਹੀ ਮੁਗਲ ਸਹਿਨਸ਼ਾਹਾਂ ਨੇ



Digitized by Panjab Digital Library | www.panjabdigilib.org

ਬੜੀ ਚੰਗੀ ਤਰ੍ਹਾਂ ਮਾਣਿਆ ਸੀ, ਜੋ ਗਰਮੀਆਂ ਦੇ ਦਿਨੀਂ ਆਪਣੀ ਜ਼ਿੰਦਗੀ ਦੇ ਖ਼ੁਸ਼ੀ ਦੇ ਦਿਹਾੜੇ ਬਿਤਾਉਣ ਲਈ ਇਥੇ ਆਉਂਦੇ ਸਨ ।

ਕਸ਼ਮੀਰ ਬਾਰੇ ਕੌਣ ਨਹੀਂ ਜਾਣਦਾ ਕਿ ਇਸ ਦੀ ਧਰਤੀ ਤੇ ਕੇਸਰ ਤੇ ਗੁਲਾਬ ਦੀਆਂ ਸੁਗੰਧੀਆਂ ਪਸਰੀਆਂ ਹੋਈਆਂ ਹਨ । ਇਸ ਧਰਤੀ ਨੂੰ ਕੁਦਰਤ ਦਾ ਦਿਲ ਵੀ ਕਿਹਾ ਜਾਂਦਾ ਹੈ।ਪਹਿਲਾਂ ਪਹਿਲ ਕਸ਼ਮੀਰ ਇਕ ਬੜੀ ਵੱਡੀ ਝੀਲ ਵਾਂਗੂ ਵੱਡਾ ਸਾਰਾ ਤਲਾਉ ਹੀ ਸੀ, ਜੋ ਬਾਦ ਵਿਚ ਖ਼ੁਸ਼ਕ ਧਰਤੀ ਦੀ ਸ਼ਕਲ ਵਿਚ ਬਦਲ ਗਿਆ । ਇਸ ਨੂੰ ਦੇਵਤਿਆਂ ਦਾ ਦੇਸ਼ ਵੀ ਕਹਿਆ ਜਾਂਦਾ ਹੈ। ਇਸ ਮਨਮੋਹਣੀ ਧਰਤੀ ਤੇ ਇਸ ਦੀ ਸੁੰਦਰਤਾ ਨੂੰ ਮਾਨਣ ਲਈ ਕਈ ਵੇਰ ਮੁਗ਼ਲ ਬਾਦਸ਼ਾਹ ਜਹਾਂਗੀਰ ਆਪਣੀ ਬੇਗਮ ਨੂਰਜਹਾਂ ਸਮੇਤ ਆਉਂਦਾ ਸੀ । ਇਹ ਦੋਵੇਂ ਹੀ ਕਸ਼ਮੀਰ ਦੀ ਸੁੰਦਰਤਾ ਉਤੇ ਮੋਹਿਤ ਸਨ, ਜਿਸ ਕਰਕੇ ਕਸ਼ਮੀਰ ਬਾਰੇ ਉਸ ਨੇ ਲਿਖਿਆ ਹੈ ਕਿ ਇਹ ਬਾਦਸ਼ਾਹਾਂ ਦੀ ਪਤ ਵਧਾਣ ਵਾਲਾ ਦੇਸ ਹੈ । ਕਸ਼ਮੀਰ ਇਕ ਉਹ ਬਾਗ਼ ਹੈ ਜਿਸ ਦੇ ਵਿਚ ਸਦਾ ਬਹਾਰ ਰਹਿੰਦੀ ਹੈ । ਆਪਣੇ ਅੰਤਮ ਸਵਾਸਾਂ ਵੇਲੇ ਵੀ ਜਹਾਂਗੀਰ (ਬਾਦਸ਼ਾਹ) ਦੀ ਇੱਛਾ ਕਸ਼ਮੀਰ ਰਹਿਣ ਦੀ ਹੀ ਸੀ ।

ਮੁਗ਼ਲਾਂ ਤੋਂ ਪਿਛੋਂ ਇਸ ਦੇਵਤਿਆਂ ਦੀ ਧਰਤੀ ਉਤੇ ਜਦ ਅਫ਼ਗ਼ਾਨਾਂ ਦਾ ਕਬਜ਼ਾ ਹੋ ਗਿਆ ਤਾਂ ਉਨ੍ਹਾਂ ਇਸ ਧਰਤੀ ਨੂੰ ਸਵਰਗੋਂ ਨਰਕ ਬਣਾ ਦਿੱਤਾ, ਅਰਥਾਤ—ਉਨ੍ਹਾਂ ਦੇ ਆਉਣ ਨਾਲ ਇਸ ਧਰਤੀ ਤੇ ਪਾਪ, ਅੱਤਿਆਚਾਰ ਤੇ ਬਦ-ਫ਼ੈਲੀਆਂ ਅਰੰਭ ਹੋ ਗਈਆਂ । ਹੱਤਿਆ ਕਰਨੀ ਤਾਂ ਉਸ ਵੇਲੇ ਇਕ ਮਾਮੂਲੀ ਜਿਹੀ ਗੱਲ ਸੀ । ਅੱਤਿਆਚਾਰਾਂ ਦੀ ਹੱਦ ਹੀ ਹੋ ਗਈ ਸੀ ਜਿਸ ਕਾਰਣ ਆਮ ਜਨਤਾ ਬੜੀ ਤੰਗ ਆ ਚੁੱਕੀ ਸੀ । ਇਕੱਲੇ ਕਸ਼ਮੀਰੀ ਪੰਡਿਤਾਂ ਨੂੰ ਹੀ ਇਹ ਤਕਲੀਫ਼ ਨਹੀਂ ਸੀ, ਸਗੋਂ ਸ਼ੀਆ ਤੇ 'ਬੱਬੇ' 'ਖੱਖੇ' ਮੁਸਲਮਾਨਾਂ ਦਾ ਵੀ ਇਹੋ ਹਾਲ ਸੀ । ਅਸਦ ਖ਼ਾਨ, ਮਦਦ ਖ਼ਾਨ, ਮੀਰ ਹਜ਼ਰ, ਅਤੇ ਅਤਾ ਮੁਹੰਮਦ ਇਹ ਵਧੇਰੇ ਪਾਪ ਦੇ ਅਨੁਆਈ ਹਨ । ਲੋਕਾਂ ਦੀਆਂ ਨੂੰਹਾਂ-ਧੀਆਂ ਦੀਆਂ ਬੇਪਤੀਆਂ ਇਨ੍ਹਾਂ ਹੱਦ ਦਰਜੇ ਦੀਆਂ ਕੀਤੀਆਂ । ਲੋਕੀ ਭੁੱਬਾਂ ਮਾਰ ਮਾਰ ਦੁਹਾਈਆਂ ਪਾ ਰਹੇ ਹਨ, ਪਰ ਉਸ ਜ਼ਾਲਮ ਰਾਜ ਵਿਚ ਕਿਸੇ ਦੀ ਵੀ ਪੁਕਾਰ ਨਹੀਂ ਸੀ ਸੁਣੀ ਜਾਂਦੀ ।

## ਹਿੰਦੂਆਂ ਦੀ ਤਰਸ ਯੋਗ ਹਾਲਤ :

ਜਦ ਕੋਈ ਪੰਡਿਤ ਬਾਹਰ ਨਿਕਲਦਾ ਸੀ ਤਾਂ ਪਠਾਣ ਛਾਲ ਮਾਰ ਕੇ ਉਸ ਦੀ ਪਿੱਠ ਤੇ ਚੜ੍ਹ ਜਾਂਦੇ ਸਨ ਤੇ ਕਹਿੰਦੇ ਸਨ ਕਿ ਜੇ ਤੂੰ ਪੰਡਿਤ ਹੈਂ ਤਾਂ ਮੈਂ ਤੇਰੇ ਤੇ ਸਵਾਰ ਹੋਵਾਂਗਾ । ਰਿਆਇਆ ਬੜੀ ਹੀ ਦੁਖੀ ਸੀ । ਕਿਸੇ ਦਾ ਹੀਆ ਨਹੀਂ ਸੀ ਪੈਂਦਾ ਕਿ ਉਨ੍ਹਾਂ ਦੇ ਇਸ ਅੱਤਿਆਚਾਰ ਦਾ ਮੁਕਾਬਲਾ ਕਰੇ । ਲੋਕਾਂ ਦੇ ਦੁਖੀ ਮਨਾਂ ਵਿਚੋਂ ਹਰ ਰੋਜ਼ ਇਹੋ ਪ੍ਰਾਰਥਨਾ ਹੁੰਦੀ ਸੀ ਕਿ "ਹੇ ਪਰਮਾਤਮਾ ! ਜਲਦੀ ਹੀ ਕਸਮੀਰ ਵਿਚੋਂ ਇਸ ਦੁਸ਼ਟ ਰਾਜ ਦਾ ਅੰਤ ਹੋ ਜਾਵੇ," ਜੋ ਆਖਰ ਰੱਬ ਵਲੋਂ ਇਨ੍ਹਾਂ ਦੁਖੀ ਮਨਾਂ ਦੀ ਅਰਜ਼ ਸੁਣੀ ਗਈ



Digitized by Panjab Digital Library | www.panjabdigilib.org

ਤੇ ਸਿੱਖਾਂ ਦਾ ਇਸ ਧਰਤੀ ਤੇ ਰਾਜ ਕਾਇਮ ਹੋ ਗਿਆ।

ਜਦ ਅਜੇਹੇ ਜ਼ੁਲਮ ਦੀ ਹੱਦ ਹੋ ਜਾਂਦੀ ਹੈ ਤਾਂ ਵਿਧਾਤਾ ਵਲੋਂ ਹੀ ਇਨ੍ਹਾਂ ਪਾਪਾਂ ਤੇ ਅਧਿਕਾਰਾਂ ਨੂੰ ਨਸ਼ਟ ਕਰਨ ਲਈ ਕੋਈ ਫ਼ਰਿਸ਼ਤਾ ਸੀਰਤ ਇਨਸਾਨ ਸਮੇਂ ਦੇ ਅਨੁਸਾਰ ਪੈਦਾ ਹੁੰਦਾ ਹੈ, ਜੋ ਉਨ੍ਹਾਂ ਕੁਰੀਤੀਆਂ ਨੂੰ ਨਸ਼ਟ ਕਰਕੇ ਇਸ ਧਰਤੀ ਉਤੇ ਮਨੁੱਖਤਾ ਦਾ ਪਸਾਰਾ ਕਰਵਾਉਣ ਵਿਚ ਸਹਾਈ ਹੁੰਦਾ ਹੈ। ਠੀਕ ਹੀ ਸਮੇਂ ਦੀ ਪੁਕਾਰ ਨੂੰ ਮੁੱਖ ਰੱਖ ਕੇ ਇਨ੍ਹਾਂ ਹੀ ਕਸ਼ਮੀਰੀ ਪੰਡਿਤਾਂ ਵਿਚੋਂ ਇਕ ਬੀਰਬਰ ਦਰ ਨਾਂ ਦਾ ਪੰਡਿਤ ਆਪਣੇ ਆਰ-ਪਰਿਵਾਰ ਤੇ ਜਾਨ-ਮਾਲ ਦੀ ਪਰਵਾਹ ਨਾ ਕਰਦਿਆਂ ਹੋਇਆਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਪਾਸ ਲਾਹੌਰ ਪਹੁੰਚਿਆ, ਤੇ ਗੱਲ ਵਿਚ ਪੱਲਾ ਪਾ ਕੇ ਮਹਾਰਾਜ ਅਗੇ ਫੁੱਟ ਫੁੱਟ ਕੇ ਰੋਇਆ। ਉਸ ਨੂੰ ਦੇਖ ਕੇ ਮਹਾਰਾਜੇ ਦਾ ਕੋਮਲ ਹਿਰਦਾ ਪਿਘਲ ਤੁਰਿਆ ਤੇ ਉਸ ਨੂੰ ਉਸ ਦੇ ਦੁੱਖ ਦਾ ਕਾਰਣ ਪੁੱਛਿਆ। ਬੀਰਬਰ ਨੇ ਕਸ਼ਮੀਰ ਵਿਚ ਹੋ ਰਹੇ ਦਰਦਨਾਕ ਅੱਤਿਆਚਾਰਾਂ ਦੀ ਵਿਥਿਆ ਪੂਰੇ ਵਿਸਥਾਰ ਨਾਲ ਮਹਾਰਾਜੇ ਨੂੰ ਸੁਣਾਈ। ਸਾਰੇ ਹੀ ਦਰਬਾਰੀ ਇਹ ਦਰਦਨਾਕ ਕਿੱਸਾ ਸੁਣ ਕੇ ਹੈਰਾਨ ਰਹਿ ਗਏ। ਇਹੋ ਜਿਹੀ ਦਰਦਨਾਕ ਘਟਨਾ ਮਹਾਰਾਜੇ ਨੇ ਆਪਣੀ ਜ਼ਿੰਦਗੀ ਵਿਚ ਪਹਿਲਾਂ ਕਦੇ ਨਹੀਂ ਸੀ ਸੁਣੀ। ਮਹਾਰਾਜੇ ਨੇ ਬੀਰਬਰ ਨੂੰ ਬੜੇ ਧੀਰਜ ਅਤੇ ਠਰ੍ਹੰਮੇ ਨਾਲ ਕਿਹਾ ਕਿ "ਤੂੰ ਬੜੇ ਚੰਗੇ ਮੌਕੇ ਤੇ ਪੁੱਜ ਗਿਆ ਹੈਂ। ਪਰਮਾਤਮਾਂ ਤੇਰੀ ਇਹ ਦਿਲੀ ਮੁਰਾਦ ਜ਼ਰੂਰ ਪੂਰੀ ਕਰੇਗਾ। ਤੂੰ ਬੇਅੰਤ ਮਜ਼ਲੂਮਾਂ ਦੀ ਪੁਕਾਰ ਸਾਡੇ ਪਾਸ ਲੈ ਕੇ ਆਇਆ ਹੈਂ। ਅਸੀਂ ਤੇਰੀ ਹਰ ਤਰ੍ਹਾਂ ਨਾਲ ਮਦਦ ਕਰਾਂਗੇ।" ਤੇ ਫੇਰ ਉਸ ਨੂੰ ਆਪਣੇ ਅਧਿਕਾਰ ਹੇਠ ਲਾਹੌਰ ਨਿਵਾਸ ਕਰਵਾਇਆ।

## ਮਹਾਰਾਜੇ ਨੇ ਦਰਬਾਰ ਲਾਉਣਾ:

ਇਸ ਘਟਨਾ ਤੋਂ ਅਗਲੇ ਹੀ ਦਿਨ ਮਹਾਰਾਜੇ ਨੇ ਇਕ ਬਹੁਤ ਵੱਡਾ ਦਰਬਾਰ ਲਗਾਇਆ, ਜਿਸ ਵਿਚ ਸ਼ਹਿਜ਼ਾਦਾ ਖੜਗ ਸਿੰਘ, ਸਰਦਾਰ ਹਰੀ ਸਿੰਘ ਨਲੂਆ, ਫ਼ਕੀਰ ਅਜ਼ੀਜ਼ੁੱਦੀਨ, ਮਿਸ੍ਰ ਦੀਵਾਨ ਚੰਦ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਤੇ ਅਕਾਲੀ ਫੂਲਾ ਸਿੰਘ ਜੀ ਮੌਜੂਦ ਸਨ। ਸਰਦਾਰ ਹਰੀ ਸਿੰਘ ਨਲਵਾ ਤੇ ਉਸ ਦੇ ਸਾਥੀ ਪਹਿਲਾਂ ਹੀ ਤਾੜ ਗਏ ਕਿ ਅੱਜ ਦਾ ਇਹ ਵੱਡਾ ਦਰਬਾਰ ਕਿਸੇ ਨਵੀਂ ਮੁਹਿੰਮ ਦਾ ਪ੍ਰਤੀਕ ਹੈ, ਕਿਉਂਕਿ ਮਹਾਰਾਜਾ ਅਜੇਹਾ ਦਰਬਾਰ ਉਦੋਂ ਹੀ ਲਗਾਇਆ ਕਰਦਾ ਸੀ ਜਦੋਂ ਕਿਸੇ ਅਹਿਮ ਸਮੱਸਿਆ ਬਾਰੇ ਸੋਚਣਾ ਹੋਵੇ ਤੇ ਕਿਸੇ ਮਹੱਤ੍ਵ ਪੂਰਣ ਇਲਾਕੇ ਤੇ ਜਿੱਤ ਪ੍ਰਾਪਤ ਕਰਨੀ ਹੋਵੇ। ਮਹਾਰਾਜੇ ਨੇ ਭਰੇ ਦਰਬਾਰ ਵਿਚ ਕਸ਼ਮੀਰ ਦੀ ਹਾਲਤ ਬਾਰੇ ਸਭ ਨੂੰ ਪਤਾ ਦੇਣ ਲਈ ਬੜੇ ਆਦਰ ਨਾਲ ਬੀਰਬਰ ਨੂੰ ਦਰਬਾਰ ਵਿਚ ਬੁਲਾਇਆ ਤੇ ਉਸ ਦੇ ਮੂੰਹੋਂ ਦੁਬਾਰਾ ਕੱਲ ਵਾਲੀ ਸਾਰੀ ਦਰਦਨਾਕ ਵਾਰਤਾ ਸੁਣਵਾਈ। ਜਿਉਂ ਜਿਉਂ ਇਹ ਵਾਰਤਾ ਸੁਣਾਈ ਜਾਂਦੀ ਰਹੀ ਤਿਉਂ ਤਿਉਂ ਬਹਾਦਰਾਂ ਦੇ ਖ਼ੂਨ ਜੋਸ਼ ਨਾਲ ਖੌਲਣ ਲਗੇ। ਸਾਰੇ ਹੀ ਦਰਬਾਰੀ ਇਸ



Digitized by Panjab Digital Library | www.panjabdigilib.org

ਘਟਨਾ ਨੂੰ ਸੁਣ ਕੇ ਭੈ-ਭੀਤ ਜਿਹੇ ਹੋ ਗਏ ਕਿ ਸੁਰਗਾਂ ਦੀ ਉਸ ਭੂਮੀ ਉਤੇ ਅਜੇਹਾ ਕਹਿਰ। ਜਿਸ ਕਸ਼ਮੀਰ ਦਾ ਨਾਂ ਲਿਆਂ ਹੀ ਬਹਾਰ ਆ ਜਾਂਦੀ ਹੈ, ਅੱਜ ਉਥੇ ਇਹ ਹਾਲ ਹੋ ਰਹਿਆ ਹੈ। ਸਾਰਿਆਂ ਦੇ ਮਨ ਦਾ ਸਵਾਦ ਫਿੱਕਾ ਪੈ ਗਿਆ। ਜਿਉਂ ਜਿਉਂ ਉਹ ਇਹ ਦਰਦ ਭਰੀ ਘਟਨਾ, ਜੋ ਸਾਰਿਆਂ ਦੇ ਮਨ ਵਿੰਨ੍ਹੀ ਜਾ ਰਹੀ ਸੀ, ਸੁਣਾਈ ਜਾ ਰਿਹਾ ਸੀ, ਤਿਵੇਂ ਹੀ ਅਗਾਂਹ ਆਉਣ ਵਾਲੀ ਹਾਲਤ ਦਾ ਸਭ ਨੂੰ ਪਤਾ ਲਗਦਾ ਜਾ ਰਿਹਾ ਸੀ। ਬੀਰਬਰ ਨੇ ਜਦ ਇਹ ਸਾਰਾ ਕਿੱਸਾ ਸੁਣਾ ਦਿੱਤਾ ਤਾਂ ਖ਼ਾਲਸੇ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਆਵਾਜ਼ ਨਾਲ ਆਕਾਸ਼ ਗੁੰਜਾ ਦਿੱਤਾ। ਇਹੋ ਹੀ ਜੈਕਾਰੇ ਜੰਗ ਲਈ ਅਸਲ ਬਿਗਲ ਦੇ ਸਾਮਾਨ ਸਨ। ਮਹਾਰਾਜਾ, ਜੋ ਸਾਰੇ ਪੰਜਾਬੀਆਂ ਤੇ ਖ਼ਾਲਸੇ ਦਾ ਦਿਲ ਸੀ, ਦਿਲ ਵਿਚ ਵੀ ਇਹੋ ਤਮੰਨਾ ਰਖਦਾ ਸੀ। ਸਰਬੱਤ ਖ਼ਾਲਸੇ ਦੀ ਆਵਾਜ਼ ਹੀ ਅਸਲ ਸੋਧ ਸੀ ਕਿ ਬਹੁਤ ਜਲਦੀ ਉਨ੍ਹਾਂ ਜ਼ਾਲਮਾਂ ਨੂੰ ਉਨ੍ਹਾਂ ਦੇ ਜ਼ੁਲਮਾਂ ਦੀ ਸਜ਼ਾ ਦਿਤੀ ਜਾਵੇ। ਮਹਾਰਾਜੇ ਨੇ ਆਪਣੇ ਬਹਾਦਰ ਜੋਧਿਆਂ ਦੀ ਇਸ ਸੁਚੱਜੀ ਰਾਇ ਬਾਰੇ ਕਾਫ਼ੀ ਸ਼ਲਾਘਾ ਕੀਤੀ। ਹੁਣ ਬੜੇ ਜ਼ੋਰ-ਸ਼ੋਰ ਨਾਲ ਫ਼ੌਜੀ ਤਿਆਰੀਆਂ ਆਰੰਭ ਹੋ ਗਈਆਂ।

ਬੀਰਬਰ ਦੇ ਲਾਹੌਰ ਪਹੁੰਚਣ ਤੋਂ ਮਗਰੋਂ ਕਿਸੇ ਨੇ ਮੁਹੰਮਦ ਅਜ਼ੀਮ ਖ਼ਾਨ ਪਾਸ ਜਾ ਕੇ ਚੁਗ਼ਲੀ ਕੀਤੀ ਕਿ ਪੰਡਿਤ ਬੀਰਬਰ ਅਤੇ ਉਸ ਦਾ ਪੁੱਤ੍ਰ ਲਾਹੌਰ ਮਹਾਰਾਜਾ ਰਣਜੀਤ ਸਿੰਘ ਕੋਲ ਫ਼ਰਿਆਦੀ ਬਣ ਕੇ ਤੁਹਾਡੇ ਵਿਰੁੱਧ ਸ਼ਿਕਾਇਤ ਲੈ ਕੇ ਗਏ ਹਨ। ਇਸ ਲਈ ਉਹ ਕੋਈ ਨਵਾਂ ਜਹਾਦ ਖੜਾ ਕਰਨਗੇ। ਮੁਹੰਮਦ ਅਜ਼ੀਮ ਖ਼ਾਨ ਨੇ ਆਪਣੇ ਆਦਮੀ ਭੇਜ ਕੇ ਬੀਰਬਰ ਦਾ ਘਰ-ਘਾਟ ਲੁੱਟ ਲਿਆ ਤੇ ਉਸ ਦੇ ਪਰਿਵਾਰ ਦੀਆਂ ਔਰਤਾਂ ਨੂੰ ਫੜ ਕੇ ਦਰਬਾਰ ਵਿਚ ਲਿਆਂਦਾ ਤੇ ਮੁਸਲਮਾਨ ਬਣਨ ਲਈ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਇਨ੍ਹਾਂ ਤਸੀਹਿਆਂ ਤੋਂ ਤੰਗ ਆ ਕੇ ਬੀਰਬਰ ਦੀ ਨੌਜਵਾਨ ਨੂੰਹ ਇਹ ਤਕਲੀਫ਼ਾਂ ਜਰ ਨਾ ਸਕੀ ਤੇ ਮੁਸਲਮਾਨ ਬਣਨਾ ਮੰਨ ਗਈ, ਜਿਸ ਨੂੰ ਖ਼ਾਨ ਨੇ ਫ਼ੌਰਨ ਮੁਸਲਮਾਨ ਬਣਾ ਕੇ ਕਾਬਲ ਭੇਜ ਦਿੱਤਾ, ਪਰ ਬੀਰਬਰ ਦੇ ਘਰ ਵਾਲੀ ਅਜੇਹੀ ਧਰਮ ਰੱਖਿਅਕ ਔਰਤ ਸੀ, ਉਸ ਨੇ ਆਪਣਾ ਪਵਿਤ੍ਰ ਧਰਮ ਤਿਆਗਣ ਦੀ ਥਾਂ ਆਤਮ ਹੱਤਿਆ ਹੀ ਕਰ ਲਈ।

## ਖ਼ਾਲਸਾ ਫ਼ੌਜ ਦੀ ਕਸ਼ਮੀਰ ਉਤੇ ਚੜ੍ਹਾਈ :

ਖ਼ਾਲਸਾ ਫ਼ੌਜ ਨੇ ਆਪਣੀ ਮੁਕੰਮਲ ਤਿਆਰੀ ਤੋਂ ਬਾਦ ਕਸ਼ਮੀਰ ਤੇ ਚੜ੍ਹਾਈ ਕਰ ਦਿੱਤੀ। ਖ਼ਾਲਸਾ ਦਲ ੨੦ ਅਪਰੈਲ, ਸੰਨ ੧੮੧੯ ਈਸਵੀ ਨੂੰ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ, ਜਿਸ ਦੀ ਗਿਣਤੀ ਤੀਹ ਹਜ਼ਾਰ ਦੇ ਕਰੀਬ ਸੀ, ਮਾਰੋ ਮਾਰ ਕਰਦਾ ਹੋਇਆ ਕਸ਼ਮੀਰ ਲਈ ਰਵਾਨਾ ਹੋ ਗਿਆ। ਮਹਾਰਾਜੇ ਨੇ ਆਪਣੀ ਸਕੀਮ ਦੇ ਅਨੁਸਾਰ ਵਜ਼ੀਰਾਬਾਦ ਤੇ ਗੁਜਰਾਤ ਦੇ ਖੁੱਲੇ ਮੈਦਾਨ ਵਿਚ ਪਹੁੰਚ ਕੇ ਸਭ ਤੋਂ ਅੱਗੇ ਸ਼ਹਿਜ਼ਾਦਾ ਖੜਗ ਸਿੰਘ, ਸਰਦਾਰ ਹਰੀ ਸਿੰਘ ਨਲੂਆ ਤੇ ਬਾਬਾ ਫੂਲਾ ਸਿੰਘ ਅਕਾਲੀ



Digitized by Panjab Digital Library | www.panjabdigilib.org

ਨੂੰ ਤੋਰਿਆ। ਬਾਕੀ ਉੱਘੇ ਜਰਨੈਲ ਦੀਵਾਨ ਚੰਦ, ਸ਼ਾਮ ਸਿੰਘ ਅਟਾਰੀ ਵਾਲਾ, ਸਰਦਾਰ ਹੁਕਮ ਸਿੰਘ ਚਿਮਨੀ ਤੇ ਸਰਦਾਰ ਜੁਆਲਾ ਸਿੰਘ ਆਦਿ ਸਰਦਾਰਾਂ ਦੇ ਅਧੀਨ ਖ਼ਾਲਸਾ ਫ਼ੌਜ ਤੋਰੀ। ਇਉਂ ਪ੍ਰਬੰਧ ਕਰਨ ਤੋਂ ਬਾਦ ਸ਼ੇਰਿ ਪੰਜਾਬ ਨੇ ਆਪਣੇ ਪਾਸ ਦਸ ਹਜ਼ਾਰ ਰਾਖਵੀਂ ਫ਼ੌਜ ਰੱਖੀ ਤਾਂ ਕਿ ਲੋੜ ਮੁਤਾਬਿਕ ਉਸ ਨੂੰ ਜੰਗ ਵਿਚ ਅੱਗੇ ਤੋਰਿਆ ਜਾ ਸਕੇ।

ਇਉਂ ਖ਼ਾਲਸਾ ਫ਼ੌਜ ਮਹਾਰਾਜੇ ਤੋਂ ਵਿਦੈਗੀ ਲੈ ਮਾਰੋ ਮਾਰ ਕਰਦੀ ਤੇ "ਸਤਿ ਸ੍ਰੀ ਅਕਾਲ" ਦੇ ਨਾਅਰੇ ਲਾਉਂਦੀ ਕਸ਼ਮੀਰ ਨੂੰ ਚੱਲ ਪਈ। ਰਸਤੇ ਵਿਚ ਛੋਟੇ ਛੋਟੇ ਕਿਲੇ, ਜਿਹਾ ਕਿ ਸੈਦਾਬਾਦ ਦਾ ਕਿਲਾ ਖਾਲਸੇ ਨੇ ਬਿਨਾਂ ਕਿਸੇ ਹੀਲ ਹੁੱਜਤ ਹੀ ਕਿਲੇਦਾਰ ਦੇ ਨੱਠ ਜਾਣ ਤੇ ਕਬਜ਼ੇ ਵਿਚ ਕਰ ਲਿਆ। ਇਸ ਤੋਂ ਅੱਗੇ ਖ਼ਾਲਸੇ ਨੇ ਰਾਜੌਰੀ ਤੇ ਜਾ ਹਲਾ ਬੋਲਿਆ। ਇਹ ਗੱਲ ਪਹਿਲੀ ਮਈ ੧੮੧੯ ਦੀ ਹੈ। ਇਥੋਂ ਦੇ ਹਾਕਮ ਰਾਜਾ ਅਗਰ ਖ਼ਾਨ ਨੇ, ਜੋ ਆਪਣੇ ਕੌਲ-ਕਰਾਰ ਭੁੱਲ ਭੁਲਾ ਕੇ ਆਕੀ ਹੋ ਬੈਠਾ ਸੀ, ਖ਼ਾਲਸੇ ਨੂੰ ਰੋਕਣ ਲਈ ਆਪਣਾ ਪੂਰਾ ਤਾਣ ਲਾਇਆ। ਪਰ ਸਰਦਾਰ ਹਰੀ ਸਿੰਘ ਨਲਵੇ ਨੇ ਉਸ ਦੀ ਚਾਲ ਨੂੰ ਸਮਝਦਿਆਂ ਅਜਿਹਾ ਤੂਫ਼ਾਨੀ ਹੱਲਾ ਬੋਲਿਆ ਕਿ ਅਗਰ ਖ਼ਾਨ ਦੀ ਫ਼ੌਜ ਜਿਸ ਤੇ ਉਸ ਨੂੰ ਕਾਫ਼ੀ ਮਾਣ ਸੀ, ਖ਼ਾਲਸੇ ਦੇ ਹੜ੍ਹ ਅੱਗੇ ਠਹਿਰ ਨਾ ਸਕੀ। ਹਰੀ ਸਿੰਘ ਨੇ ਖ਼ਾਨ ਦੀ ਫ਼ੌਜ ਦਾ ਬੁਰੀ ਤਰ੍ਹਾਂ ਮਲੀਆਮੇਟ ਕਰ ਦਿੱਤਾ। ਅਖ਼ੀਰ ਅਗਰ ਖ਼ਾਨ ਨੇ ਆਪਣੀ ਜਾਨ ਬਚਾਉਣ ਲਈ ਮੈਦਾਨ ਵਿਚੋਂ ਨੱਠਣਾ ਹੀ ਚੰਗਾ ਸਮਝਿਆ। ਇਉਂ ਦੁਸ਼ਮਣ ਦਾ ਸਫ਼ਾਇਆ ਕਰ ਕੇ ਤੇ ਭੱਜੇ ਜਾਂਦੇ ਅਗਰ ਖ਼ਾਨ ਨੂੰ ਪਕੜ ਕੇ ਅਜਿਹੀ ਝਾੜ ਪਾਈ ਕਿ ਉਹ ਅੱਖਾਂ ਨੀਵੀਆਂ ਪਾਈ ਜਾਨ ਬਖਸ਼ਾਉਣਾ ਚਾਹੁੰਦਾ ਸੀ ਕਿ ਸ਼ੇਰਦਿਲ ਖ਼ਾਲਸੇ ਨੇ ਉਸ ਨੂੰ ਮਹਾਰਾਜੇ ਦੇ ਸਨਮੁਖ ਭਿੰਬਰ ਭੇਜ ਦਿੱਤਾ। ਉਸ ਦੀ ਇਹ ਹਾਲਤ ਵੇਖ ਕੇ ਮਹਾਰਾਜੇ ਨੇ ਨਾ ਸਿਰਫ਼ ਉਸ ਦੀ ਜਾਨ ਹੀ ਬਖ਼ਸ਼ੀ ਸਗੋਂ ਨਜ਼ਰਾਨਾ ਲੈਣਾ ਕਰਕੇ ਰਾਜੌਰੀ ਦੀ ਰਿਆਸਤ ਵੀ ਦੇ ਦਿੱਤੀ।

ਇਸੇ ਤਰ੍ਹਾਂ ਹੀ ਖ਼ਾਲਸੇ ਨੇ ਫੇਰ ਬਹਿਰਾਮ ਗਲੇ ਤੇ ਜਾ ਕਬਜ਼ਾ ਕੀਤਾ। ਉਥੋਂ ਅਫ਼ਗਾਨ ਫ਼ੌਜਦਾਰ ਇਹ ਪਤਾ ਲਗਦਿਆਂ ਹੀ ਸ੍ਰੀ ਨਗਰ ਵੱਲ ਨੱਠ ਗਿਆ, ਜਿਸ ਕਰ ਕੇ ਉਸ ਸਥਾਨ ਉਤੇ ਆਸਾਨੀ ਨਾਲ ਕਾਬੂ ਆਉਣ ਤੇ ਖ਼ਾਲਸੇ ਨੂੰ ਰਸਤੇ ਦੇ ਸਾਰੇ ਹੀ ਦੁੱਖ ਭੁੱਲ ਗਏ ਤੇ ਜੋਧਿਆਂ ਨੂੰ ਬੜੀਆਂ ਖ਼ੁਸ਼ੀਆਂ ਹੋਈਆਂ। ਸਿਆਣੇ ਮੀਰ ਮੁਹੰਮਦ ਖ਼ਾਨ ਅਤੇ ਮੁਹੰਮਦ ਅਲੀ ਖ਼ਾਨ ਹਾਕਮ ਸੁਪਨ ਨੇ ਖ਼ਾਲਸੇ ਦੀ ਬਿਨਾਂ ਕਿਸੇ ਹੀਲ ਹੁੱਜਤ ਹੀ ਅਧੀਨਗੀ ਮੰਨ ਲਈ। ਇਸ ਤੋਂ ਖ਼ੁਸ਼ ਹੋ ਕੇ ਸ਼ਹਿਜ਼ਾਦਾ ਖੜਗ ਸਿੰਘ ਨੇ ਖ਼ਾਲਸੇ ਨੂੰ ਖ਼ੁਸ਼ ਕਰਨ ਲਈ ਕੋਈ ਕਸਰ ਬਾਕੀ ਨਾ ਛੱਡੀ।



Digitized by Panjab Digital Library | www.panjabdigilib.org

## ਭਿੰਬਰ, ਰਾਜੌੜੀ ਤੇ ਪੁੱਣਛ ਦੀ ਜਿੱਤ :

ਲਾਹੌਰੋਂ ਚੜ੍ਹਾਈ ਹੋਣ ਦਾ ਪਤਾ ਲੱਗਣ ਤੇ ਜ਼ਬਰਦਸਤ ਖ਼ਾਂ ਪੁੱਣਛੀਏ ਨੇ ਪਹਿਲਾਂ ਹੀ ਸਿੱਖਾਂ ਤੋਂ ਵਿਰੁੱਧ ਤਿਆਰੀਆਂ ਕਰ ਰੱਖੀਆਂ ਸਨ, ਜਿਧਰੋਂ ਉਸ ਨੂੰ ਖ਼ਾਲਸੇ ਦੇ ਹਮਲੇ ਦਾ ਭੈ ਸੀ ਉਧਰੋਂ ਉਸ ਨੇ ਸਾਰੇ ਹੀ ਰਾਹ ਬੰਦ ਕਰਵਾਉਣ ਲਈ ਕੋਸ਼ਿਸ਼ ਕੀਤੀ, ਪਰ ਉਸ ਦੀ ਇਹ ਸਾਰੀ ਦੀ ਸਾਰੀ ਸਕੀਮ ਅਕਾਰਥ ਗਈ, ਜਦੋਂ ਸਰਦਾਰ ਹਰੀ ਸਿੰਘ ਨਲੂਏ ਤੇ ਅਕਾਲੀ ਫੂਲਾ ਸਿੰਘ ਨੇ ਔਕੜਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਜ਼ਬਰਦਸਤ ਖ਼ਾਂ ਤੇ ਅਜਿਹਾ ਜ਼ਬਰਦਸਤ ਹਮਲਾ ਕੀਤਾ ਕਿ ਉਸ ਦੀ ਚੱਕਰੀ ਭੁਆ ਦਿੱਤੀ ਤੇ ਉਸ ਦੀਆਂ ਸਾਰੀਆਂ ਹੀ ਸਕੀਮਾਂ ਫੇਹਲ ਕਰ ਦਿੱਤੀਆਂ। ਤਰਾਈ ਦਾ ਕਿਲਾ ਜੋ ਕਿ ਜ਼ਬਰਦਸਤ ਖ਼ਾਨ ਦਾ ਸਭ ਤੋਂ ਪੱਕਾ ਕਿਲਾ ਸੀ, ਖ਼ਾਲਸੇ ਨੇ ਘੇਰ ਲਿਆ। ਖ਼ਾਨ ਕਿਲੇ ਅੰਦਰ ਲੁਕਿਆ ਹੋਇਆ ਸੀ। ਉਸ ਦੇ ਸਿਪਾਹੀਆਂ ਨੇ ਬਹੁਤ ਬਹਾਦਰੀ ਦਿਖਾਈ, ਪਰ ਖ਼ਾਲਸਾ ਫ਼ੌਜ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਉਧਰ ਜ਼ਬਰਦਸਤ ਖ਼ਾਨ ਨੇ ਖ਼ਾਲਸੇ ਤੋਂ ਅੱਖ ਬਚਾ ਕੇ ਨੱਠਣ ਦੀ ਕੋਸ਼ਿਸ਼ ਕੀਤੀ, ਪਰੰਤੂ ਬਹਾਦਰ ਸਿੱਖ ਸਿਪਾਹੀਆਂ ਨੇ ਉਸ ਨੂੰ ਅਧਵਾਟਿਓਂ ਹੀ ਜਾ ਫੜਿਆ ਤੇ ਕੈਦੀ ਬਣਾ ਲਿਆ। ਇਹ ਹਾਲਤ ਦੇਖਦਿਆਂ ਹੀ ਜ਼ਬਰਦਸਤ ਖ਼ਾਨ ਦੀ ਫ਼ੌਜ ਨੇ ਆਪਣੀ ਜਾਨ ਅਜਾਈਂ ਜਾਂਦੀ ਦੇਖ ਕੇ ਖ਼ਾਲਸੇ ਅੱਗੇ ਹਥਿਆਰ ਰਖ ਦਿੱਤੇ। ਲੜਾਈ ਬੰਦ ਹੋ ਗਈ। ਇਸ ਕਿਲੇ ਵਿਚੋਂ ਬਹੁਤ ਸਾਰਾ ਲੜਾਈ ਦਾ ਸਮਾਨ ਖ਼ਾਲਸੇ ਦੇ ਹੱਥ ਆਇਆ। ਇਸ ਤਰ੍ਹਾਂ ਖ਼ਾਲਸੇ ਨੇ ਜ਼ਬਰਦਸਤ ਖ਼ਾਨ ਦੀ ਭੁਗਤ ਸੁਆਰੀ ਤੇ ਉਸ ਕਿਲੇ ਉਤੇ ਖ਼ਾਲਸਈ ਝੰਡਾ ਝੁਲਾ ਦਿੱਤਾ।

## ਅਫ਼ਗਾਨ ਹੁਕਮਰਾਨ ਜੱਬਾਰ ਖ਼ਾਨ ਨਾਲ ਮੁੱਠ-ਭੇੜ :

ਹੁਣ ਖ਼ਾਲਸੇ ਦੇ ਅਧੀਨ ਭਿੰਬਰ, ਰਾਜੌੜੀ ਤੇ ਪੁਣਛ ਦਾ ਇਲਾਕਾ ਆ ਗਿਆ ਸੀ। ਇਉਂ ਰਸਤੇ ਦੇ ਕਾਫ਼ੀ ਇਲਾਕੇ ਉਤੇ ਕਬਜ਼ਾ ਕਰ ਲੈਣ ਤੋਂ ਮਗਰੋਂ ਖ਼ਾਲਸੇ ਨੇ ਕਸ਼ਮੀਰ ਦੇ ਅਫ਼ਗਾਨ ਹੁਕਮਰਾਨ ਬਾਕਰਜ਼ਈਆਂ ਤੇ ਜਾ ਨਿਗ੍ਹਾ ਟਿਕਾਈ ਜੋ ਕਸ਼ਮੀਰ ਨੂੰ ਸਦਾ ਲਈ ਆਪਣੀ ਹੀ ਮਲਕੀਅਤ ਸਮਝੀ ਬੈਠੇ ਸਨ ਤੇ ਮਨ ਮੰਨੀਆਂ ਕਰ ਰਹੇ ਸਨ, ਉਨ੍ਹਾਂ ਨੂੰ ਸਬਕ ਸਿਖਾਉਣਾ ਹੋਰ ਵੀ ਜ਼ਰੂਰੀ ਸੀ।

ਖ਼ਾਲਸਾ ਫ਼ੌਜ ਆਪਣੇ ਅਥਾਹ ਜੋਸ਼ ਵਿਚ ਅਗਾਂਹ ਵਧਦੀ ਚਲੀ ਜਾ ਰਹੀ ਸੀ। ਜਦੋਂ ਉਸ ਨੂੰ ਪਤਾ ਲਗਿਆ ਕਿ ਮੁਹੰਮਦ ਜੱਬਾਰ ਖ਼ਾਨ ਬਹੁਤ ਸਾਰੀ ਫ਼ੌਜ ਤੇ ਤੋਪਾਂ ਲੈ ਕੇ ਸੋਪੀਆਂ ਦੇ ਮੈਦਾਨ ਵਿਚ ਖ਼ਾਲਸੇ ਦੀ ਉਡੀਕ ਕਰ ਰਹਿਆ ਹੈ ਤਾਂ ਖ਼ਾਲਸੇ ਨੂੰ ਹੋਰ ਵੀ ਰੋਹ ਚੜ੍ਹ ਗਿਆ। ਖ਼ਾਲਸਾ ਰਸਤੇ ਵਿਚ ਸਰਾਇ ਇਲਾਚੀ ਤੇ ਅਹੀਰ ਪੁਰ ਵਿਚ ਕੁਝ ਪੜਾ ਕਰਦਾ ਹੋਇਆ ਅਗੇ ਵਧਦਾ ਗਿਆ। ਤਿੰਨ ਜੁਲਾਈ ਸੰਨ ੧੮੧੯ ਈਸਵੀ ਦੀ ਸਵੇਰ ਨੂੰ



Digitized by Panjab Digital Library | www.panjabdigilib.org

ਖ਼ਾਲਸੇ ਨੇ ਆਪਣੀ ਫ਼ੌਜ ਨੂੰ ਤਿੰਨ ਮਜ਼ਬੂਤ ਭਾਗਾਂ ਵਿਚ ਵੰਡ ਲਿਆ। ਪਹਿਲਾ ਭਾਗ, ਜਿਸ ਵਿਚ ਭਾਰੀ ਫੌਜ ਸੀ, ਸਰਦਾਰ ਹਰੀ ਸਿੰਘ ਨਲੂਆ ਤੇ ਸ਼ਾਮ ਸਿੰਘ ਅਟਾਰੀ ਵਾਲੇ ਦੇ ਅਧੀਨ ਸੀ। ਦੂਜਾ ਭਾਗ, ਸ਼ਹਿਜ਼ਾਦਾ ਖੜਗ ਸਿੰਘ ਤੇ ਅਕਾਲੀ ਫੂਲਾ ਸਿੰਘ ਦੇ ਅਧੀਨ ਸੀ ਅਤੇ ਤੀਜਾ ਭਾਗ ਮਿਸਰ ਦੀਵਾਨ ਚੰਦ ਦੇ ਅਧੀਨ। ਇਸ ਤਰ੍ਹਾਂ ਖ਼ਾਲਸਈ ਫ਼ੌਜ ਨੇ ਤੂਫ਼ਾਨ ਦੀ ਤਰ੍ਹਾਂ ਵਹੀਰਾਂ ਘੱਤ ਦਿੱਤੀਆਂ ਤੇ ਇਉਂ ਵੈਰੀ ਦਲ ਨੂੰ ਮੋਰਚਿਆਂ ਵਿਚ ਠੀਕ ਹੁੰਦਿਆਂ ਹੀ ਹੱਲਾ ਬੋਲ ਦਿਤਾ। ਉਨ੍ਹਾਂ ਤੋਪਾਂ ਦੇ ਮੂੰਹ ਖ਼ਾਲਸੇ ਦੀ ਸੇਧੇ ਕਰ ਦਿੱਤੇ। ਖ਼ੂਬ ਗੋਲੇ ਦੱਲੇ। ਅਫ਼ਗਾਨੀਆਂ ਨੂੰ ਗਜ਼ਬ ਦਾ ਜੋਸ਼ ਆਇਆ। ਉਹ ਬੜੀ ਬਹਾਦਰੀ ਅਤੇ ਅਣਖ ਨਾਲ ਲੜੇ, ਪਰ ਇਸ ਵੇਲੇ ਖ਼ਾਲਸੇ ਦੀਆਂ ਪ੍ਰਸਿੱਧ 'ਸੂਰਜ ਮੁਖੀ' ਤੋਪਾਂ ਨੇ, ਜੋ ਕਿ ਜਲਦੀ ਚਲਣ ਲਈ ਮੌਕੇ ਤੇ ਵਰਤੀਆਂ ਜਾਂਦੀਆਂ ਸਨ, ਅਜੇਹਾ ਕਮਾਲ ਦੱਸਿਆ ਕਿ ਵੈਰੀ ਦੇ ਭਾਰੀ ਤੋਪਖ਼ਾਨਿਆਂ ਦਾ ਮੂੰਹ ਮੋੜ ਦਿੱਤਾ। ਇਕ ਪਾਸਿਓਂ ਸਰਦਾਰ ਹਰੀ ਸਿੰਘ ਨਲੂਆ ਅਗੇ ਵਧਦਾ ਆ ਰਿਹਾ ਸੀ ਤੇ ਦੂਜੇ ਪਾਸਿਓਂ ਮਿਸ੍ਰ ਦੀਵਾਨ ਚੰਦ ਆਪਣੇ ਜੋਸ਼ ਦੇ ਰੰਗ ਵਿਖਾਉਂਦਾ ਹੋਇਆ ਅੱਗੇ ਵਧ ਰਹਿਆ ਸੀ। ਕਦੇ ਖ਼ਾਲਸਾ ਵੈਰੀ ਨੂੰ ਪਿਛਾਂਹ ਧਕੇਲ ਦਿੰਦਾ ਸੀ ਤੇ ਕਦੇ ਅਫ਼ਗਾਨ ਅਗਾਂਹ ਦੱਬ ਕੇ ਲੈ ਜਾਂਦੇ ਸਨ। ਖ਼ਾਨ ਨੇ ਜਦ ਖ਼ਾਲਸੇ ਦੀਆਂ ਦੋ ਤੋਪਾਂ ਆਪਣੇ ਅਧੀਨ ਕਰ ਲਈਆਂ ਸਨ ਤਾਂ ਨਲਵੇ ਬਹਾਦਰ ਨੂੰ ਸਿਰਤੋੜ ਗੁੱਸਾ ਆਇਆ। ਉਸ ਨੇ ਆਪਣੇ ਅਜੇਹੇ ਜੌਹਰ ਵਿਖਾਏ ਤੇ ਅਫ਼ਗਾਨੀ ਫ਼ੌਜ ਨੂੰ ਅਜੇਹੇ ਘੇਰ ਵਿਚ ਲਿਆ ਜਿਸ ਨਾਲ ਅਫ਼ਗਾਨਾਂ ਦੇ ਪੈਰ ਉੱਖੜ ਗਏ। ਇਸ ਧੂੰਆਂਧਾਰ ਗੋਲੀਆਂ ਦੀ ਬੁਛਾੜ ਨਾਲ ਅਨੇਕਾਂ ਜੋਧੇ ਦਮ ਤੋੜ ਗਏ। ਉਧਰੋਂ ਅਕਾਲੀ ਫੂਲਾ ਸਿੰਘ ਵੀ ਵੈਰੀ ਨੂੰ ਨਾਸ਼ ਕਰਦਾ ਹੋਇਆ ਅੱਗੇ ਵਧ ਰਹਿਆ ਸੀ। ਹੁਣ ਤਲਵਾਰਾਂ ਤੇ ਸੰਗੀਨਾਂ ਦੀ ਇਸ ਭਿਆਨਕ ਕਟਾਵੱਢ ਵਿਚ ਅਫ਼ਗਾਨਾਂ ਦੇ ਕਈ ਆਗੂ ਮਾਰੇ ਗਏ।

## ਨਲਵੇ ਤੇ ਖ਼ਾਨ ਦੀ ਝੜਪ :

ਇਉਂ ਰਵਾਂ ਰਵੀਂ ਲੜਾਈ ਵਿਚ ਇਕ ਥਾਵੇਂ ਨਵਾਬ ਜੱਬਾਰ ਖ਼ਾਨ ਗਵਰਨਰ ਕਸ਼ਮੀਰ ਤੇ ਖ਼ਾਲਸੇ ਦੇ ਬਹਾਦਰ ਜਰਨੈਲ ਸਰਦਾਰ ਹਰੀ ਸਿੰਘ ਨਲਵੇ ਦੀ ਆਪਸ ਵਿਚ ਝੜਪ ਹੋ ਪਈ। ਖ਼ਾਨ ਬੜਾ ਉਤਾਵਲਾ ਹੋ ਕੇ ਨਲਵੇਂ ਤੇ ਝਪਟਿਆ। ਲੱਗਾ ਆਪਣੀ ਤਲਵਾਰ ਦਾ ਨਲਵੇ ਤੇ ਵਾਰ ਕਰਨ। ਪਰ ਉਸ ਜੋਧੇ ਅੱਗੇ ਕਿੱਥੇ ਕਿਸੇ ਦੀ ਚਲਦੀ ਸੀ। ਨਲਵੇ ਨੇ ਖ਼ਾਨ ਦੀ ਤਲਵਾਰ ਉਤਾਂਹ ਉੱਠਣ ਤੇ ਹੀ ਉਸ ਦੀ ਤਲਵਾਰ ਵਾਲੀ ਬਾਂਹ ਇਉਂ ਕੱਟ ਸੁੱਟੀ ਜਿਵੇਂ ਛੁਰੀ ਨਾਲ ਗਾਜਰ ਮੂਲੀ ਕੱਟ ਦੇਈਦੀ ਹੈ। ਇਸ ਤਰ੍ਹਾਂ ਜੱਬਾਰਖ਼ਾਨ ਦਾ ਦਿਲ ਟੁੱਟ ਗਿਆ ਤੇ ਉਹ ਆਪਣੀ ਜਾਨ ਬਚਾਉਂਦਾ ਹੋਇਆ ਮੈਦਾਨੋਂ ਦੌੜ ਗਿਆ, ਪਰ ਬਹਾਦਰ ਅਫ਼ਗਾਨ ਆਪਣੇ ਹੱਠ ਦੇ ਪੱਕੇ ਹੋਣ ਕਰਕੇ ਉਵੇਂ ਹੀ ਲੜੀ ਗਏ। ਆਖ਼ਰ ਕਿਨਾ ਕੁ ਚਿਰ ਉਹ ਆਪਣੇ ਆਗੂਆਂ ਤੋਂ ਬਿਨਾਂ ਮੈਦਾਨ ਵਿਚ ਠਹਿਰ ਸਕਦੇ ਸਨ। ਇੰਨੇ



Digitized by Panjab Digital Library | www.panjabdigilib.org

ਨੂੰ ਜੱਬਾਰ ਖ਼ਾਨ ਦੇ ਬਾਕੀ ਰਹਿੰਦੇ ਦੋਵੇਂ ਭਾਈ ਵੀ ਮੈਦਾਨ ਜੰਗ ਵਿਚ ਸ਼ਹੀਦ ਹੋ ਗਏ। ਹੁਣ ਬਾਕੀ ਫ਼ੌਜ ਦੇ ਹੌਸਲੇ ਵੀ ਟੁੱਟ ਚੁੱਕੇ ਸਨ, ਇਸ ਲਈ ਦੁਸ਼ਮਨ ਨੇ ਪਿੱਠ ਦਿਖਾਈ ਤੇ ਕਸ਼ਮੀਰ ਉਤੇ ਖ਼ਾਲਸੇ ਦੀ ਪੂਰੀ ਤਰ੍ਹਾਂ ਫ਼ਤਿਹ ਹੋ ਗਈ।

ਇਸ ਤਰ੍ਹਾਂ ਇਸਲਾਮੀ ਹਕੂਮਤ, ਜੋ ਕਿ ਅੱਠਾਂ ਪੀੜ੍ਹੀਆਂ ਤੋਂ ਕਸ਼ਮੀਰ ਵਿਚ ਚਲੀ ਆ ਰਹੀ ਸੀ ਤੇ ਜਿਸ ਨੇ ਸੰਨ ੧੩੨੫ ਈਸਵੀ ਤੋਂ ਸੰਨ ੧੮੧੯ ਈਸਵੀ ਤਕ ਪੰਜ ਸੌ ਸਾਲ ਰਾਜ ਕੀਤਾ ਸੀ, ਅੱਜ ਉਹ ਖ਼ਾਲਸੇ ਦੇ ਇਸ ਹਮਲੇ ਨਾਲ ਖ਼ਤਮ ਹੋ ਗਈ ਤੇ ਕਸ਼ਮੀਰ ਵਿਚ ਉਥੋਂ ਦੇ ਦੁਖੀਆਂ ਦੀ ਪੁਕਾਰ ਕਾਰਣ ਖ਼ਾਲਸਾ ਰਾਜ ਕਾਇਮ ਹੋ ਗਿਆ। ਖ਼ਾਲਸੇ ਦਾ ਬਸੰਤੀ ਝੰਡਾ ਸ੍ਰੀ ਨਗਰ ਕਸ਼ਮੀਰ ਵਿਚ ਲਹਿਰਾਉਣ ਲੱਗਾ। ਇਸ ਲੜਾਈ ਵਿਚ ਖ਼ਾਲਸੇ ਦੇ ਹੱਥ ਬਹੁ ਗਿਣਤੀ ਵਿਚ ਰਸਦ, ਲੜਾਈ ਦਾ ਸਮਾਨ, ਜਿਸ ਵਿਚ ਅਣਗਿਣਤ ਤਲਵਾਰਾਂ, ਬੰਦੂਕਾਂ, ਸੰਗੀਨਾਂ ਤੇ ਘੋੜੇ ਮੌਜੂਦ ਸਨ, ਬਹੁਤ ਸਾਰਾ ਸਾਮਾਨ ਆਇਆ। ਬਾਈ ਤੋਪਾਂ ਵਿਚੋਂ ਅਠਾਰਾਂ ਤੋਪਾਂ, ਜੋ ਕਿ ਬੜੇ ਕੰਮ ਦੀਆਂ ਸਨ, ਤੁਹਫ਼ੇ ਵਜੋਂ ਪ੍ਰਾਪਤ ਹੋਈਆਂ।

## ਕਸ਼ਮੀਰ ਵਿਚ ਖ਼ਾਲਸੇ ਦਾ ਸਨਮਾਨ :

ਖ਼ਾਲਸਾ ਇਸ ਤਰ੍ਹਾਂ ਖ਼ੁਸ਼ੀ ਵਿਚ ਜੈਕਾਰੇ ਗਜਾਉਂਦਾ ਹੋਇਆ ਸ਼ਹਿਰ ਸ੍ਰੀ ਨਗਰ ਵਿਚ ਦਾਖ਼ਲ ਹੋ ਗਿਆ। ਇਹ ਘਟਨਾ ੪ ਜੁਲਾਈ, ਸੰਨ ੧੮੧੯ ਈਸਵੀ ਦੀ ਹੈ। ਸ਼ਹਿਜ਼ਾਦਾ ਖੜਗ ਸਿੰਘ ਨੇ ਖ਼ਾਲਸਾ ਫ਼ੌਜ ਨੂੰ ਸ਼ਹਿਰ ਵਿਚ ਅਮਨ ਅਮਾਨ ਨਾਲ ਦਾਖ਼ਲ ਹੋਣ ਲਈ ਹਦਾਇਤ ਕੀਤੀ ਹੋਈ ਸੀ। ਉਧਰ ਸ਼ਹਿਰ ਵਿਚ ਵੀ ਪਹਿਲਾਂ ਹੀ ਢੰਡੋਰਾ ਫਿਰਵਾ ਦਿੱਤਾ ਗਿਆ ਕਿ ਕੋਈ ਵੀ ਸ਼ਹਿਰ ਵਾਸੀ ਖ਼ਾਲਸਾ ਫ਼ੌਜ ਨੂੰ ਦੇਖ ਕੇ ਘਬਰਾਏ ਨਾ। ਸਿੱਖ ਸਿਪਾਹੀ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਦੁੱਖ ਨਹੀਂ ਪਹੁੰਚਾਣਗੇ, ਭਾਵੇਂ ਉਨ੍ਹਾਂ ਵਿਚੋਂ ਕੋਈ ਕਿਸੇ ਵੀ ਮੱਤ ਜਾਂ ਫਿਰਕੇ ਨਾਲ ਸੰਬੰਧ ਕਿਉਂ ਨਾ ਰਖਦਾ ਹੋਵੇ। ਲੋਕਾਂ ਨੂੰ ਡਰ ਸੀ ਕਿ ਅਜੇਹੇ ਸਮੇਂ ਤੇ ਸ਼ਹਿਰਾਂ ਨੂੰ ਆਮ ਤੌਰ ਤੇ ਲੁੱਟ ਲਿਆ ਜਾਂਦਾ ਹੈ। ਪਰ ਐਤਕੀਂ ਇਹ ਅਣੋਖਾ ਹੀ ਦ੍ਰਿਸ਼ ਸੀ ਜੋ ਖ਼ਾਲਸੇ ਨੇ ਨਿਮ੍ਰਤਾ ਅਤੇ ਪਿਆਰ ਦਾ ਸਬੂਤ ਦਿੱਤਾ, ਜਿਸ ਕਰਕੇ ਲੋਕਾਂ ਨੇ ਖ਼ੁਸ਼ੀ ਵਿਚ ਉਨ੍ਹਾਂ ਯੋਧਿਆਂ ਉਤੇ ਫੁੱਲਾਂ ਦੀ ਬਰਖਾ ਕੀਤੀ ਤੇ ਉਨ੍ਹਾਂ ਨੂੰ 'ਜੀ ਆਇਆਂ' ਆਖਿਆ। ਸ਼ਹਿਜ਼ਾਦਾ ਖੜਗ ਸਿੰਘ ਨੇ ਆਪ ਕਿਲਾ ਸ਼ੇਰ ਗੜ੍ਹ ਵਿਖੇ ਉਤਾਰਾ ਕੀਤਾ। ਬਾਕੀ ਹੋਰ ਜਰਨੈਲਾਂ ਤੇ ਫ਼ੌਜਾਂ ਨੂੰ ਯੋਗ ਥਾਵਾਂ ਤੇ ਉਤਾਰਿਆ ਗਿਆ।

## ਕਸ਼ਮੀਰ ਦੀ ਇਸ ਮਹਾਨ ਜਿੱਤ ਤੇ ਸ਼ੇਰਿ-ਪੰਜਾਬ ਦੀ ਖ਼ੁਸ਼ੀ :

ਮਹਾਰਾਜੇ ਨੂੰ ਜਦ ਇਹ ਸਾਰੀ ਖ਼ਬਰ ਪਹੁੰਚਾਈ ਗਈ ਤਾਂ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਨ੍ਹਾਂ ਇਸ ਅਪਾਰ ਖ਼ੁਸ਼ੀ ਦੇ ਮੌਕੇ ਤੇ ਖ਼ਬਰ ਪਹੁੰਚਾਣ ਵਾਲੇ ਨੂੰ



Digitized by Panjab Digital Library | www.panjabdigilib.org

ਦਿਲ ਖੋਹਲ ਕੇ ਦੌਲਤ ਬਖ਼ਸ਼ੀ ਜਿਸ ਨਾਲ ਉਸ ਦੇ ਜੀਵਨ ਭਰ ਦਾ ਗੁਜ਼ਾਰਾ ਆਸਾਨੀ ਨਾਲ ਚੱਲ ਸਕਦਾ ਸੀ। ਇਹ ਖ਼ੁਸ਼ੀ ਭਰੀ ਖ਼ਬਰ ਦੱਸਣ ਵਾਲੇ ਨੂੰ ਨਿਹਾਲ ਕਰਨ ਤੋਂ ਬਾਦ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨੂੰ ਰਵਾਨਾ ਹੋ ਗਏ। ਉਥੇ ਪੁਜਦਿਆਂ ਹੀ ਗੁਰੂ ਬਾਬੇ ਦੀ ਹਜ਼ੂਰੀ ਵਿਚ ਜਾ ਨਮਸਕਾਰ ਕੀਤੀ ਤੇ ਗੁਰੂ ਰਾਮਦਾਸ ਜੀ ਮਹਾਰਾਜ ਦਾ ਇਸ ਮਹਾਨ ਜਿੱਤ ਤੇ ਲੱਖ ਲੱਖ ਸ਼ੁਕਰੀਆ ਅਦਾ ਕੀਤਾ, ਅਰਦਾਸਾ ਸੁਧਵਾਇਆ ਜਿਸ ਵਿਚ ਮਹਾਰਾਜੇ ਨੇ ਗੁਰੂ ਬਾਬੇ ਦੀ ਬਖ਼ਸ਼ੀ ਹੋਈ ਦੌਲਤ ਵਿਚੋਂ ਵਧ ਚੜ੍ਹ ਕੇ ਇਕ ਲੱਖ ਪੱਚੀ ਹਜ਼ਾਰ ਰੁਪਇਆ ਸ੍ਰੀ ਦਰਬਾਰ ਸਾਹਿਬ ਦੀ ਕਾਰ-ਸੇਵਾ ਲਈ ਭੇਟਾ ਕੀਤਾ। ਰਾਤ ਨੂੰ ਇਸ ਖ਼ੁਸ਼ੀ ਵਿਚ ਸਾਰੇ ਹੀ ਸ਼ਹਿਰ ਵਿਚ ਦੀਪਮਾਲਾ ਕੀਤੀ ਗਈ, ਖ਼ੁਸ਼ੀਆਂ ਮਨਾਈਆਂ ਗਈਆਂ। ਮਹਾਰਾਜੇ ਨੇ ਦੀਨ-ਦੁਖੀਆਂ ਵਿਚ ਵੀ ਕਾਫ਼ੀ ਦੌਲਤ ਵੰਡੀ ਤੇ ਦਾਨ ਪੁੰਨ ਕੀਤਾ।

ਪੰਡਿਤ ਬੀਰਬਰ ਨੂੰ ਉਸ ਦੀ ਇਸ ਕੁਰਬਾਨੀ ਤੇ ਖ਼ੁਸ਼ ਹੋ ਕੇ ਮਹਾਰਾਜੇ ਨੇ ਬਹੁਤ ਵੱਡੀ ਜਾਗੀਰ ਬਖ਼ਸ਼ੀ ਤੇ ਕਸ਼ਮੀਰ ਦੇ ਮਾਲੀਏ ਦਾ ਠੇਕਾ ਤ੍ਰਿਵੰਜਾ ਲੱਖ ਰੁਪਏ ਦੇ ਕੇ ਨਿਹਾਲ ਕੀਤਾ।

## ਮੁਜ਼ੱਫ਼ਰਾਬਾਦ ਤੇ ਦਰਬੰਦ ਦੇ ਇਲਾਕੇ ਖ਼ਾਲਸਾ ਰਾਜ ਨਾਲ ਮਿਲਾਉਣੇ :

ਇਸ ਤੋਂ ਬਾਦ ਸਰਦਾਰ ਹਰੀ ਸਿੰਘ ਨਲਵੇ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਨੇ ਮਹਾਰਾਜ ਦੇ ਫ਼ੁਰਮਾਨ ਅਨੁਸਾਰ ਮੁਜ਼ੱਫ਼ਰਾਬਾਦ ਤੇ ਦਰਬੰਦ ਦੇ ਇਲਾਕੇ ਕਰੜੀ ਲੜਾਈ ਨਾਲ ਫ਼ਤਿਹ ਕਰ ਕੇ ਕਸ਼ਮੀਰ ਨਾਲ ਮਿਲਾ ਦਿੱਤੇ। ਇਉਂ ਤਕਰੀਬਨ ਕਸ਼ਮੀਰ ਦੇ ਆਲੇ ਦੁਆਲੇ ਦਾ ਇਲਾਕਾ ਖ਼ਾਲਸੇ ਨੇ ਸਰ ਕਰ ਲਿਆ। ਪਹਿਲਾਂ ਪਹਿਲ ਸਰਦਾਰ ਹਰੀ ਸਿੰਘ ਨਲਵੇ ਦੀ ਨਿਗਰਾਨੀ ਹੇਠ ਸਾਰੇ ਇਲਾਕਿਆਂ ਵਿਚ ਫ਼ੌਜੀ ਰਾਜ ਰਿਹਾ। ਬਾਦ ਵਿਚ ਸ਼ੇਰਿ ਪੰਜਾਬ ਨੇ ਫ਼ਕੀਰ ਅਜ਼ੀਜ਼ੁੱਦੀਨ ਨੂੰ ਉਨ੍ਹਾਂ ਸਾਰੇ ਇਲਾਕਿਆਂ ਦੀ ਇਕ ਪੂਰਨ ਰੂਪ ਵਿਚ ਰਪੋਟ ਤਿਆਰ ਕਰਨ ਲਈ ਕਿਹਾ। ਬੜੀ ਦੂਰ-ਅੰਦੇਸ਼ੀ ਤੋਂ ਬਾਦ ਕਸ਼ਮੀਰ ਦਾ ਪਹਿਲਾ ਗਵਰਨਰ ਦੀਵਾਨ ਮੋਤੀ ਰਾਮ ਮੁਕੱਰਰ ਕੀਤਾ ਗਿਆ। ਮਹਾਰਾਜੇ ਨੇ ਥੋੜੀ ਹੀ ਫ਼ੌਜ ਕਸ਼ਮੀਰ ਠਹਿਰਾਉਣ ਤੇ ਬਾਕੀ ਫ਼ੌਜ ਨੂੰ ਵਾਪਸੀ ਦਾ ਫ਼ੁਰਮਾਨ ਜਾਰੀ ਕਰ ਦਿੱਤਾ।

## ਨਲਵੇ ਸਰਦਾਰ ਦਾ ਆਦਰ :

ਸਰਦਾਰ ਹਰੀ ਸਿੰਘ ਨਲਵਾ ਜਦੋਂ ਫ਼ੌਜ ਸਮੇਤ ਵਾਪਸ ਲਾਹੌਰ ਪਹੁੰਚਿਆ ਤਾਂ ਮਹਾਰਾਜੇ ਨੇ ਉਸ ਦੀ ਆਉ ਭਗਤ ਬੈਂਡ-ਵਾਜਿਆਂ ਸਮੇਤ ਬੜੀ ਸ਼ਾਨ ਨਾਲ ਕੀਤੀ। ਨਗਰ ਦੇ ਆਲੇ ਦੁਆਲੇ ਅਨੇਕਾਂ ਨਾਲ ਸਜਾਵਟਾਂ ਕੀਤੀਆਂ ਗਈਆਂ ਸਨ। ਜਦ ਸ਼ਾਹਦਰੇ ਤੋਂ ਲਾਹੌਰ ਪੁੱਜੇ ਤਾਂ ਬਜ਼ਾਰ ਐਨੀ ਸ਼ਾਨ ਨਾਲ ਸਜਾਏ ਗਏ ਸਨ ਕਿ ਮਨ ਮੱਲੋਮੱਲੀ ਮੋਹਿਆ ਜਾਂਦਾ



Digitized by Panjab Digital Library | www.panjabdigilib.org

ਸੀ। ਜਦ ਸਰਦਾਰ ਹਰੀ ਸਿੰਘ ਨਲਵੇ ਦਾ ਹਾਥੀ ਲਾਹੌਰੀ ਦਰਵਾਜ਼ੇ ਦੇ ਅੰਦਰ ਪਹੁੰਚਿਆ ਤਾਂ ਸ਼ਹਿਰ ਨਿਵਾਸੀਆਂ ਦੀ ਖ਼ੁਸ਼ੀ ਝੱਲੀ ਨਹੀਂ ਜਾਂਦੀ ਸੀ। ਉਹ ਛੱਤਾਂ ਤੋਂ ਗੁਲਾਬਦਾਨੀਆਂ ਤੇ ਰੂਹ ਕੇਵੜੇ ਦੀਆਂ ਸੁਗੰਧੀਆਂ ਤੇ ਫੁੱਲਾਂ ਦੀ ਵਰਖਾ ਕਰ ਰਹੇ ਸਨ। ਇਉਂ ਫ਼ਿਜ਼ਾ ਵਿਚ ਸੁਗੰਧੀਆਂ ਪਸਰੀਆਂ ਵੇਖ ਨਲਵੇ ਸਰਦਾਰ ਦਾ ਚਾਅ ਨਹੀਂ ਸੀ ਚੁਕਿਆ ਜਾਂਦਾ। ਜਦ ਹਰੀ ਸਿੰਘ ਨਲਵਾ ਮਹਾਰਾਜੇ ਨਾਲ ਕਿਲੇ ਦੇ ਅੰਦਰ ਦਾਖਲ ਹੋਇਆ ਤਾਂ ਵੱਡੀਆਂ ਤੋਪਾਂ ਨਾਲ ਸਲਾਮੀ ਦਿੱਤੀ ਗਈ। ਰਾਤ ਨੂੰ ਸਾਰੇ ਸ਼ਹਿਰ ਵਿਚ ਬੜੀ ਧੂਮ ਧਾਮ ਨਾਲ ਦੀਪਮਾਲਾ ਕੀਤੀ ਗਈ। ਉਸ ਸਮੇਂ ਇਉਂ ਜਾਪਦਾ ਸੀ ਜਿਵੇਂ ਲਾਹੌਰ ਤੇ ਰਾਤ ਆਈ ਹੀ ਨਹੀਂ ਹੁੰਦੀ। ਮਹਾਰਾਜੇ ਨੇ ਇਕ ਦਰਬਾਰ ਸਜਾਇਆ ਜਿਸ ਵਿਚ ਕਸ਼ਮੀਰ ਵਿਚ ਜਿੱਤਾਂ ਪਾਉਣ ਵਾਲਿਆਂ ਦੀ ਸ਼ਲਾਘਾ ਕੀਤੀ ਗਈ ਤੇ ਉਨ੍ਹਾਂ ਨੂੰ ਬਹਾਦਰੀ ਦੇ ਤਮਗੇ ਤੇ ਜਗੀਰਾਂ ਬਖ਼ਸ਼ੀਆਂ ਗਈਆਂ। ਸਰਦਾਰ ਹਰੀ ਸਿੰਘ ਨਲਵੇ ਨੂੰ ਉਸ ਦੀ ਇਸ ਸ਼ਾਨਦਾਰ ਜਿੱਤ ਅਤੇ ਕਮਾਲ ਤੇ ਧੰਨੀ ਦਾ ਇਲਾਕਾ ਜੋ ਛੇ ਹਜ਼ਾਰ ਰੁਪਏ ਦੀ ਮਲਕੀਅਤ ਦਾ ਸਮਝਿਆ ਜਾਂਦਾ ਸੀ, ਮਹਾਰਾਜ ਵੱਲੋਂ ਜਾਗੀਰ ਵਿਚ ਦੇ ਦਿੱਤਾ ਗਿਆ।

## ਸਰਦਾਰ ਹਰੀ ਸਿੰਘ ਦਾ ਕਸ਼ਮੀਰ ਦਾ ਗਵਰਨਰ ਬਣਨਾ :

ਅਜੇ ਕਸ਼ਮੀਰ ਵਿਚ ਮਹਾਰਾਜ ਵਲੋਂ ਥਾਪੇ ਗਏ ਗਵਰਨਰ ਨੂੰ ਇਕ ਸਾਲ ਵੀ ਨਹੀਂ ਹੋਇਆ ਸੀ ਕਿ ਉਥੋਂ ਦਾ ਅਮਨ ਅਮਾਨ ਉੱਕਾ ਹੀ ਭੰਗ ਹੋਣ ਤੇ ਆਇਆ। ਹਰ ਪਾਸੇ ਗ਼ਦਾਰੀ ਦਾ ਪੱਲੜਾ ਭਾਰੀ ਹੋਣ ਲੱਗਾ। ਲੋਕੀ ਨੇਕਦਿਲ ਦੀਵਾਨ ਮੋਤੀ ਰਾਮ ਦੇ ਨਰਮ ਸੁਭਾਅ ਦਾ ਨਾਜਾਇਜ਼ ਫ਼ਾਇਦਾ ਉਠਾ ਰਹੇ ਸਨ। ਮਹਾਰਾਜੇ ਵੱਲੋਂ ਕੀਤੇ ਗਏ ਫ਼ੁਰਮਾਨਾਂ ਦੀ ਉਲੰਘਣਾ ਕੀਤੀ ਜਾ ਰਹੀ ਸੀ। ਦੂਰ ਦੂਰ ਤੱਕ ਬੁਰੀਆਂ ਵਾਰਦਾਤਾਂ ਰੋਜ਼ ਸੁਣਨ ਵਿਚ ਆ ਰਹੀਆਂ ਸਨ। ਮਾਲੀਏ ਦੀ ਵਸੂਲੀ ਉੱਕਾ ਹੀ ਬੰਦ ਹੋ ਗਈ ਸੀ। ਮਹਾਰਾਜੇ ਨੇ ਦੀਵਾਨ ਦੇਵੀਦਾਸ ਪਸ਼ੌਰੀਏ ਨੂੰ ਇਸ ਬਾਰੇ ਪੜਤਾਲ ਲਈ ਭੇਜਿਆ। ਜੋ ਗੱਲ ਆਮ ਸੁਣਨ ਵਿਚ ਆਈ ਸੀ, ਉਹੋ ਹੀ ਸਹੀ ਸਾਬਤ ਹੋਈ ਤੇ ਦੀਵਾਨ ਮੋਤੀ ਰਾਮ ਦੇ ਸੁਭਾਅ ਤੋਂ ਫ਼ਾਇਦਾ ਉਠਾ ਕੇ ਲੋਕ ਆਪਣੀਆਂ ਮਨਮਾਨੀਆਂ ਕਾਰਰਵਾਈਆਂ ਵਿਚ ਸਫ਼ਲ ਹੋ ਰਹੇ ਸਨ। ਜਾਂਦਿਆਂ ਹੀ ਦੀਵਾਨ ਦੇਵੀ ਦਾਸ ਨੇ ਇਹ ਸਾਰੀ ਰੀਪੋਟ ਮਹਾਰਾਜੇ ਨੂੰ ਲਿਖ ਭੇਜੀ ਜਿਸ ਵਿਚ ਇਹ ਵੀ ਲਿਖ ਭੇਜਿਆ ਕਿ ਅਗਰ ਕਸ਼ਮੀਰ ਦੀ ਹਾਲਤ ਅਜੇਹੀ ਹੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦ ਖ਼ਾਲਸੇ ਨੂੰ ਦੁਬਾਰਾ ਵੱਡੀ ਲੜਾਈ ਲੜ ਕੇ ਕਸ਼ਮੀਰ ਫ਼ਤਿਹ ਕਰਨਾ ਪਵੇਗਾ। ਸ਼ਾਇਦ ਇਸ ਗੱਲੋਂ ਕਸ਼ਮੀਰੀ ਖ਼ਾਲਸਾ ਰਾਜ ਦੇ ਵਿਰੁੱਧ ਹੀ ਹੋ ਜਾਣ। ਇਹ ਸਭ ਪਤਾ ਲੱਗਣ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਹੋਰ ਵੀ ਵਧੇਰੇ ਦੁੱਖ ਹੋਇਆ। ਉਨ੍ਹਾਂ ਆਪਣੀ ਦੂਰ ਅੰਦੇਸ਼ੀ ਨਾਲ ਇਸ ਬਾਰੇ ਕਈ ਦਿਨ ਸੋਚਿਆ ਤੇ ਅਖੀਰ ਇਸ ਸਿੱਟੇ ਤੇ ਪਹੁੰਚੇ ਕਿ ਇਸ ਤਰਸ ਯੋਗ ਹਾਲਤ ਤੇ, ਜੋ ਕਸ਼ਮੀਰ ਵਿਚ ਹੋ ਰਹੀ ਹੈ, ਕਾਬੂ ਪਾਉਣ



Digitized by Panjab Digital Library | www.panjabdigilib.org

ਵਾਲਾ ਇੱਕੋ ਇੱਕ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਹੈ। ਸੋ ਇਸ ਲਈ ਉਸ ਨੂੰ ਕਸ਼ਮੀਰ ਦਾ ਗਵਰਨਰ ਬਣਾ ਦੇਣਾ ਮੁਨਾਸਬ ਸਮਝਿਆ।

ਅਗਲੇ ਦਿਨ ਮਹਾਰਜੇ ਨੇ ਇਕ ਬਹੁਤ ਵਡਾ ਦਰਬਾਰ ਕੀਤਾ ਜਿਸ ਵਿਚ ਕਿਸੇ ਨੇ ਕਸ਼ਮੀਰ ਦਾ ਸੂਬੇਦਾਰ ਚੁਣਿਆ ਜਾਣਾ ਸੀ। ਬੜੀ ਸ਼ਾਨ ਨਾਲ ਬਹਾਦਰ ਜਰਨੈਲ ਆਪੋ ਆਪਣੀ ਜਗ੍ਹਾ ਤੇ ਬਿਰਾਜਮਾਨ ਸਨ। ਸ਼ੇਰਿ ਪੰਜਾਬ ਨੇ ਸਾਰਿਆਂ ਨੂੰ ਕਸ਼ਮੀਰ ਵਿਚ ਹੋ ਰਹੀ ਹਾਲਤ ਤੋਂ ਜਾਣੂ ਕਰਵਾਇਆ। ਫੇਰ ਇਸ ਹਾਲਤ ਤੇ ਕਾਬੂ ਪਾਉਣ ਵਾਲੇ ਸ: ਹਰੀ ਸਿੰਘ ਨਲਵੇ ਨੂੰ ਮਹਾਰਾਜੇ ਨੇ ਆਪਣੇ ਪਾਸ ਬੁਲਾਕੇ ਕਸ਼ਮੀਰ ਦੇ ਇਸ ਨਵੇਂ ਅਹੁਦੇ ਦੀ ਸਪੁਰਦਗੀ ਕੀਤੀ, ਜਿਸ ਨਾਲ ਸਾਰੇ ਹੀ ਦਰਬਾਰੀ ਬੜੇ ਖੁਸ਼ ਹੋਏ। ਉਨ੍ਹਾਂ ਨਲਵੇ ਦੀ ਇਸ ਪਦਵੀ ਲਈ ਵਾਹਵਾ ਕੀਤੀ। ਪੰਡਾਲ ਜੈਕਾਰਿਆਂ ਨਾਲ ਗੂੰਜ ਉੱਠਿਆ। ਨਲਵੇ ਨੇ ਇਸ ਪਦਵੀ ਤੇ ਮਹਾਰਾਜੇ ਦਾ ਦਿਲੋਂ ਸ਼ੁਕਰਾਨਾ ਕੀਤਾ ਤੇ ਇਸ ਨੂੰ ਸੰਭਾਲਣ ਲਈ ਹਰ ਕੋਸ਼ਿਸ਼ ਤੇ ਹੀਲੇ ਲਈ ਭਰੋਸਾ ਦਿਵਾਇਆ, ਜਿਸ ਨੂੰ ਸਾਰਿਆਂ ਹੀ ਫੁੱਲ ਚੜ੍ਹਾਏ। ਅੰਤ ਨਲਵਾ ਸਰਦਾਰ ੨੪ ਅਗਸਤ, ਸੰਨ ੧੮੨੦ ਈਸਵੀ ਨੂੰ ਮਹਾਰਾਜੇ ਤੋਂ ਵਿਦੈਗੀ ਲੈ ਕੇ ਸ੍ਰੀ ਨਗਰ ਪਹੁੰਚਿਆ। ਫੇਰ ਅਗਲੇ ਦਿਨ ਜਲਦੀ ਹੀ ਦੀਵਾਨ ਮੋਤੀ ਰਾਮ ਨੂੰ ਮਿਲਕੇ ਕਸ਼ਮੀਰ ਦੀ ਗਵਰਨਰੀ ਦਾ ਬੋਝ ਉਸਦੇ ਸਿਰੋਂ ਲਾਹ ਕੇ ਆਪਣੇ ਕੰਧਿਆਂ ਤੇ ਬੜੀ ਖੁਸ਼ੀ ਤੇ ਆਨ ਸ਼ਾਨ ਨਾਲ ਰੱਖ ਲਿਆ।

## ਕਸ਼ਮੀਰ ਦਾ ਸੁਚੱਜਾ ਪ੍ਰਬੰਧ :

ਸਰਦਾਰ ਹਰੀ ਸਿੰਘ ਨਲਵੇ ਲਈ ਸਭ ਤੋਂ ਪਹਿਲਾ ਕੰਮ ਹੁਣ ਇਹੋ ਸੀ। ਕਿ ਉਨ੍ਹਾਂ ਕਮਜ਼ੋਰੀਆਂ ਵਲ ਧਿਆਨ ਦਿੱਤਾ ਜਾਵੇ ਜਿਨ੍ਹਾਂ ਦਾ ਸਦਕਾ ਪਹਿਲਾ ਗਵਰਨਰ ਦੀਵਾਨ ਮੋਤੀ ਰਾਮ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕਾ ਸੀ। ਇਸ ਪੂਰਤੀ ਲਈ ਜ਼ਰੂਰੀ ਸੀ ਕਿ ਉਥੋਂ ਦੀ ਆਮ ਜਨਤਾ ਦਾ ਜਾਇਜ਼ਾ ਲਿਆ ਜਾਵੇ।ਖਾਨੇ ਬਿਲਕੁਲ ਖ਼ਾਲੀ ਹੋਏ ਪਏ ਸਨ,ਕਿਉਂਕਿ ਮਾਲੀਏ ਦੀ ਉਗਰਾਹੀ ਕਿਸੇ ਪਾਸਿਓਂ ਆ ਨਹੀਂ ਰਹੀ ਸੀ। ਜਿਸਦੇ ਕਾਰਣ ਸਰਕਾਰੀ ਕਰਮਚਾਰੀਆਂ ਦੀ ਤਨਖ਼ਾਹ ਚਾਰ ਮਹੀਨਿਆਂ ਤੋਂ ਬੰਦ ਪਈ ਸੀ। ਉਹ ਬੜੇ ਦੁਖੀ ਹੋਏ ਜਾਪਦੇ ਸਨ।ਸਭ ਤੋਂ ਪਹਿਲਾਂ ਸਰਦਾਰ ਹਰੀ ਸਿੰਘ ਨਲਵੇ ਨੇ ਇਹੋ ਕੰਮ ਸਿਰੇ ਚੜ੍ਹਾਇਆ ਤੇ ਲਾਹੌਰੋਂ ਸ਼ਾਹੀ ਖਜ਼ਾਨੇ ਵਿਚੋ ਧਨ ਮੰਗਵਾ ਕੇ ਉਨ੍ਹਾਂ ਦੀਆਂ ਤਨਖਾਹਾਂ ਦਿੱਤੀਆਂ ਜਿਸ ਨਾਲ ਕੁਝ ਵਾਤਾਵਰਨ ਸ਼ਾਂਤ ਹੋਇਆ। ਫੇਰ ਧਿਆਨ ਮਾਰਿਆ ਮਾਲੀਏ ਦੀ ਵਸੂਲੀ ਵੱਲ। ਇਸਤਰ੍ਹਾਂ ਨਲਵੇ ਸਰਦਾਰ ਨੇ ਦੂਰ ਅੰਦੇਸ਼ੀ ਤੇ ਸਿਆਣਪ ਦਾ ਪ੍ਰਗਟਾਵਾ ਦਿਖਾਇਆ।

ਕਸ਼ਮੀਰੀਆਂ ਬਾਰੇ ਇਹ ਰਾਇ ਆਮ ਪ੍ਰਚਲਿਤ ਹੈ ਕਿ ਉਹ ਬੜੇ ਮਿਹਨਤੀ ਕਿਸਾਨ ਹਨ। ਆਪਣਾ ਨਿਰਵਾਹ ਉਹ ਆਪ ਕਰਦੇ ਹਨ। ਉਹ ਹਰ ਤਰ੍ਹਾਂ ਦੇ ਕੰਮਾਂ ਵਿਚ



Digitized by Panjab Digital Library | www.panjabdigilib.org

ਮਾਹਰ ਹਨ। ਉਹ ਖੇਤੀ ਤੋਂ ਸਿਵਾਇ ਹਥੀਂ ਕੰਮਾਂ ਵਿਚ ਵੀ ਬਹੁਤ ਮਾਹਰ ਹਨ। ਉਹ ਹਰ ਤਰ੍ਹਾਂ ਦਾ ਸਾਮਾਨ ਤਿਆਰ ਕਰਨ ਵਿਚ ਬੜੇ ਸਫਲ ਹਨ। ਇਸੇ ਕਰਕੇ ਉਨ੍ਹਾਂ ਨੂੰ ਕਿਸੇ ਦੀ ਪਰਵਾਹ ਨਹੀਂ। ਜੇ ਕੋਈ ਉਨ੍ਹਾਂ ਉਤੇ ਸਖ਼ਤ ਹਾਕਮ ਆ ਜਾਏ ਤਾਂ ਉਸ ਨੂੰ ਜ਼ਾਲਮ ਜ਼ਾਲਮ ਕਹਿਕੇ ਭੰਡਦੇ ਹਨ ਤੇ ਜੇ ਕੋਈ ਨਰਮ ਹਾਕਮ ਆ ਜਾਏ ਤਾਂ ਉਸ ਤੋਂ ਨਾਜਾਇਜ਼ ਫ਼ਾਇਦਾ ਉਠਾ ਕੇ ਉਸ ਦੇ ਵਿਰੁੱਧ ਬਗਾਵਤ ਕਰਨ ਲਈ ਡਟ ਜਾਂਦੇ ਹਨ, ਉਸ ਨੂੰ ਆਪਣੇ ਕਈ 'ਉਪਨਾਮਾਂ' ਨਾਲ ਸੰਬੋਧਨ ਕਰਦੇ ਹਨ। ਇਵੇਂ ਹੀ ਦੀਵਾਨ ਮੋਤੀ ਰਾਮ ਨਾਲ ਉਥੋਂ ਦੇ ਲੋਕਾਂ ਨੇ ਕੀਤੀ ਸੀ। ਉਸ ਦੇ ਨਰਮ ਸੁਭਾਅ ਤੋਂ ਫਾਇਦਾ ਉਠਾ ਕੇ ਉਹ ਬਗਾਵਤ ਲਈ ਤਿਆਰ ਹੋ ਬੈਠੇ ਸਨ। ਠੀਕ ਸਮੇਂ ਤੇ ਹੀ ਮਹਾਰਾਜੇ ਦੀ ਆਪਣੀ ਚੋਣ,ਜੋ ਕਾਮਯਾਬ ਹੋਈ, ਉਹ ਸੀ ਸਰਦਾਰ ਹਰੀ ਸਿੰਘ ਨਲਵੇ ਨੂੰ ਅਜੇਹੀ ਸਥਿਤੀ ਤੇ ਕਾਬੂ ਪਾਉਣ ਲਈ ਕਸ਼ਮੀਰ ਦਾ ਗਵਰਨਰ ਥਾਪਣਾ।

## ਸਰਦਾਰ ਹਰੀ ਸਿੰਘ ਦਾ ਪਹਿਲਾ ਫ਼ੁਰਮਾਨ :

ਕਸ਼ਮੀਰ ਦੀ ਹਾਲਤ ਦਾ ਪੂਰਾ ਪੂਰਾ ਪਤਾ ਲਗਾਂਦਿਆਂ ਹੀ ਸਰਦਾਰ ਹਰੀ ਸਿੰਘ ਨਲਵੇ ਨੇ ਆਮ ਹਾਲਤ ਤੇ ਕਾਬੂ ਪਾਉਣ ਲਈ ਸੱਭ ਤੋਂ ਪਹਿਲਾ ਕਦਮ ਜੋ ਚੁੱਕਿਆ ਉਹ ਸੀ ਮਾਲੀਏ ਆਦਿ ਦੀ ਵਸੂਲੀ ਦਾ ਸ਼ਾਹੀ ਫ਼ੁਰਮਾਣ, ਜਿਸ ਬਾਰੇ ਦੀਵਾਨ ਮੋਤੀ ਰਾਮ ਹੌਸਲਾ ਹੀ ਨਹੀਂ ਕਰ ਸੱਕਿਆ ਸੀ। ਜਗ੍ਹਾ ਜਗ੍ਹਾ ਤੇ ਲਿਖਤਾਂ ਫੇਰੀਆਂ ਗਈਆਂ ਤੇ ਢੰਡੋਰਾ ਪਿਟਵਾਇਆ ਗਿਆ ਕਿ "ਜਿਸ ਕਿਸੇ ਵੱਲ ਸਰਕਾਰ ਦਾ ਮਾਲੀਆ, ਜੋ ਕਿ ਕਈ ਮਹੀਨਿਆਂ ਤੋਂ ਤੁਰਿਆ ਆ ਰਿਹਾ ਹੈ, ਅਜੇ ਬਾਕੀ ਹੈ ਉਹ ਜਲਦੀ ਹੀ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾ ਕੇ ਸੁਰਖ਼ਰੂ ਹੋਵੇ। ਜੇ ਕੋਈ ਇਸਤਰ੍ਹਾਂ ਕਰਨ ਤੋਂ ਨਾਂਹ ਨੁੱਕਰ ਕਰੇਗਾ, ਬਹਾਨੇ ਲਾਏਗਾ ਜਾਂ ਸਰਕਾਰੀ ਫ਼ੁਰਮਾਨਾਂ ਦੀ ਉਲੰਘਣਾਂ ਕਰੇਗਾ, ਉਸ ਤੇ ਬਹੁਤ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ। ਤੁਹਾਨੂੰ ਪਤਾ ਹੈ ਕਿ ਕਸ਼ਮੀਰ ਖ਼ਾਲਸੇ ਨੇ ਬੜੀਆਂ ਘਾਲਣਾਂ ਤੇ ਮੁਸ਼ਕਲਾਂ ਨਾਲ ਪਾਇਆ ਹੈ। ਸੋ ਹੁਣ ਜੋ ਇਸ ਵਿਚ ਰੋੜਾ ਅਟਕਾਏਗਾ ਉਹ ਆਪਣੇ ਪਾਪਾਂ ਦਾ ਅਧਿਕਾਰੀ ਹੋਵੇਗਾ। ਖ਼ਾਲਸਾ ਹਰ ਪੱਖੋਂ ਜਨਤਾ ਦੀ ਭਲਾਈ ਦਾ ਇੱਛੁਕ ਹੈ। ਉਹ ਜਨਤਾ ਨੂੰ ਜਿੰਨੀਆਂ ਵੀ ਸੁੱਖ ਤੇ ਸਹੂਲਤਾਂ ਦੇ ਸਕੇਗਾ, ਦੇਵੇਗਾ। ਇਹ ਤਦ ਹੀ ਹੋ ਸਕੇਗਾ ਜੇ ਆਮ ਜਨਤਾ ਸਮੇਂ ਸਿਰ ਮਾਲੀਏ ਦੀ ਵਸੂਲੀ ਤੇ ਹੋਰ ਸਰਕਾਰੀ ਅਦਾਇਗੀਆਂ ਬਿਨਾਂ ਕਿਸੇ ਹੁੱਜਤ ਦੇ ਆਪਣੇ ਆਪ ਜਮ੍ਹਾਂ ਕਰਵਾ ਕੇ ਨੇਕ ਨੀਅਤੀ ਦਾ ਸਬੂਤ ਦੇਵੇ। ਇਹ ਹੁਣ ਸਾਰਾ ਕੁਝ ਤੁਹਾਡੇ ਆਪਣੇ ਹੱਥਾਂ ਵਿਚ ਹੈ। ਨਹੀਂ ਤਾਂ ਖ਼ਾਲਸੇ ਨੂੰ ਸਖ਼ਤੀ ਵੀ ਵਰਤਣੀ ਆਉਂਦੀ ਹੈ, ਜਿਸ ਦਾ ਸਿੱਟਾ ਆਮ ਜਨਤਾ ਲਈ ਸਿਵਾਇ ਲਾਭ ਦੇ ਹਾਨੀਕਾਰਕ ਹੀ ਹੋਵੇਗਾ।"



Digitized by Panjab Digital Library | www.panjabdigilib.org

ਇਸ ਫ਼ੁਰਮਾਨ ਦਾ ਆਮ ਲੋਕਾਂ ਤੇ ਬਹੁਤ ਅਸਰ ਹੋਇਆ। ਬਗ਼ਾਵਤੀ ਅਤੇ ਕੁਰਾਹੇ ਜਾਣ ਵਾਲੇ ਕਸ਼ਮੀਰੀ ਹਰੀ ਸਿੰਘ ਨਲਵੇ ਦੇ ਇਸ ਫ਼ਰਮਾਨ ਤੇ ਆਪਣੀ ਹੈਂਕੜ ਛੱਡ ਕੇ ਸਿੱਧੇ ਰਾਹ ਪੈ ਗਏ। ਥੋੜੇ ਸਮੇਂ ਅੰਦਰ ਹੀ ਵਸੂਲੀਆਂ ਆਰੰਭ ਹੋ ਗਈਆਂ। ਵੇਖਾ ਵੇਖੀ ਨਾਲ ਮਾਲੀਏ ਦੇ ਟਕੇ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਹੋ ਗਏ। ਖ਼ਾਲੀ ਖ਼ਜ਼ਾਨਾ ਇਨ੍ਹਾਂ ਚੰਦ ਹੀ ਦਿਨਾਂ ਵਿਚ ਭਰ ਗਿਆ। ਨਲਵੇ ਨੂੰ ਬਹੁਤੀ ਸਖ਼ਤੀ ਨਾ ਵਰਤਣੀ ਪਈ ਤੇ ਉਸ ਦੀ ਸਿਆਣਪ ਭਰੇ ਇਕੋ ਫ਼ੁਰਮਾਨ ਨੇ ਹੀ ਸਾਰਿਆਂ ਦੇ ਮਨਾਂ ਤੇ ਕਾਬੂ ਪਾ ਲਿਆ ਤੇ ਸਾਰਿਆਂ ਨੇ ਅਗਾਂਹ ਨੂੰ ਸਰਕਾਰ ਨਾਲ ਸਹਿਯੋਗ ਦੇਣ ਦਾ ਰਸਤਾ ਫੜਿਆ। ਇਉਂ ਸ਼ੁਰੂ ਵਿਚ ਹੀ ਨਲਵੇ ਦੀ ਕਸ਼ਮੀਰ ਦੇ ਲੋਕਾਂ ਵਿਚ ਵਾਹਵਾ ਹੋ ਗਈ।

## ਸਰਦਾਰ ਹਰੀ ਸਿੰਘ ਦੇ ਨਵੇਂ ਸੁਧਾਰ :

ਸਰਦਾਰ ਹਰੀ ਸਿੰਘ ਨਲਵਾ ਸ਼ੇਰਿ ਪੰਜਾਬ ਦੀ ਤਰ੍ਹਾਂ ਬਾਹਰ ਆਮ ਲੋਕਾਂ ਦੇ ਜੀਵਨ ਨੂੰ ਝਾਤ ਮਾਰਿਆ ਕਰਦਾ ਸੀ। ਇਉਂ ਕਰਨ ਤੇ ਕਿਸੇ ਰਾਜ ਪ੍ਰਬੰਧਕ ਲਈ ਹੋਰ ਵੀ ਸਹੂਲਤ ਹੋ ਜਾਇਆ ਕਰਦੀ ਹੈ। ਸਿਆਣਾ ਤੇ ਤਜਰਬੇਕਾਰ ਹਾਕਮ ਉਹੋ ਹੀ ਹੁੰਦਾ ਹੈ ਜੋ ਪਰਜਾ ਦੇ ਹਿਤ ਦੇ ਸਾਧਨ ਵਰਤੇ ਤੇ ਪਰਜਾ ਦੇ ਸੁੱਖ-ਦੁੱਖ ਨੂੰ ਆਪਣਾ ਸੁੱਖ-ਦੁੱਖ ਸਮਝੇ। ਇਸ ਤਰਾਂ ਥੋੜੇ ਸਮੇਂ ਵਿਚ ਹੀ ਸਰਦਾਰ ਹਰੀ ਸਿੰਘ ਨੇ ਵੀ ਸਾਰੇ ਇਲਾਕੇ ਦਾ ਚੱਕਰ ਕੱਟ ਕੇ ਆਮ ਹਾਲਤਾਂ ਦਾ ਜਾਇਜ਼ਾ ਲਾ ਲਿਆ। ਜੋ ਤਰੁੱਟੀਆਂ ਬਾਕੀ ਰਹਿੰਦੀਆਂ ਸਨ ਉਨ੍ਹਾਂ ਲਈ ਉਪਰਾਲਾ ਸ਼ੁਰੂ ਕਰ ਦਿੱਤਾ। ਸਰਕਾਰੀ ਖ਼ਜ਼ਾਨਾ ਭਰ ਜਾਣ ਤੇ ਨਲਵੇ ਨੇ ਲੋਕਾਂ ਨੂੰ ਅਨੇਕਾਂ ਸਹੂਲਤਾਂ ਦੇਣੀਆਂ ਅਰੰਭ ਦਿੱਤੀਆਂ। ਪਰਜਾ ਭਲਾਈ ਦੇ ਕੰਮਾਂ ਵਿਚ ਦਿਲ ਖੋਹਲਕੇ ਮਾਇਆ ਲਾਉਣੀ ਸ਼ੁਰੂ ਕਰ ਦਿੱਤੀ। ਕੰਮ ਹੀਨ ਤੇ ਵਿਹਲੜ ਲੋਕਾਂ ਲਈ ਛੋਟੇ-ਮੋਟੇ ਧੰਦੇ ਅਰੰਭ ਕਰਨ ਬਾਰੇ ਸੋਚਿਆ ਗਿਆ। ਥੋੜੀ ਤਨਖ਼ਾਹ ਵਾਲੇ ਲੋਕਾਂ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ਕੁਝ ਹੋਰ ਸਹੂਲਤਾਂ ਦੇ ਦਿੱਤੀਆਂ ਗਈਆਂ। ਨਿੱਤ ਵਰਤੋਂ ਦੀਆਂ ਚੀਜ਼ਾਂ ਦੇ ਭਾਆਂ ਵਿਚ ਸੁਧਾਰ ਕੀਤਾ ਗਿਆ। ਇਸ ਤਰ੍ਹਾਂ ਕਰਨ ਤੇ ਹੇਰਾ ਫੇਰੀ ਘਟ ਗਈ। ਸੜਕਾਂ ਤੇ ਆਮ ਰਸਤਿਆਂ ਦੀ ਪਧਰਾਈ ਕਰਵਾਉਣ ਲਈ ਉਪਰਾਲਾ ਕੀਤਾ ਗਿਆ। ਹੱਥੀਂ ਤਿਆਰ ਕੀਤੇ ਗਏ ਮਾਲ ਲਈ ਸਾਂਝੀਆਂ ਦੁਕਾਨਾਂ ਦਾ ਬੰਦੋਬਸਤ ਕੀਤਾ ਗਿਆ, ਜਿਸ ਨ ਲ ਆਮ ਲੋਕਾਂ ਵਿਚ ਸੁੱਖ ਤੇ ਸ਼ਾਂਤੀ ਪਸਰ ਗਈ ਤੇ ਜੁਰਮ ਘਟਣੇ ਅਰੰਭ ਹੋ ਗਏ।

## ਹੰਕਾਰੀ ਖਾਗ਼ੀਆਂ ਦਾ ਸੁਧਾਰ :

ਸਰਦਾਰ ਹਰੀ ਸਿੰਘ ਨਲਵੇ ਦੀ ਨਿਗ੍ਹਾ ਹੁਣ ਉਨ੍ਹਾਂ ਘਮੰਡੀ ਤੇ ਮੂਰਖ ਬਾਗ਼ੀਆਂ



Digitized by Panjab Digital Library | www.panjabdigilib.org

ਤੇ ਲੱਗੀ ਹੋਈ ਸੀ ਜੋ ਅਜੇ ਵੀ ਆਪਣੀ ਹਉਮੈਂ ਦਾ ਸ਼ਿਕਾਰ ਹੋਏ ਸ਼ਾਹੀ ਫ਼ੁਰਮਾਨਾਂ ਨੂੰ ਅੱਖੋਂ ਉਹਲੇ ਕਰੀਂ ਬੈਠੇ ਸਨ। ਉਨ੍ਹਾਂ ਬਾਗ਼ੀਆਂ ਵਿਚ ਬਾਰਾਂ ਮੂਲੇ ਦੇ ਇਲਾਕੇ ਦੇ ਰਈਸ ਤੇ ਦਰਿਆ ਜਿਹਲਮ ਦੇ ਪਾਸਿਆਂ ਤੇ ਵੱਸਣ ਵਾਲੇ 'ਖੱਖੇ' ਤੇ 'ਬੱਬੇ', ਆਪਣੇ ਆਪ ਨੂੰ ਖ਼ੁਦਮੁਖ਼ਤਾਰ ਸਮਝੀ ਬੈਠੇ ਸਨ। ਸੋ ਉਨ੍ਹਾਂ ਨੂੰ ਮਜ਼ਾ ਚਖਾਉਣਾ ਜ਼ਰੂਰੀ ਸੀ। ਦੀਵਾਨ ਮੋਤੀ ਰਾਮ ਦੇ ਅਨੇਕਾਂ ਹੀ ਫ਼ੁਰਮਾਨਾਂ ਦੇ ਬਾਵਜੂਦ ਵੀ ਉਨ੍ਹਾਂ ਨੇ ਨਾ ਤਾਂ ਮਾਲੀਆ ਹੀ ਜਮ੍ਹਾਂ ਕਰਵਾਇਆ ਤੇ ਨਾ ਕੋਈ ਉੱਤਰ ਹੀ ਘੱਲਿਆ। ਸਰਦਾਰ ਹਰੀ ਸਿੰਘ ਨਲਵੇ ਨੇ ਖ਼ਾਲਸੇ ਵਲ ਹੁਕਮ ਜਾਰੀ ਕਰ ਦਿੱਤਾ ਕਿ ਇਨ੍ਹਾਂ ਬਾਗ਼ੀਆਂ ਨੂੰ ਜ਼ਿੰਦਾ ਫੜ ਕੇ ਦਰਬਾਰ ਵਿਚ ਲਿਆਂਦਾ ਜਾਵੇ। ਬੱਸ, ਹੁਕਮ ਦੀ ਉਡੀਕ ਵਿਚ ਬਿਹਬਲ ਹੋ ਰਹਿਆ ਖ਼ਾਲਸਾ, ਜਿਸ ਤੇ ਸ਼ੇਰਿ ਪੰਜਾਬ ਅਤੇ ਸਰਦਾਰ ਨਲਵੇ ਦੀ ਥਾਪਣਾ ਸੀ, ਅੱਖ ਦੇ ਫੋਰ ਵਿਚ ਕੜਕਦੀ ਬਿਜਲੀ ਵਾਂਗ ਉਨ੍ਹਾਂ ਬਾਗ਼ੀਆਂ ਤੇ ਜਾ ਪਿਆ। ਖ਼ਾਲਸੇ ਨੇ ਸੱਭ ਤੋਂ ਪਹਿਲਾਂ ਬਾਰਾਂ ਮੂਲੇ ਦੇ ਰਈਸਾਂ ਨੂੰ ਅਜੇਹੀ ਸਿਖਿਆ ਦਿੱਤੀ ਕਿ ਨੱਕ ਨਾਲ ਲਕੀਰਾਂ ਕਢਵਾ ਦਿੱਤੀਆਂ। ਉਨ੍ਹਾਂ ਰਈਸਾਂ ਤੋਂ ਵਿਹਲੇ ਹੋ ਕੇ ਜਿਹਲਮੋਂ ਪਾਰ ਦੇ 'ਖੱਖੇ' ਤੇ 'ਬੱਬਿਆਂ' ਨੂੰ ਦੋਵੇਂ ਹੱਥੀਂ ਜਾ ਲਿਆ। ਇਉਂ ਬਾਗ਼ੀ ਆਪਣੇ ਆਲੇ ਦੁਆਲੇ ਹਥਿਆਰ ਬੰਦ ਖ਼ਾਲਸਾ ਫ਼ੌਜ ਨੂੰ ਦੇਖ ਕੇ ਦੰਗ ਰਹਿ ਗਏ। ਅਜੇਹੇ ਬੱਬਰ ਸ਼ੇਰਾਂ ਵਰਗੇ ਚਿਹਰਿਆਂ ਦਾ ਜਲਾਲ ਉਨ੍ਹਾਂ ਤੋਂ ਝੱਲਿਆ ਨਾ ਗਿਆ। ਬਿਨਾਂ ਬਹੁਤੇ ਖ਼ੂਨ ਖ਼ਰਾਬੇ ਦੇ ਹੀ ਖ਼ਾਲਸੇ ਨੇ ਉਨ੍ਹਾਂ ਨੂੰ ਘੇਰੇ ਵਿਚ ਲੈ ਕੇ ਅਜੇਹੀ ਸਜ਼ਾ ਦਿੱਤੀ ਜਿਸ ਨੂੰ ਵੇਖਕੇ ਬਾਕੀ ਗ਼ੱਦਾਰਾਂ ਨੇ ਵੀ ਆਪਣੇ ਆਪ ਹੀ ਈਨ ਮੰਨ ਲਈ। ਉਨ੍ਹਾਂ ਨੇ ਭਰੇ ਦਰਬਾਰ ਵਿਚ ਖ਼ਾਲਸੇ ਅੱਗੇ ਹੱਥ ਜੋੜੇ, ਮਿੰਨਤਾਂ ਕੀਤੀਆਂ ਤੇ ਅੱਗੇ ਨੂੰ ਖ਼ਾਲਸੇ ਦੇ ਵਫ਼ਾਦਾਰ ਰਹਿਣ ਲਈ ਵਿਸ਼ਵਾਸ ਦਿਵਾਇਆ। ਇਸਤਰ੍ਹਾਂ ਉਨ੍ਹਾਂ ਤੋਂ ਕੇਵਲ ਮਾਲੀਏ ਦੀ ਵਸੂਲੀ ਹੀ ਨਹੀਂ ਕੀਤੀ ਗਈ, ਸਗੋਂ ਨਾਲੋ ਨਾਲ ਕਾਫ਼ੀ ਗਿਣਤੀ ਵਿਚ ਜੁਰਮਾਨਾ ਵੀ ਵਸੂਲਿਆ ਗਿਆ, ਤਾਂ ਕਿ ਅੱਗੇ ਨੂੰ ਉਹ ਲੋਕ ਸਿਰ ਨਾ ਉਠਾ ਸੱਕਣ। ਇਉਂ ਰਕਮਾਂ ਆਉਣ ਤੇ ਸਰਕਾਰੀ ਖ਼ਜ਼ਾਨੇ ਵਿਚ ਮਾਇਆ ਦੀ ਹੋਰ ਵੀ ਬਹੁਲਤਾ ਹੋ ਗਈ।

## ਮਾਲ਼ੀਏ ਵਿਚ ਸੁਧਾਰ :

ਜਦ ਸਰਦਾਰ ਹਰੀ ਸਿੰਘ ਨਲਵੇ ਨੇ ਕਸ਼ਮੀਰ ਦੇ ਲੋਕਾਂ ਨੂੰ ਅਨੇਕ ਪ੍ਰਕਾਰ ਦੀਆਂ ਸਾਰੀਆਂ ਹੀ ਸਹੂਲਤਾਂ ਦਿੱਤੀਆਂ ਤਾਂ ਉਹ ਲੋਕ ਖ਼ਾਲਸੇ ਦੇ ਇੰਨੇ ਵਫ਼ਾਦਾਰ ਸਿੱਧ ਹੋਏ ਕਿ ਹਰ ਪਾਸਿਓਂ ਖ਼ਾਲਸਾ ਰਾਜ ਦੀ ਪ੍ਰਸੰਸਾ ਹੋਣ ਲੱਗੀ। ਨਲਵੇ ਨੇ ਦੂਜੇ ਸੁਧਾਰਾਂ ਤੋਂ ਮਗਰੋਂ ਇਥੋਂ ਦੇ ਮਿਹਨਤੀ ਕਿਸਾਨਾਂ ਵੱਲ ਝਾਤ ਮਾਰੀ, ਜਿਨ੍ਹਾਂ ਦੀ ਅਸਲ ਮਿਹਨਤ ਦਾ ਪੂਰਾ ਫਲ ਉਨ੍ਹਾਂ ਨੂੰ ਨਹੀਂ ਮਿਲ ਰਿਹਾ ਸੀ। ਉਹ ਕਾਫੀ ਤੰਗੀ—ਤੁਰਸ਼ੀ ਨਾਲ ਆਪਣਾ ਗੁਜ਼ਾਰਾ ਤੋਰ ਰਹੇ ਸਨ। ਇਸ ਕਾਰਜ ਲਈ ਸਰਦਾਰ ਹਰੀ ਸਿੰਘ ਨੇ



Digitized by Panjab Digital Library | www.panjabdigilib.org

ਵਸੂਲ ਕੀਤੇ ਜਾ ਰਹੇ ਮਾਲੀਏ ਦੀ ਪੜਤਾਲ ਕਰਵਾਈ, ਜੋ ਕਿ ਉਨ੍ਹਾਂ ਵਲ ਵਧਦੀ ਸੀ। ਸੋ ਕਾਫ਼ੀ ਸਿਆਣਪ ਤੇ ਸਮਝ ਅਨੁਸਾਰ ਦੁਬਾਰਾ ਪੜਤਾਲ ਕਰ ਕੇ ਮਾਮਲੇ ਵਿਚ ਕਟੌਤੀ ਕਰਵਾਈ ਗਈ। ਇਹ ਮਾਮਲਾ ਇੰਨਾ ਵੀ ਘੱਟ ਨਹੀਂ ਸੀ ਜੋ ਸਰਕਾਰ ਦਾ ਕੰਮ ਹੀ ਬੰਦ ਹੋ ਜਾਏ ਅਤੇ ਨਾਂ ਹੀ ਆਮ ਕਿਸਾਨਾਂ ਦੇ ਗਲੇ ਹੀ ਘੁਟੇ ਗਏ ਸਨ। ਇਹ ਰੀਤਿ ਰਾਜਾ ਟੋਡਰ ਮੱਲ ਦੇ ਲਗਾਨ ਤੋਂ ਕਾਫ਼ੀ ਘੱਟ ਸੀ। ਲਗਾਨ ਦੀ ਇਹ ਨਵੀਂ ਸਕੀਮ ਹਰੀ ਸਿੰਘ ਨਲਵੇ ਦੀ ਸਿਆਣਪ ਦਾ ਨਮੂਨਾ ਆਪ ਸੀ, ਜਿਸ ਵਿਚ ਸਰਕਾਰ ਤੇ ਜ਼ਿਮੀਂਦਾਰਾਂ ਦੋਹਾਂ ਦਾ ਸਾਂਝਾ ਲਾਭ ਸੀ। ਇਉਂ ਆਮ ਕਿਸਾਨਾਂ ਦਾ ਜੀਵਨ ਸੌਖਾ ਹੋ ਗਿਆ ਤੇ ਉਹ ਖ਼ਾਲਸੇ ਦੇ ਹਰ ਤਰ੍ਹਾਂ ਨਾਲ ਵਫ਼ਾਦਾਰ ਸਿੱਧ ਹੋਏ।

## ਵਗਾਰ ਬੰਦ ਕਰਵਾਉਣੀ :

ਪੂੰਜੀਵਾਦੀ ਸਮਾਜ ਵਿਚ ਵਗਾਰ ਦੀ ਰੀਤਿ ਆਮ ਪਾਈ ਜਾਂਦੀ ਹੈ। ਅਮੀਰ ਪੂੰਜੀਪਤੀ ਲੋਕ, ਜੋ ਆਦਿ ਕਾਲ ਤੋਂ ਚਲੇ ਆਉਂਦੇ ਹਨ, ਗਰੀਬਾਂ ਤੇ ਲੋੜਵੰਦਾਂ ਨੂੰ ਆਪਣੀ ਮਾਇਆ ਦੇ ਰੋਹਬ ਵਿਚ ਆਪਣੇ ਨਿਜੀ ਧੰਦੇ ਕਰਾਉਣ ਲਈ ਮਜਬੂਰ ਕਰਦੇ ਹਨ, ਜਿਸ ਦਾ ਰਿਵਾਜ ਪੀੜੀਓਂ ਪੀੜ੍ਹੀ ਚਲਦਾ ਆਉਂਦਾ ਹੈ। ਇਹ ਨਾਮੁਰਾਦ ਬਿਮਾਰੀ ਪੁਰਾਣੀਆਂ ਲਿਖਤਾਂ ਦੇ ਅਨੁਸਾਰ ਸੰਨ ੯੦੭ ਈਸਵੀ ਤੋਂ ਸ਼ੰਕਰ ਵਰਮਾ ਦੇ ਸਮੇਂ ਤੋਂ, ਜੋ ਕਿ 'ਕਸ਼ਮੀਰ' ਦਾ ਰਾਜਾ ਸੀ, ਲਗਾਤਾਰ ਚਲੀ ਆ ਰਹੀ ਸੀ। ਇਸ ਬੀਮਾਰੀ ਨੇ ਲੋਕਾਂ ਨੂੰ ਕਮਜ਼ੋਰ ਕਰਕੇ ਨਿਰੋਲ ਵਗਾਰੀ ਬਣਾ ਰੱਖਿਆ ਸੀ। ਜਦੋਂ ਕੋਈ ਮਮੂਲੀ ਕੰਮ ਕਾਰ ਹੁੰਦਾ ਜਾਂ ਕੋਈ ਸਰਕਾਰੀ ਕਰਮਚਾਰੀ ਬਾਹਰ ਦੌਰੇ ਤੇ ਜਾਂਦਾ ਸੀ ਤਾਂ ਲੋੜ ਤੋਂ ਵਧੀਕ ਮਜ਼ਦੂਰ ਵਗਾਰੀ ਬਣਾਕੇ ਨਾਲ ਲਏ ਜਾਂਦੇ ਸਨ। ਵਗਾਰ ਦੇ ਅਨੇਕਾਂ ਹੀ ਉਦਾਹਰਣ ਕਸ਼ਮੀਰ ਦੇ ਇਤਿਹਾਸ ਵਿਚ ਪਾਏ ਜਾਂਦੇ ਹਨ। ਸੰਨ ੧੬੬੪ ਈਸਵੀ ਵਿਚ ਜਦ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਕਸ਼ਮੀਰ ਗਿਆ ਤਾਂ ਉਸਨੇ ਅਣਗਿਣਤ ਵਗਾਰੀ ਆਪਣਾ ਸਮਾਨ ਢੋਣ ਲਈ ਵਰਤੇ। ਸਰਦਾਰ ਹਰੀ ਸਿੰਘ ਨਲਵੇ ਨੇ ਆਪਣੀ ਅੱਖੀਂ ਇਸ ਜਹਾਲਤ ਦੀ ਅਸਲ ਤਸਵੀਰ ਨੂੰ ਡਿੱਠਾ ਜਦ ਕਿ ਉਹ ਇਕ ਵਾਰ ਕਸ਼ਮੀਰ ਵਿਖੇ ਬਾਹਰ ਦੌਰੇ ਤੇ ਗਏ ਤੇ ਸਾਮਾਨ ਲੈ ਜਾਣ ਲਈ ਨਾਲ ਵੱਡੀ ਗਿਣਤੀ ਵਿਚ ਵਗਾਰੀ ਲਏ ਗਏ। ਉਨ੍ਹਾਂ ਵਗਾਰੀਆਂ ਵਿਚੋਂ ਬਹੁਤੇ ਕਿਸਾਨ ਲੋਕ ਸਨ। ਇਹ ਦਿਨ ਉਦੋਂ ਫ਼ਸਲ ਦੀ ਕਟਾਈ ਦੇ ਸਨ। ਜਦੋਂ ਇਨ੍ਹਾਂ ਵਗਾਰੀ ਲੋਕਾਂ ਨੇ ਆਪਣੀ ਫ਼ਸਲ ਦੀ ਕਟਾਈ ਲਈ ਜਾਣ ਨੂੰ ਕਰਮਚਾਰੀਆਂ ਤੋਂ ਆਗਿਆ ਮੰਗੀ ਤਾਂ ਉਹ ਬੁਰੀ ਤਰ੍ਹਾਂ ਪੇਸ਼ ਆਏ। ਸਰਦਾਰ ਹਰੀ ਸਿੰਘ ਨਲਵਾ ਅਜੇਹੇ ਪਾਪ ਨੂੰ ਸਦਾ ਲਈ ਧੋ ਦੇਣਾ ਚਾਹੁੰਦਾ ਸੀ। ਸੋ ਨਲਵੇ ਸਰਦਾਰ ਨੇ ਇਕ ਫ਼ੁਰਮਾਣ ਜਾਰੀ ਕੀਤਾ, ਜਿਸ ਵਿਚ ਬੜੇ ਵਿਸਥਾਰ ਨਾਲ ਵਗਾਰ ਬੰਦ ਕਰਨ ਲਈ ਲਿਖਿਆ ਗਿਆ। ਸਾਰੇ



Digitized by Panjab Digital Library | www.panjabdigilib.org

ਕਸ਼ਮੀਰ ਵਿਚ ਇਸ ਬਾਰੇ ਢੰਡੋਰਾ ਫਿਰਵਾ ਦਿੱਤਾ ਤੇ ਅੱਗੇ ਨੂੰ ਕੋਈ ਵੀ ਸਰਕਾਰੀ ਕਰਮਚਾਰੀ ਆਪਣੇ ਨਾਲ ਕੋਈ ਵੀ ਵਗਾਰੀ ਨਹੀਂ ਲਏਗਾ। ਇਸ ਤਰ੍ਹਾਂ ਸਰਕਾਰੀ ਸਮਾਨ ਢੋਣ ਲਈ ਖੱਚਰਾਂ ਤੇ ਟੱਟੂਆਂ ਆਦਿ ਦੀ ਵਰਤੋਂ ਕੀਤੀ ਜਾਣ ਲੱਗੀ। ਹੋਰ ਕੰਮਾਂ ਧੰਦਿਆਂ ਲਈ ਕੰਮ ਕਰਨ ਵਾਲੇ ਤੇ ਨਾਲ ਜਾਣ ਵਾਲੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਧੰਦੇ ਅਨੁਸਾਰ ਮਜ਼ਦੂਰੀ ਦੇਣੀ ਸ਼ੁਰੂ ਕਰ ਦਿੱਤੀ।

## 'ਤੋਰਾ' ਟੈਕਸ ਖ਼ਤਮ ਕਰਨਾ :

ਕਸ਼ਮੀਰੀ ਕਾਫੀ ਦੇਰ ਤੋਂ ਇਕ ਅਜੀਬ ਹੀ ਕਿਸਮ ਦਾ ਟੈਕਸ ਦਿੰਦੇ ਆ ਰਹੇ ਸਨ, ਜਿਸ ਨੂੰ 'ਤੋਰਾ' ਟੈਕਸ ਕਿਹਾ ਜਾਂਦਾ ਸੀ। ਇਹ ਟੈਕਸ ਹਰ ਇਕ ਵਿਅਕਤੀ ਪਾਸੋਂ ਪੈਦਾਇਸ਼, ਮੰਗਣੀ ਅਤੇ ਵਿਆਹ ਦੇ ਸਮੇਂ ਲਿਆ ਜਾਂਦਾ ਸੀ। ਦੁਨੀਆਂ ਦੇ ਇਤਿਹਾਸ ਵਿਚ ਇਹ ਇਕ ਅਜਿਹਾ ਪਹਿਲਾ ਟੈਕਸ ਸੀ ਜੋ ਲੋਕਾਂ ਤੋਂ ਉਗਰਾਹਿਆ ਜਾਂਦਾ ਸੀ। ਕਸ਼ਮੀਰੀਆਂ ਦੀ ਮਾਲੀ ਹਾਲਤ ਉਸ ਸਮੇਂ ਇੰਨੀ ਪਤਲੀ ਸੀ, ਕਿ ਉਹ ਵਿਚਾਰੇ ਆਮ ਤੌਰ ਤੇ ਚਰਵਾਹੇ, ਆਜੜੀ ਤੇ ਸਧਾਰਨ ਕਿਸਾਨ ਬਣਕੇ ਆਪਣੇ ਦਿਨ ਗੁਜ਼ਾਰਦੇ ਸਨ, ਇਸ ਲਈ ਉਨ੍ਹਾਂ ਨੂੰ ਇਹ ਟੈਕਸ ਅਦਾ ਕਰਨਾ ਕਾਫ਼ੀ ਅਸੰਭਵ ਸੀ। ਸਰਦਾਰ ਹਰੀ ਸਿੰਘ ਨਲਵੇ ਨੇ ਲਗਦੇ ਹੱਥ ਹੀ ਇਸ ਟੈਕਸ ਨੂੰ ਵੀ ਜਨਤਾ ਦੇ ਗਲੋਂ ਲਾਹ ਦਿੱਤਾ।

## ਕਸ਼ਮੀਰ ਦਾ ਨਵਾਂ ਰਾਜ-ਪ੍ਰਬੰਧ :

ਕਸ਼ਮੀਰ ਦੀ ਵਸੋਂ ਵਿਚੋਂ ਉਸ ਵੇਲੇ ਤ੍ਰਾਨਵੇਂ ਪ੍ਰਤੀ ਸ਼ਤ ਮੁਸਲਮਾਨ ਅਤੇ ਸੱਤ ਪ੍ਰਤੀ ਸ਼ਤ ਹਿੰਦੂ ਸਨ। ਪੁਰਾਤਨ ਇਤਿਹਾਸ ਨੂੰ ਵਾਚਿਆਂ ਪਤਾ ਲਗਦਾ ਹੈ ਕਿ ਸੰਨ ੧੪੦੦ ਈਸਵੀ ਤੋਂ ਪਹਿਲਾਂ ਇਥੋਂ ਦੇ ਇਤਿਹਾਸ ਵਿਚ ਤਬਦੀਲੀ ਆਈ। ਉਦੋਂ ਇਥੋਂ ਦੀ ਵਸੋਂ ਇਸ ਤੋਂ ਉਲਟ, ਅਰਥਾਤ - ਤ੍ਰਾਨਵੇਂ ਫ਼ੀ ਸਦੀ ਹਿੰਦੂ ਅਤੇ ਸੱਤ ਫ਼ੀ ਸਦੀ ਮੁਸਲਮਾਨ ਸਨ। ਸਮੇਂ ਦੇ ਹਾਕਮਾਂ ਨੇ ਹਿੰਦੂਆਂ ਨੂੰ ਇਸਲਾਮ ਧਾਰਨ ਕਰਨ ਲਈ ਮਜਬੂਰ ਕੀਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਅਤਿਆਚਾਰਾਂ ਤੋਂ ਤੰਗ ਆ ਕੇ ਭਾਰੀ ਗਿਣਤੀ ਵਿਚ ਹਿੰਦੂ ਲੋਕ ਮੁਸਲਮਾਨ ਹੋ ਗਏ। ਕਿਸੇ ਨੂੰ ਧਰਮ ਕਰਮ ਦੀ ਖੁਲ੍ਹ ਨਹੀਂ ਸੀ। ਇਹ ਉਹੋ ਹੀ ਸਮਾਂ ਸੀ ਜਦ ਸਤਾਰ੍ਹਵੀਂ ਸਦੀ ਵਿਚ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਜੀ ਪਾਸ ਫ਼ਰਿਆਦ ਲੈ ਕੇ ਆਏ ਸਨ। ਇਹ ਲੋਕ ਹਮੇਸ਼ਾ ਹੀ ਫ਼ਰਿਆਦੀ ਬਣੇ ਰਹੇ।

ਹੁਣ ਇਨ੍ਹਾਂ ਦੀ ਅਕਾਲ ਪੁਰਖ ਵਲੋਂ ਫ਼ਰਿਆਦ ਸੁਣੀ ਗਈ, ਜਦੋਂ ਨੇਕ ਦਿਲ ਖ਼ਾਲਸੇ ਨੇ ਇਸ ਧਰਤੀ ਤੇ ਆਪਣੇ ਚਰਨ ਪਾਏ। ਹਰ ਇਕ ਦੀ ਸਮੇਂ ਸਿਰ ਫਰਿਆਦ



Digitized by Panjab Digital Library | www.panjabdigilib.org

ਸੁਣੀ ਜਾਣ ਲੱਗੀ। ਫ਼ੈਸਲਾ ਉਦੋਂ ਹੀ ਕਰਵਾ ਦਿੱਤਾ ਜਾਂਦਾ ਸੀ। ਇਸ ਸੁਧਾਰ ਲਈ ਨੇੜੇ ਨੇੜੇ ਥਾਣੇ ਬਣਾਏ ਗਏ ਸਨ। ਝੂਠਾ ਮੁਕੱਦਮਾ ਕਰਨ ਵਾਲੇ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਤੋਲ ਅਤੇ ਮਾਪਾਂ ਵਿਚ ਸੁਧਾਰ ਕੀਤਾ ਗਿਆ। ਲੋਹੇ ਦੇ ਤੋਲ ਸਭ ਜਗ੍ਹਾ ਇਕੋ ਜਿਹੇ ਰੱਖਣ ਲਈ ਕਿਹਾ ਗਿਆ, ਤਾਂ ਕਿ ਰੋਜ਼ ਰੋਜ਼ ਦੇ ਨਿੱਕੇ ਨਿੱਕੇ ਝਗੜੇ ਖ਼ਤਮ ਹੋ ਸਕਣ। ਸੋਲ੍ਹਾਂ ਗਿਰੇ ਦਾ ਗਜ਼ ਇਕੋ ਜਿਹਾ ਵਰਤਣ ਦਾ ਹੁਕਮ ਜਾਰੀ ਕੀਤਾ ਗਿਆ, ਜਿਸ ਨਾਲ ਕਸ਼ਮੀਰੀਆਂ ਦੇ ਧੰਦੇ ਅਤੇ ਵਪਾਰ ਵਿਚ ਕਾਫ਼ੀ ਉੱਨਤੀ ਹੋਈ।

## ਗ਼ੈਰ-ਮੁਸਲਮਾਨਾਂ ਦੀ ਤਰਸ ਯੋਗ ਹਾਲਤ ਦਾ ਸੁਧਾਰ :

ਸੱਭ ਤੋਂ ਵੱਧ ਜੋ ਤਰਸ ਯੋਗ ਹਾਲਤ ਉਸ ਵੇਲੇ ਸੀ ਉਹ ਸੀ ਉਨ੍ਹਾਂ ਗ਼ੈਰ-ਮੁਸਲਮਾਨ ਲੋਕਾਂ ਦੀ, ਜੋ ਵੇਲੇ ਦੇ ਹਾਕਮਾਂ ਨੇ ਅਨੇਕਾਂ ਕਿਸਮ ਦੀਆਂ ਬੰਦਸ਼ਾਂ ਲਾ ਕੇ ਤੰਗ ਕੀਤੇ ਹੋਏ ਸਨ। ਉਹ ਲੋਕ ਸਿਰ ਤੇ ਪੱਗ ਨਹੀਂ ਬੰਨ੍ਹ ਸਕਦੇ ਸਨ, ਨਾਂ ਪੈਰਾਂ ਵਿਚ ਜੁੱਤੀ ਪਹਿਨ ਸਕਦੇ ਸਨ, ਚਾਹੇ ਭਾਵੇਂ ਉਹ ਕਿੰਨੇ ਵੀ ਵਿਦਵਾਨ ਤੇ ਪੜ੍ਹੇ ਲਿਖੇ ਕਿਉਂ ਨਾ ਹੋਣ। ਸੱਭ ਹੀ ਗ਼ੈਰ-ਮੁਸਲਮਾਨਾਂ ਲਈ ਇਹ ਬੰਦਸ਼ ਲਾਗੂ ਸੀ, ਜਿਸ ਦੀ ਉਲੰਘਣਾ ਕੋਈ ਨਹੀਂ ਸੀ ਕਰ ਸਕਦਾ। ਇਹ ਸੱਭ ਕੁਝ ਨਲਵੇ ਸਰਦਾਰ ਨੂੰ ਉਦੋਂ ਪਤਾ ਲੱਗਿਆ ਜਦੋਂ ਕੁਝ ਵਿਦਵਾਨ ਦਰਬਾਰ ਵਿਚ ਅਜੇਹੀ ਹਾਲਤ ਵਿਚ ਪਹੁੰਚੇ। ਸਰਦਾਰ ਹਰੀ ਸਿੰਘ ਨਲਵੇ ਦੇ ਪੁੱਛਣ ਤੇ ਜਦ ਇਸ ਗੱਲ ਬਾਰੇ ਅਸਲੀਅਤ ਦਾ ਪਤਾ ਲੱਗਿਆ ਤਾਂ ਆਪ ਨੂੰ ਬੜਾ ਦੁੱਖ ਹੋਇਆ। ਸਰਦਾਰ ਜੀ ਨੇ ਉਸੇ ਵਕਤ ਹੀ ਇਕ ਸ਼ਾਹੀ ਫ਼ੁਰਮਾਨ ਇਸ ਸੁਧਾਰ ਲਈ ਜ਼ਾਰੀ ਕੀਤਾ, ਜਿਸ ਵਿਚ ਇਹ ਵਰਣਨ ਸੀ ਕਿ ਖ਼ਾਲਸਾ ਰਾਜ ਵਿਚ ਕਿਸੇ ਵੀ ਕਿਸਮ ਦੇ ਵਸਤ੍ਰ ਪਹਿਨਣ ਤੇ ਕੋਈ ਬੰਦਸ਼ ਨਹੀਂ ਹੈ। ਜੋ ਬਸਤ੍ਰ ਜਿਸ ਕਿਸੇ ਦੀ ਮਰਜ਼ੀ ਹੋਵੇ ਪਹਿਨੇ। ਹਰੇਕ ਇਨਸਾਨ ਲਈ ਆਪਣੀ ਪਸੰਦ ਦੇ ਅਨੁਸਾਰ ਪੁਸ਼ਾਕ ਪਹਿਨਣ ਤੇ ਘੋੜੇ ਆਦਿ ਦੀ ਸਵਾਰੀ ਦੀ ਵੀ ਹਰ ਤਰ੍ਹਾਂ ਖੁਲ੍ਹ ਦਿੱਤੀ ਗਈ। ਇਸ ਸੁਧਾਰ ਨਾਲ ਹਿੰਦੂਆਂ ਦੀ ਰਹਿਣੀ ਬਹਿਣੀ ਹੋਰ ਵੀ ਉੱਚੀ ਹੋ ਗਈ।

## ਹਿੰਦੂਆਂ ਦੀਆਂ ਧਾਰਮਿਕ ਥਾਵਾਂ ਦੀ ਹਾਲਤ :

ਹਿੰਦੂਆਂ ਦੀਆਂ ਧਾਰਮਿਕ ਥਾਵਾਂ ਉਸ ਸਮੇਂ ਨਾਂ ਮਾਤ੍ਰ ਹੀ ਰਹਿ ਗਈਆਂ ਸਨ। ਉਹੋ ਹੀ ਧਾਰਮਿਕ ਜਗਾ ਬਚੀ ਰਹੀ ਜੋ ਕਿ ਕਾਫ਼ੀ ਛੋਟੀ ਤੇ ਸਾਧਾਰਨ ਹਾਲਤ ਵਿਚ ਸੀ। ਮੁਗ਼ਲ ਹਕੂਮਤ ਨੇ ਵੱਡੇ ਵੱਡੇ ਮੰਦਿਰਾਂ ਨੂੰ ਮਸੀਤਾਂ ਵਿਚ ਬਦਲ ਲਿਆ। ਜਿਸ ਤਰ੍ਹਾਂ ਲੋਕਾਂ ਨੂੰ



Digitized by Panjab Digital Library | www.panjabdigilib.org

ਹਿੰਦੂਆਂ ਤੋਂ ਮੁਸਲਮਾਨ ਬਣਾਇਆ ਉਸੇ ਤਰਾਂ ਹੀ ਮੰਦਿਰਾਂ ਤੋਂ ਮਸੀਤਾਂ ਵੀ ਬਣਾ ਲਈਆਂ। ਕਈਆਂ ਮੰਦਿਰਾਂ ਵਿਚੋਂ ਚੰਗੀਆਂ ਤੇ ਬਹੁ-ਮੁੱਲੀਆਂ ਚੀਜ਼ਾਂ ਉਖੇੜ ਕੇ ਆਪਣੀਆਂ ਹੀ ਮਸਜਿਦਾਂ ਜਾਂ ਮਸੀਤਾਂ ਵਿਚ ਜੜ ਲਈਆਂ, ਜਿਨ੍ਹਾਂ ਵਿਚੋਂ ਸ੍ਰੀ ਨਗਰ ਦੀ ਪ੍ਰਸਿੱਧ ਜਾਮੇ ਮਸਜਿਦ ਨੂੰ ਉਸਾਰਨ ਲਈ ਸੰਨ ੧੪੦੪ ਈਸਵੀ ਵਿਚ ਮਹਾਰਾਜਾ ਤਾਰਾਪਦੀ ਦੇ ਪ੍ਰਸਿੱਧ ਮੰਦਿਰ ਨੂੰ ਢਾਹ ਕੇ ਇਸ ਸਾਰੇ ਸਾਮਾਨ ਨੂੰ ਮਸਜਿਦ ਲਈ ਵਰਤ ਲਿਆ ਗਿਆ। ਇਸੇ ਤਰ੍ਹਾਂ ਸ੍ਰੀ ਨਗਰ ਦੇ ਚੌਥੇ ਪੁਲ ਦੇ ਲਾਗੇ ਦਰਿਆ ਦੇ ਕੰਢੇ ਵਾਲੇ ਮੰਦਿਰ ਮਹਾਂ ਸ੍ਰੀ ਦੀ ਸੁੰਦਰਤਾ ਨੂੰ ਤਕਦਿਆਂ ਹੋਇਆਂ ਸ਼ਾਹ ਸਿਕੰਦਰ ਹਾਕਮ ਕਸ਼ਮੀਰ ਨੇ ਇਸ ਮੰਦਿਰ ਦੇ ਵਿਹੜੇ ਵਿਚ ਜ਼ਬਰਦਸਤੀ ਆਪਣੀ ਬੇਗਮ ਨੂੰ ਦਫ਼ਨਾ ਕੇ 'ਮਕਬਰਾ ਸ਼ਾਹੀ' ਦਾ ਨਾਂ ਦੇ ਦਿੱਤਾ। ਇਸੇ ਤਰ੍ਹਾਂ ਜਦ ਸੰਨ ੧੬੨੩ ਈਸਵੀ ਵਿਚ ਨੂਰ ਜਹਾਂ ਬੇਗਮ ਜਹਾਂਗੀਰ ਬਾਦਸ਼ਾਹ ਨਾਲ ਕਸ਼ਮੀਰ ਗਈ ਤਾਂ ਸ਼ੰਕਰਾਚਾਰਯ ਦੇ ਮੰਦਿਰ ਦੀਆਂ ਜੋ ਅਤੀ ਮਨ ਮੋਹਣੀਆਂ ਪੌੜੀਆਂ ਸਨ, ਜਦ ਨੂਰ ਜਹਾਂ ਬੇਗਮ ਨੇ ਦੇਖੀਆਂ ਤਾਂ ਮੋਹੀ ਗਈ ਤੇ ਉਹ ਮੰਦਿਰ ਦੀਆਂ ਪੌੜੀਆਂ ਪੁਟਵਾਕੇ ਉਨ੍ਹਾਂ ਨਾਲ ਸ੍ਰੀ ਨਗਰ ਦੀ ਪੱਥਰ ਵਾਲੀ ਮਸੀਤ ਆਪਣੀ ਯਾਦਗਾਰ ਵਜੋਂ ਬਣਵਾਈ ਤੇ ਉਹ ਬਹੁਮੁਲੇ ਪੱਥਰ ਇਸ ਵਿਚ ਲਗਵਾਏ ਗਏ। ਇਉਂ ਹਿੰਦੂਆਂ ਦੇ ਮੰਦਰਾਂ ਦੀ ਬੇਪਤੀ ਚਿਰੋਕੇ ਸਮੇਂ ਤੋਂ ਮੁਸਲਮਾਨ ਹਾਕਮਾਂ ਵਲੋਂ ਕੀਤੀ ਜਾ ਰਹੀ ਸੀ। ਸਰਦਾਰ ਹਰੀ ਸਿੰਘ ਨਲਵੇ ਨੂੰ ਇਹ ਸਾਰਾ ਕੁਝ ਦੇਖਕੇ ਘੋਰ ਚਿੰਤਾ ਹੋਈ। ਉਸ ਦੀ ਇਹ ਦਿਲੀ ਇੱਛਾ ਸੀ ਕਿ ਜਲਦੀ ਹੀ ਇਨ੍ਹਾਂ ਪਵਿਤ੍ਰ ਤੇ ਧਾਰਮਿਕ ਅਸਥਾਨਾਂ ਨੂੰ ਦੁਬਾਰਾ ਆਪਣੀ ਅਸਲ ਹਾਲਤ ਵਿਚ ਲੈ ਆਂਦਾ ਜਾਏ। ਪਰੰਤੂ ਕਸ਼ਮੀਰ ਦੇ ਮੁਖੀ ਤੇ ਪਤਵੰਤੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਜਦ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਬੜੀ ਨਿਮ੍ਰਤਾ ਤੇ ਹਲੀਮੀ ਨਾਲ ਇਨ੍ਹਾਂ ਅਸਥਾਨਾਂ ਨੂੰ ਉਵੇਂ ਹੀ ਜਿਸ ਤਰ੍ਹਾਂ ਕਿ ਉਸ ਵੇਲੇ ਸਨ, ਰਹਿਣ ਦੇਣ ਲਈ ਤਰਲਾ ਕੀਤਾ। ਸਰਦਾਰ ਹਰੀ ਸਿੰਘ ਨਲਵੇ ਨੇ ਉਨ੍ਹਾਂ ਨੂੰ ਕਾਫ਼ੀ ਸਮਝਾਇਆ ਤੇ ਕਿਹਾ ਕਿ ਧਾਰਮਿਕ ਅਸਥਾਨਾਂ ਦੀ ਰੱਖਿਆ ਕਰਨਾ ਸਰਕਾਰ ਦਾ ਫ਼ਰਜ਼ ਹੈ। ਕਾਫ਼ੀ ਸਮਝਾਉਣ ਤੇ ਵੀ ਉਹ ਨਾ ਮੰਨੇ। ਅੰਤ ਸਰਦਾਰ ਹਰੀ ਸਿੰਘ ਨੂੰ ਉਨ੍ਹਾਂ ਦੀ ਇਸ ਨਿਮ੍ਰਤਾ ਅੱਗੇ ਆਪਣਾ ਇਰਾਦਾ ਬਦਲਣਾ ਪਿਆ ਤੇ ਉਨ੍ਹਾਂ ਅਸਥਾਨਾਂ ਨੂੰ ਉਵੇਂ ਹੀ ਰਹਿਣ ਦਿੱਤਾ ਗਿਆ।

## ਕਸ਼ਮੀਰ ਦੀ ਸੁੰਦਰਤਾ ਵਿਚ ਵਾਧਾ :

ਸਰਦਾਰ ਹਰੀ ਸਿੰਘ ਨਲਵੇ ਨੇ ਸੁਰਗ ਦੀ ਧਰਤੀ ਕਸ਼ਮੀਰ ਨੂੰ, ਜੋ ਕਿ ਜ਼ੁਲਮਾਂ ਦੇ ਜਤਨਾਂ ਨਾਲ ਨਰਕ ਬਣੀ ਪਈ ਸੀ, ਫੇਰ ਸੁਰਗ ਵਿਚ ਬਦਲਨ ਲਈ ਵਧ ਤੋਂ ਵਧ ਕੋਸ਼ਿਸ਼ ਕੀਤੀ। ਕਸ਼ਮੀਰ ਦੇ ਅਜਬ ਤੇ ਮਨ ਮੋਹਣਿਆਂ ਨਜ਼ਾਰਿਆਂ ਵਿਚੋਂ ਸਾਰੇ ਸੰਸਾਰ ਤੇ ਇਕ ਅਜੀਬ ਚੀਜ਼ ਪਾਣੀ ਉਪਰ ਤਰਨ ਵਾਲੇ ਬਾਗ ਅਤੇ ਸਬਜ਼ੀਆਂ ਦੇ ਖੇਤ ਹਨ। ਪਹਿਲੇ ਪਹਿਲ ਇਹ ਖੇਤ ਲਗਾਨ ਦੇ ਵਧ ਹੋ ਜਾਣ ਨਾਲ ਕਾਫ਼ੀ ਘਟ ਗਏ ਸਨ, ਪਰੰਤੂ ਸਰਦਾਰ ਹਰੀ ਸਿੰਘ ਨਲਵੇ ਨੇ



Digitized by Panjab Digital Library | www.panjabdigilib.org

ਮੁੜ ਇਨ੍ਹਾਂ ਨੂੰ ਵਾਧੇ ਵਿਚ ਲਿਆਂਦਾ। ਉਨ੍ਹਾਂ ਕਸ਼ਮੀਰ ਦੀ ਸੁੰਦਰਤਾ ਵਧਾਉਣ ਲਈ ਤੇ ਉਸ ਲਈ ਅਜੇਹੇ ਕੀਤੇ ਜਾ ਰਹੇ ਉਪਰਾਲਿਆਂ ਉਪਰ ਨਾਂ-ਮਾਤ੍ਰ ਹੀ ਮਾਲੀਆ ਰਹਿਣ ਦਿੱਤਾ। ਕਿਸਾਨਾਂ ਦੀ ਵੱਧ ਤੋਂ ਵੱਧ ਮਦਦ ਕੀਤੀ! ਉਨ੍ਹਾਂ ਨੂੰ ਤਕਾਵੀਆਂ ਦੇ ਕੇ ਖੇਤੀ ਵਿਚ ਵਾਧਾ ਕਰਵਾਉਣ ਲਈ ਸਹੂਲਤਾਂ ਦਿੱਤੀਆਂ। ਇਉਂ ਹੋਰ ਸੈਂਕੜੇ ਨਵੇਂ ਖੇਤਾਂ ਦਾ ਵਾਧਾ ਹੋਇਆ। ਇਨ੍ਹਾਂ ਜਲ-ਤਰਨੀਆਂ ਖੇਤੀਆਂ ਵਾਸਤੇ ਝੀਲ ਡੱਲ੍ਹ ਦਾ ਲੰਮਾਂ ਲੰਮਾਂ ਘਾਹ ਵੱਢ ਕੇ ਉਸ ਦੀਆਂ ਮੋਟੀਆਂ ਚਟਾਈਆਂ ਬਣੀਆਂ ਜਾਂਦੀਆਂ ਹਨ। ਚਟਾਈਆਂ ਨੂੰ ਲੱਕੜੀ ਦੀਆਂ ਕੜੀਆਂ ਤੇ ਵਿਛਾ ਕੇ ਉਸ ਤੇ ਅੱਧ ਅੱਧ ਗਜ਼ ਮਿਟੀ ਪਾਈ ਜਾਂਦੀ ਹੈ ਤੇ ਕਿਨਾਰਿਆਂ ਵੱਲ ਵੱਟਾਂ ਬਣਾਕੇ ਉਹ ਖੇਤ ਇਸਤਰਾਂ ਡੱਲ੍ਹ ਦੀ ਝੀਲ ਵਿਚ ਤਾਰ ਦਿੱਤੇ ਜਾਂਦੇ ਹਨ ਅਤੇ ਫੇਰ ਹਜ਼ਾਰਾਂ ਰੁਪਿਆਂ ਦੀਆਂ ਸਬਜ਼ੀਆਂ, ਫੁੱਲ ਤੇ ਫਲ ਇਨ੍ਹਾਂ ਖੇਤਾਂ ਵਿਚੋਂ ਪੈਦਾ ਹੁੰਦੇ ਹਨ। ਇਨ੍ਹਾਂ ਖੇਤਾਂ ਨੂੰ ਪਾਣੀ ਦੀ ਲੋੜ ਨਹੀਂ ਪੈਂਦੀ। ਫ਼ਸਲ ਕੇਵਲ ਡੱਲ੍ਹ ਦੇ ਪਾਣੀ ਦੀ ਸਿਲ੍ਹਾਬ ਨਾਲ ਹੀ ਹੋ ਜਾਂਦੀ ਹੈ। ਇਹ ਖੇਤ ਇਕ ਥਾਂ ਤੋਂ ਦੂਜੀ ਥਾਂ ਬੜੀ ਆਸਾਨੀ ਨਾਲ ਲੈ ਜਾਏ ਜਾਂਦੇ ਹਨ।

ਸਰਦਾਰ ਹਰੀ ਸਿੰਘ ਨਲਵੇ ਨੇ ਦੂਜੀ ਸੁੰਦਰ ਚੀਜ਼, ਜੋ ਕਸ਼ਮੀਰ ਵਿਚ ਪੈਦਾ ਹੁੰਦੀ ਵੇਖੀ ਤੇ ਜਿਸਨੂੰ ਉੱਨਤ ਕੀਤਾ ਉਹ ਹੈ ਕੇਸਰ। ਸਭ ਤੋਂ ਵਧੀਆ ਤੇ ਪ੍ਰਸਿੱਧ ਕੇਸਰ,ਜੋ ਕਿ ਸੰਸਾਰ ਭਰ ਵਿਚ ਉੱਤਮ ਮੰਨਿਆਂ ਜਾਂਦਾ ਹੈ, ਉਹ ਕਸ਼ਮੀਰ ਦੀ ਹੀ ਅਸਲ ਦੇਣ ਹੈ। ਇਹ ਕੇਸਰ ਸੋਨੇ ਚਾਂਦੀ ਦੀ ਤਰ੍ਹਾਂ ਬੜਾ ਹੀ ਮਹਿੰਗਾ ਵਿਕਦਾ ਹੈ। ਹਿੰਦੂਆਂ ਲਈ ਤਾਂ ਕੇਸਰ ਦੀ ਬੜੀ ਹੀ ਮਹੱਤਤਾ ਹੈ ਜੋ ਇਸਨੂੰ ਪੂਜਾ ਆਦਿ ਲਈ ਵਰਤਦੇ ਹਨ। ਪਰ ਇਸ ਮਹਾਨ ਵਸਤੂ ਦੀ ਬਿਜਾਈ ਕਸ਼ਮੀਰ ਵਿਚ ਉਸ ਸਮੇਂ ਕੇਵਲ ਨਾਂ-ਮਾਤ੍ਰ ਹੀ ਰਹਿ ਗਈ ਸੀ। ਅਠਾਰ੍ਹਵੀਂ ਸਦੀ ਤੋਂ ਪਹਿਲਾਂ ਇਹ ਵਧੇਰੇ ਮਾਤ੍ਰਾ ਵਿਚ ਸੀ। ਨਲਵੇ ਸਰਦਾਰ ਨੇ ਕੇਸਰ ਦੀ ਬਿਜਾਈ ਲਈ ਲੋਕਾਂ ਨੂੰ ਉਕਸਾਇਆ ਤੇ ਸਰਕਾਰੀ ਖ਼ਜ਼ਾਨੇ ਵਿਚੋਂ ਇਸ ਕਾਰਜ ਲਈ ਕਿਸਾਨਾਂ ਤੇ ਕੇਸਰ ਦੀ ਫਸਲ ਪੈਦਾ ਕਰਨ ਵਾਲੇ ਲੋਕਾਂ ਨੂੰ ਨਕਦ ਰੁਪਿਆ ਦਿੱਤਾ, ਜਿਸ ਦੇ ਨਾਲ ਕੇਸਰ ਫੇਰ ਕਸ਼ਮੀਰ ਦਾ ਪਹਿਲਾਂ ਦੀ ਤਰ੍ਹਾਂ ਸ਼ਿੰਗਾਰ ਬਣ ਗਿਆ।

## ਦਸਤਕਾਰੀਆਂ ਵਿਚ ਉੱਨਤੀ :

ਕਸ਼ਮੀਰ ਕਿਸੇ ਵੇਲੇ ਘਰੇਲੂ ਦਸਤਕਾਰੀਆਂ ਦਾ ਘਰ ਮੰਨਿਆ ਜਾਂਦਾ ਸੀ। ਹੁਣ ਉਹ ਅਲੋਪ ਹੀ ਹੋ ਚੱਲੀਆਂ ਸਨ। ਸਰਦਾਰ ਹਰੀ ਸਿੰਘ ਨਲਵੇ ਨੇ ਉੱਦਮ ਨਾਲ ਫੇਰ ਉਨ੍ਹਾਂ ਦਸਤਕਾਰੀਆਂ ਨੂੰ ਸੁਰਜੀਤ ਕੀਤਾ, ਜਿਨ੍ਹਾਂ ਵਿਚੋਂ ਸੱਭ ਤੋਂ ਪ੍ਰਸਿਧ ਕਾਗਜ਼ਸਾਜ਼ੀ ਦਾ ਹੁਨਰ ਸੀ। ਕਿਸੇ ਵੇਲੇ ਕਸ਼ਮੀਰੀ ਕਾਗਜ਼ ਦਾ ਟਾਕਰਾ ਕੋਈ ਮੁਲਕ ਵੀ ਨਹੀਂ ਸੀ ਕਰ ਸਕਦਾ। ਸਰਦਾਰ ਨਲਵੇ ਨੇ ਇਨ੍ਹਾਂ ਹੁਨਰ ਦੇ ਮਾਹਰਾਂ ਨੂੰ ਬਹੁਤ ਸਾਰਾ ਧਨ ਦੇਕੇ ਇਸ ਕਾਗਜ਼ਸਾਜ਼ੀ ਦੀ ਦਸਤਕਾਰੀ ਨੂੰ ਬੜੇ ਆਲ੍ਹਾ ਪੈਮਾਨੇ ਤੇ ਜਾਰੀ ਕਰਵਾਇਆ। ਇਥੋਂ ਤਿਆਰ ਹੋਇਆ ਕਾਗਜ਼ ਪੰਜਾਬ ਨੂੰ ਭੇਜਣ ਦਾ ਖ਼ਾਸ ਪ੍ਰਬੰਧ



Digitized by Panjab Digital Library | www.panjabdigilib.org

ਕੀਤਾ ਗਿਆ। ਸਰਦਾਰ ਜੀ ਦੀ ਮੌਜੂਦਗੀ ਸਮੇਂ ਜੋ ਕਾਗਜ਼ ਤਿਆਰ ਹੁੰਦਾ ਸੀ ਉਸ ਦੀਆਂ ਕਿਸਮਾਂ ਇਹ ਸਨ :—ਸ਼ੇਰ ਜੰਗੀ, ਦਾਹ ਮਸਤੀ, ਕਲਮਦਾਨੀ, ਹਸਤਮਸਤੀ ਤੇ ਹਰੀਰੀਆ। ਇਸਦੇ ਨਾਲ ਹੀ ਨਲਵੇ ਬਹਾਦਰ ਨੇ ਕਸ਼ਮੀਰ, ਜੋ ਉੱਨ ਦਾ ਘਰ ਹੈ ਤੇ ਜਿਸ ਤੋਂ ਕਸ਼ਮੀਰੀ ਬੜੀ ਮਿਹਨਤ ਅਤੇ ਲਗਨ ਨਾਲ ਸ਼ਾਲ, ਦੁਸ਼ਾਲੇ, ਪਸ਼ਮੀਨੇ ਤੇ ਰੇਸ਼ਮ ਦੇ ਵਸਤ੍ਰ ਤਿਆਰ ਕਰਦਾ ਹੈ, ਇਨ੍ਹਾਂ ਨੂੰ ਹੋਰ ਉੱਨਤ ਕਰਨ ਲਈ ਬਹੁਤ ਸਾਰੀਆਂ ਸਹੂਲਤਾਂ ਦੇ ਦਿੱਤੀਆਂ ਗਈਆਂ, ਜਿਨ੍ਹਾਂ ਨਾਲ ਫੇਰ ਦੁਬਾਰਾ ਕਸ਼ਮੀਰ ਵਿਚ ਦਸਤਕਾਰੀਆਂ ਹੀ ਦਸਤਕਾਰੀਆਂ ਹੋਂਦ ਵਿਚ ਆ ਗਈਆਂ।

## ਕਸ਼ਮੀਰ ਤੇ ਕੁਦਰਤ ਦੀ ਕਰੋਪੀ-ਤੂਫ਼ਾਨ :

ਕੁਦਰਤ ਵੀ ਕਸ਼ਮੀਰ ਦੀਆਂ ਉੱਨਤੀਆਂ ਤੱਕ ਕੇ ਕਰੋਪ ਹੋ ਗਈ। ਸੰਨ ੧੮੨੧ ਈਸਵੀ ਨੂੰ ਲਗਾਤਾਰ ਕਈ ਦਿਨ ਭਾਰੀ ਬਾਰਸ਼ ਹੋਣ ਕਰਕੇ ਆਲੇ ਦੁਆਲੇ ਪਾਣੀ ਹੀ ਪਾਣੀ ਹੋ ਗਿਆ। ਬੜੇ ਭਾਰੀ ਹੜ੍ਹ ਆ ਗਏ। ਇਨ੍ਹਾਂ ਹੜ੍ਹਾਂ ਨਾਲ ਕਸ਼ਮੀਰ ਨੂੰ ਕਾਫ਼ੀ ਨੁਕਸਾਨ ਪੁੱਜਾ। ਲੋਕਾਂ ਦੇ ਘਰ ਢਹਿ ਗਏ। ਫ਼ਸਲਾਂ ਪਾਣੀ ਦੀ ਲਪੇਟ ਵਿਚ ਆ ਗਈਆਂ। ਕਿਸਾਨਾਂ ਦਾ ਤਾਂ ਬਹੁਤ ਹੀ ਨੁਕਸਾਨ ਹੋਇਆ, ਵਿਚਾਰਿਆਂ ਦੇ ਪਸ਼ੂ ਵੀ ਰੁੜ੍ਹ ਗਏ। ਹਰ ਪਾਸੇ ਹਾਹਾਕਾਰ ਮੱਚ ਗਈ। ਸਰਦਾਰ ਹਰੀ ਸਿੰਘ ਨਲਵੇ ਨੇ ਇਸ ਭਿਆਨਕ ਸਮੇਂ ਤੇ ਕਾਬੂ ਪਾਉਣ ਲਈ ਜਲਦੀ ਹੀ ਪਹਿਲਾਂ ਟੁੱਟੇ ਹੋਏ ਪੁਲਾਂ ਨੂੰ ਮੁਰੰਮਤ ਕਰਵਾਇਆ ਜਾਂ ਨਵੇਂ ਸਿਰਿਓਂ ਬਣਵਾਇਆ। ਫੇਰ ਨਸ਼ਟ ਹੋਈਆਂ ਫਸਲਾਂ ਤੇ ਢਹਿ ਗਏ ਘਰਾਂ ਬਾਰੇ ਲੋਕਾਂ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ਰੁਪਇਆਂ ਦੀ ਮੱਦਦ ਦਿੱਤੀ। ਲੱਖਾਂ ਮਣ ਅਨਾਜ, ਜੋ ਪੰਜਾਬ ਤੋਂ ਮੰਗਵਾਇਆ ਗਿਆ ਸੀ, ਲੋਕਾਂ ਵਿਚ ਮੁਫ਼ਤ ਵੰਡਿਆ ਗਿਆ। ਹੌਲੀ ਹੌਲੀ ਬੇਘਰ ਹੋਏ ਲੋਕਾਂ ਤੇ ਘਬਰਾਏ ਹੋਏ ਪਰਿਵਾਰਾਂ ਦਾ ਜੀਵਨ ਸ਼ਾਂਤ ਹੋਣਾ ਸ਼ੁਰੂ ਹੋਇਆ। ਬਹਾਦਰ ਨਲਵਾ ਹਰ ਔਕੜ ਨੂੰ ਸੰਭਾਲਣਾ ਜਾਣਦਾ ਸੀ।

## ਕਸ਼ਮੀਰ ਵਿਚ ਸਰਦਾਰ ਹਰੀ ਸਿੰਘ ਨਲਵੇ ਦੇ ਨਾਂ ਦਾ ਸਿੱਕਾ :

ਕਸ਼ਮੀਰ ਵਿਚ ਜੋ ਦਿਨ ਬਦਿਨ ਵਧ ਚੜ੍ਹ ਕੇ ਉੱਨਤੀ ਹੋ ਰਹੀ ਸੀ, ਉਸ ਦਾ ਸਿਹਰਾ ਸਰਦਾਰ ਹਰੀ ਸਿੰਘ ਨਲਵੇ ਦੇ ਹੀ ਸਿਰ ਸੀ, ਜੋ ਸਮੇਂ ਦੀ ਨਬਜ਼ ਪਛਾਣਨ ਵਾਲਾ ਤੇ ਸੂਝਵਾਨ ਹੁਕਮਰਾਨ ਸੀ। ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ, ਇਸ ਬਹਾਦਰ ਜਰਨੈਲ ਨੂੰ, ਜਿਸ ਬਾਰੇ ਲਗਭਗ ਸਾਰੀਆਂ ਖਬਰਾਂ ਲਾਹੌਰ ਪਹੁੰਚਦੀਆਂ ਰਹਿੰਦੀਆਂ ਸਨ, ਉਸਦੀ ਇਸ ਬਹਾਦਰੀ ਦੀ ਦਾਦ ਦੇਣੀ ਚਾਹੁੰਦਾ ਸੀ ਤੇ ਉਹ



Digitized by Panjab Digital Library | www.panjabdigilib.org

ਅਜੇਹੀ ਬਖ਼ਸ਼ਿਸ਼ ਦੇਣ ਦਾ ਇੱਛੁਕ ਸੀ, ਜੋ ਕਿ ਕਸ਼ਮੀਰ ਵਿਚ ਸਦਾ ਲਈ ਖ਼ਾਲਸੇ ਦੀ ਇਕ ਖ਼ਾਸ ਨਿਸ਼ਾਨੀ ਬਣੀ ਰਹੇ। ਇਸ ਦੇ ਅਨੁਸਾਰ ਸ: ਹਰੀ ਸਿੰਘ ਨੂੰ ਕਸ਼ਮੀਰ ਵਿਚ ਆਪਣੇ ਨਾਂ ਦਾ ਸਿੱਕਾ ਚਲਾਉਣ ਲਈ ਅਧਿਕਾਰ ਦੇ ਦਿੱਤਾ। ਇਸ ਸ਼ਾਹੀ ਫ਼ੁਰਮਾਨ ਨੂੰ ਪੜ੍ਹ ਕੇ ਸਰਦਾਰ ਹਰੀ ਸਿੰਘ ਨਲਵਾ ਇੰਨਾ ਪ੍ਰਸੰਨ ਹੋਇਆ ਕਿ ਉਸ ਦਾ ਪੈਰ ਜ਼ਮੀਨ ਤੇ ਨਹੀਂ ਸੀ ਟਿਕਦਾ। ਸਰਦਾਰ ਹੋਰਾਂ ਉਸੇ ਸਮੇਂ ਬੜੀ ਦੂਰ ਅੰਦੇਸ਼ੀ ਤੇ ਸਿਆਣਪ ਨਾਲ ਦਰਬਾਰ ਲਗਾਇਆ ਤੇ ਸਾਰਿਆਂ ਦੇ ਸਾਹਮਣੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਲੋਂ ਮਿਲੇ ਇਸ ਮਹਾਨ ਅਧਿਕਾਰ ਲਈ ਧੰਨਵਾਦ ਕੀਤਾ। ਨਾਲ ਹੀ ਇਸ ਬਾਰੇ ਇਕ ਬਿਨੈ ਪਤ੍ਰ ਮਹਾਰਾਜੇ ਨੂੰ ਭੇਜ ਦਿੱਤਾ ਕਿ ਸਿੱਕਾ ਤਾਂ ਅਸਲ ਵਿਚ ਸ੍ਰੀ ਹਜ਼ੂਰ ਦੇ ਨਾਮ ਦਾ ਹੀ ਸ਼ੋਭਾ ਪਾਉਂਦਾ ਹੈ, ਮੇਰੇ ਲਈ ਤਾਂ ਆਪ ਦੀ ਪ੍ਰਸੰਨਤਾ ਹੀ ਸੱਭੋ ਕੁੱਝ ਹੈ, ਪਰ ਫੇਰ ਜਲਦੀ ਹੀ ਮਹਾਰਾਜੇ ਵਲੋਂ ਦੂਜਾ ਹੁਕਮ ਪੁੱਜਣ ਤੇ ਕਿ ਤੁਸੀਂ ਕਸ਼ਮੀਰ ਵਿਚ ਆਪਣੇ ਨਾਂ ਦਾ ਸਿੱਕਾ ਚਲਾਓ, ਸਾਡੀ ਖੁਸ਼ੀ ਇਸੇ ਵਿਚ ਹੀ ਹੈ। ਸੋ ਫੇਰ ਸਰਦਾਰ ਹਰੀ ਸਿੰਘ ਨੇ ਮਹਾਰਾਜੇ ਦੀ ਇਸ ਆਗਿਆ ਦਾ ਪਾਲਣ ਕੀਤਾ ਤੇ ਕਸ਼ਮੀਰ ਵਿਚ ਆਪਣੇ ਨਾਂ ਦਾ ਸਿੱਕਾ ਜਾਰੀ ਕਰ ਦਿੱਤਾ।

ਉਸ ਸਿੱਕੇ ਦੇ ਇਕ ਪਾਸੇ ਫਾਰਸੀ ਅੱਖਰਾਂ ਵਿਚ :

"ਸ੍ਰੀ ਅਕਾਲ ਸਹਾਇ"

ਸੰਮਤ ੧੮੭੮

ਤੇ ਦੂਜੇ ਪਾਸੇ :

"ਹਰੀ ਸਿੰਘ"

ਯੱਕ ਰੁਪਿਆ

ਦਰਜ ਸੀ, ਜੋ ਕਿ ਉਸੇ ਦਿਨ ਤੋਂ ਹਰੀ ਸਿੰਘੀਆ ਰੁਪਿਆ ਨਾਂ ਨਾਲ ਪ੍ਰਸਿੱਧ ਹੋਇਆ। ਇਸ ਰੁਪਏ ਵਿਚ ਦਸ ਮਾਸੇ ਖ਼ਾਲਸ ਚਾਂਦੀ ਸੀ। ਇਹ ਸਿੱਕਾ ਪਿੱਛੋਂ ਪੰਜਾਬ ਵਿਚ ਵੀ ਆਮ ਪ੍ਰਚਲਿਤ ਹੋ ਗਿਆ ਸੀ। ਇਸੇ ਤਰ੍ਹਾਂ ਕਸ਼ਮੀਰ ਵਿਚ ਚਾਂਦੀ ਦੇ ਸਿੱਕੇ ਤੋਂ ਛੁੱਟ ਤਾਂਬੇ ਦਾ ਸਿੱਕਾ ਵੀ ਜਾਰੀ ਕੀਤਾ ਗਿਆ ਜੋ ਹਰੀ ਸਿੰਘੀਆ ਪੈਸਾ ਮਸ਼ਹੂਰ ਸੀ। ਇਉਂ ਹਰੀ ਸਿੰਘ ਨਲਵੇ ਨੂੰ ਮਹਾਰਾਜੇ ਵਲੋਂ ਕਸ਼ਮੀਰ ਦਾ ਗਵਰਨਰ ਹੀ ਨਹੀਂ, ਸਗੋਂ ਖ਼ੁਦਮੁਖ਼ਤਾਰ ਰਾਜਾ ਹੋਣ ਦਾ ਮਾਣ ਦਿੱਤਾ ਗਿਆ।

ਇਸ ਤਰਾਂ ਅਮਲ ਦਰਾਮਦ ਹੋਣ ਤੇ ਮਹਾਰਾਜੇ ਦੇ ਕਸ਼ਮੀਰ ਬਾਰੇ ਸੱਭ ਫ਼ਿਕਰ ਦੂਰ ਹੋ ਗਏ ਸਨ। ਕਸ਼ਮੀਰ ਲਈ ਹਰੀ ਸਿੰਘ ਨੇ ਅਜੇਹੀਆਂ ਡੂੰਘੀਆਂ ਘਾਲਾਂ ਘਾਲੀਆਂ ਸਨ, ਜਿਨ੍ਹਾਂ ਤੋਂ ਉਥੋਂ ਦੀ ਜਨਤਾ ਸੱਚੇ ਪਿਆਰ ਤੇ ਇਤਫ਼ਾਕ ਵਿਚ ਕੀਲੀ ਗਈ ਸੀ। ਹਿੰਦੂਆਂ ਤੇ ਮੁਸਲਮਾਨਾਂ ਦੇ ਭਾਈਚਾਰਕ ਸੰਬੰਧ ਫੇਰ ਅਜਿਹੇ ਗੂਹੜੇ ਹੋ ਗਏ ਕਿ ਉਹ ਇਕ ਦੂਜੇ ਤੋਂ ਵੱਖ ਨਹੀਂ ਹੋ ਸਕਦੇ ਸਨ। ਅਜੇਹੇ ਵਾਤਾਵਰਨ ਵੇਲੇ



Digitized by Panjab Digital Library | www.panjabdigilib.org

ਰਾਜ ਦੀ ਵਾਗਡੋਰ ਕੋਈ ਵੀ ਸੰਭਾਲ ਸਕਦਾ ਸੀ। ਮਹਾਰਾਜੇ ਦੀ ਸੋਚ ਇਸ ਵਲੇ ਸਰਦਾਰ ਹਰੀ ਸਿੰਘ ਨਲਵੇ ਨੂੰ ਵਾਪਸ ਬੁਲਵਾਉਣ ਦੀ ਸੀ, ਕਿਉਂਕਿ ਮਹਾਰਾਜਾ ਚਾਹੁੰਦਾ ਸੀ ਕਿ ਸਰਦਾਰ ਹਰੀ ਸਿੰਘ ਨੂੰ ਆਪਣੇ ਨਾਲ ਲੈ ਕੇ ਖ਼ਾਲਸੇ ਦੇ ਜ਼ੁੰਮੇ ਰਹਿੰਦੀਆਂ ਬਾਕੀ ਜ਼ੁੰਮੇਵਾਰੀਆਂ ਦੇ ਕੰਮ ਸਿਰੇ ਚਾੜ੍ਹੇ ਜਾਣ। ਖ਼ਾਲਸੇ ਦੀਆਂ ਅਜੇ ਹੋਰ ਘਾਲਣਾਂ ਵੀ ਬਾਕੀ ਸਨ। ਮਹਾਰਾਜੇ ਦਾ ਸ਼ਾਹੀ ਫ਼ਰਮਾਨ ਸਭ ਨੂੰ ਪੜ੍ਹ ਕੇ ਸੁਣਾਇਆ ਗਿਆ, ਜਿਸ ਵਿਚ ਸ਼ੇਰਿ-ਪੰਜਾਬ ਨੇ ਨਲਵੇ ਬਹਾਦਰ ਦੀ ਕਸ਼ਮੀਰ ਦੇ ਸੁਚੱਜੇ ਰਾਜ ਪ੍ਰਬੰਧ ਲਈ ਬੜੀ ਸ਼ਲਾਘਾ ਕੀਤੀ ਹੋਈ ਸੀ ਤੇ ਨਾਲ ਹੀ ਖ਼ਾਲਸੇ ਦੇ ਜ਼ੁੰਮੇ ਰਹਿੰਦੇ ਕੰਮਾਂ ਦਾ ਵਰਣਨ ਸੀ, ਜਿਸ ਵਿਚ ਪਿਸ਼ਾਵਰ, ਜਲਾਲਾਬਾਦ, ਮੁੰਘੇਰ ਤੇ ਡੇਰਾ ਇਸਮਾਈਲ ਖ਼ਾਂ ਦੇ ਇਲਾਕੇ, ਜਿਨ੍ਹਾਂ ਨੂੰ ਅਜੇ ਜਿੱਤ ਕੇ ਖ਼ਾਲਸਾ ਰਾਜ ਨਾਲ ਮਿਲਾਉਣ ਦਾ ਖ਼ਾਲਸੇ ਦਾ ਪੱਕਾ ਨਿਸ਼ਾਨਾ ਸੀ। ਇਸੇ ਕਾਰਣ ਸਾਬਕ ਸੂਬੇਦਾਰ ਦੀਵਾਨ ਮੋਤੀ ਰਾਮ ਨੂੰ ਦੁਬਾਰਾ ਮਹਾਰਾਜੇ ਵਲੋਂ ਕਸ਼ਮੀਰ ਦਾ ਗਵਰਨਰ ਬਣਾ ਕੇ ਭੇਜਿਆ ਗਿਆ।

## ਸਰਦਾਰ ਹਰੀ ਸਿੰਘ ਦੀ ਕਸ਼ਮੀਰ ਤੋਂ ਵਿਦਾਇਗੀ :

ਸਰਦਾਰ ਹਰੀ ਸਿੰਘ ਦੀ ਕਸ਼ਮੀਰ ਤੋਂ ਵਿਦਾਇਗੀ ਦਾ ਕਾਂਡ ਦਿਲਾਂ ਨੂੰ ਧੂ ਪਾ ਦੇਣ ਵਾਲਾ ਹੈ। ਸ਼ਾਹੀ ਫ਼ਰਮਾਨ ਪੁੱਜਣ ਤੇ ਸਰਦਾਰ ਹੋਰਾਂ ਸ੍ਰੀ ਨਗਰ ਵਿਖੇ ਇਕ ਭਾਰੀ ਦਰਬਾਰ ਸਜਾਇਆ, ਜਿਸ ਵਿਚ ਕਸ਼ਮੀਰ ਦੇ ਸਾਰੇ ਇਲਾਕਿਆਂ ਤੋਂ ਲੋਕ ਇਕੱਠੇ ਹੋਏ। ਇਸ ਭਰੇ ਦਰਬਾਰ ਦੀ ਸ਼ਾਨ ਦਿਨੋ ਦਿਨ ਉੱਭਰ ਰਹੇ ਕਸ਼ਮੀਰ ਦੀ ਇਕ ਨਵੀਂ ਤਸਵੀਰ ਸੀ। ਜਿਸ ਤਰ੍ਹਾਂ ਸਰਦਾਰ ਹਰੀ ਸਿੰਘ ਨੇ ਜੜ੍ਹਾਂ ਤੋਂ ਉੱਖੜੇ ਹੋਏ ਬੂਟੇ ਕਸ਼ਮੀਰ ਨੂੰ ਦੁਬਾਰਾ ਮਿੱਟੀ ਲਾ ਕੇ ਅਤੇ ਪਾਣੀ ਨਾਲ ਸਿੰਜ ਕੇ ਨਵੇਂ ਪੱਤ੍ਰ ਪੁੰਗਰਾਏ ਸਨ, ਅੱਜ ਉਸ ਦੇ ਫੁੱਲਾਂ ਦੀ ਭਿੰਨੀ ਭਿੰਨੀ ਸੁਗੰਧੀ ਮਾਣਦਾ ਨਲਵਾ ਉਸ ਤੋਂ ਵਿਛੜ ਰਿਹਾ ਸੀ। ਇਸ ਨੱਕੋ-ਨੱਕ ਭਰੇ ਦਰਬਾਰ ਨੂੰ ਨਲਵੇ ਨੇ ਬੜੇ ਮਿੱਠੇ ਕੋਮਲ ਤੇ ਪਿਆਰ ਭਿੱਜੇ ਸ਼ਬਦਾਂ ਵਿਚ ਆਖਣਾ ਸ਼ੁਰੂ ਕੀਤਾ :

"ਕਸ਼ਮੀਰ ਵਿਚ ਆਪ ਨਾਲ ਜਿੰਨਾ ਸਮਾਂ ਬੀਤਿਆ, ਉਹ ਕਾਫ਼ੀ ਚੰਗਾ ਸੀ। ਮੇਰੇ ਹਿਰਦੇ ਵਿਚ ਆਪ ਲਈ ਬੜੀ ਸ਼ਰਧਾ ਹੈ, ਕਿਉਂਕਿ ਤੁਸੀਂ ਮੇਰੀ ਇਸ ਹਕੂਮਤ ਦੇ ਥੋੜ੍ਹੇ ਸਮੇਂ ਵਿਚ ਕੋਈ ਵੀ ਮੁਸ਼ਕਲ ਪੈਦਾ ਨਹੀਂ ਹੋਣ ਦਿੱਤੀ। ਇਸ ਦੇ ਬਦਲੇ ਮੈਂ ਵੀ ਆਪਣੇ ਵਲੋਂ ਲੋਕਾਂ ਦੇ ਹਿਤ ਲਈ ਯਤਨ ਕੀਤੇ ਹਨ ਜਿਸ ਦੀ ਮਿਸਾਲ ਸਾਹਮਣੇ ਹੈ। ਹੁਣ ਮੈਨੂੰ ਆਸ ਹੈ ਤੁਸੀਂ ਦੀਵਾਨ ਮੋਤੀ ਰਾਮ ਨਾਲ ਵੀ ਅਜੇਹਾ ਹੀ ਨਿੱਘਾ ਵਰਤਾਉ ਰੱਖੋਗੇ, ਇਸੇ ਵਿਚ ਹੀ ਖ਼ਾਲਸੇ ਦੀ ਖ਼ੁਸ਼ੀ ਹੈ ਜੋ ਤੁਹਾਡੇ ਲਈ ਹਮੇਸ਼ਾ ਸਹਾਈ ਰਹੇਗਾ।" ਅੰਤ ਸਰਦਾਰ ਹਰੀ ਸਿੰਘ ਨਲਵੇ ਨੇ ਦੀਵਾਨ ਮੋਤੀ ਰਾਮ ਨੂੰ ਨਾਲ ਲੈ ਕੇ ਕਸ਼ਮੀਰ ਬਾਰੇ ਜ਼ਰੂਰੀ ਜ਼ਰੂਰੀ ਗੱਲਾਂ ਸਮਝਾਈਆਂ ਤੇ ਹਰ ਤਰ੍ਹਾਂ ਨਾਲ ਅਮਨ ਅਮਾਨ ਕਾਇਮ ਰੱਖਣ ਲਈ ਤੇ ਪ੍ਰਜਾ ਦੇ



Digitized by Panjab Digital Library | www.panjabdigilib.org

ਹਿਤ ਵਾਸਤੇ ਸਭ ਕੁਝ ਕਰਨ ਲਈ ਚਿਤਾਵਨੀ ਦਿੱਤੀ। ੬ ਨਵੰਬਰ, ਸੰਨ ੧੯੨੧ ਈਸਵੀ ਦਾ ਦਿਨ, ਜੋ ਕਿ ਸਰਦਾਰ ਹਰੀ ਸਿੰਘ ਨਲਵੇ ਦਾ ਕਸ਼ਮੀਰ ਤੋਂ ਵਿਦਾਇਗੀ ਦਾ ਆਖ਼ਰੀ ਦਿਨ ਸੀ, ਬੜਾ ਹੀ ਦਿਲ ਤੇ ਅਸਰ ਕਰਨ ਵਾਲਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸੜਕ ਦੇ ਦੋਹੀ ਪਾਸੀਂ ਖੜੇ ਸਨ। ਜਦ ਆਪ ਕਸ਼ਮੀਰ ਤੋਂ ਚੱਲੇ ਤੇ ਇਨ੍ਹਾਂ ਲੋਕਾਂ ਦੀਆਂ ਪਿਆਰ ਭਿੱਜੀਆਂ ਸਜਲ ਹੋਈਆਂ ਅੱਖੀਆਂ ਉਨ੍ਹਾਂ ਦੇ ਇਸ ਵਿਛੋੜੇ ਵਿਚ ਵਹਿ ਰਹੀਆਂ ਸਨ ਤਾਂ ਸਰਦਾਰ ਹੋਰਾ ਦਾ ਦਿਲ ਵੀ ਉਨ੍ਹਾਂ ਤੋਂ ਵਿਛੜਦਿਆਂ ਕੁਝ ਭਰ ਆਇਆ ਸੀ। ਆਪ ਬੜੇ ਪਿਆਰ ਨਾਲ ਸਭ ਨੂੰ "ਵ ਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ" ਬੁਲਾਉਂਦੇ ਜਾਂਦੇ ਸਨ। ਇਉਂ ਆਕਾਸ਼ ਜੈਕਾਰਿਆਂ ਨਾਲ ਗੂੰਜ ਰਹਿਆ ਸੀ। ਲੋਕ ਨਲਵੇ ਦੇ ਪਿਆਰ ਵਿਚ ਬਿਹਬਲ ਹੋਏ "ਨਲਵੇ ਸਰਦਾਰ ਦੀ ਜੈ" ਦੇ ਨਾਅਰੇ ਲਾ ਰਹੇ ਸਨ। ਹੌਲੀ ਹੌਲੀ ਉਹ ਸਭ ਦੇ ਦਿਲਾਂ ਦਾ ਜਾਨੀ ਤੇ ਖ਼ਾਲਸੇ ਦਾ ਸਿਰਤਾਜ, ਅੱਖਾਂ ਤੋਂ ਉਹਲੇ ਹੋ ਗਿਆ।

## ਮਾਂਗਲੀ ਦੀ ਫ਼ਤਿਹ

ਸਰਦਾਰ ਹਰੀ ਸਿੰਘ ਨਲੂਆ ਸਣੇ ਸੱਤ ਹਜ਼ਾਰ ਫ਼ੌਜ ਦੇ ਕਸ਼ਮੀਰ ਤੋਂ ਮੁੰਘੇਰ ਵਿਖੇ ਸ਼ੇਰਿ ਪਜਾਬ ਨਾਲ ਰਲਣ ਲਈ ਰਵਾਨਾ ਹੋਇਆ। ਜਦੋਂ ਇਹ ਕਾਫ਼ਲਾ ਮੁਜ਼ੱਫ਼ਰਾਬਾਦ ਤੇ ਗੜ੍ਹੀ ਹਬੀਬੁੱਲਾ ਦੇ ਰਾਹ ਪੱਖਲੀ ਦੇ ਮੈਦਾਨ ਵਿਚ ਪੁੱਜਾ ਤਾਂ ਅੱਗੇ ਮਾਂਗਲੀ ਦੀ ਪ੍ਰਸਿੱਧ ਘਾਟੀ ਵਿਚ ਹਜ਼ਾਰੇ ਦੇ ਜਦੂਨ ਅਤੇ ਤਿਨਾਵਲੀ ਆਪਣੀ ਤੀਹ ਹਜਾਰ ਫ਼ੌਜ ਇਕੱਠੀ ਕਰੀ ਖ਼ਾਲਸੇ ਦੀ ਉਡੀਕ ਵਿਚ ਬੈਠੇ ਸਨ। ਸਰਦਾਰ ਹਰੀ ਸਿੰਘ ਨਲਵੇ ਨੇ ਆਪਣੇ ਸੁਭਾਅ ਅਨੁਸਾਰ ਹਜ਼ਾਰੇ ਦੇ ਉਨ੍ਹਾਂ ਗ਼ਾਜੀਆਂ ਨੂੰ ਕੁਝ ਸਮਝਾਉਣਾ ਚਾਹਿਆ, ਕਿਉਂਕਿ ਹਰੀ ਸਿੰਘ ਲਈ ਇਸ ਵੇਲੇ ਇਹ ਲੜਾਈ ਤੇ ਖ਼ੂਨ ਖ਼ਰਾਬਾ ਕਿਸੇ ਵੀ ਅਰਥ ਨਹੀਂ ਸੀ, ਪਰ ਜਦ ਉਹ ਗਾਜ਼ੀ ਇਹ ਗੱਲ ਨਾ ਮੰਨੇ ਤਾਂ ਕੁਦਰਤੀ ਤੌਰ ਤੇ ਝੜਪ ਹੋ ਪਈ,ਕਿਉਂਕਿ ਖ਼ਾਲਸਾ ਫ਼ੌਜ ਦਾ ਇਹੋ ਹੀ ਅੱਗੇ ਲੰਘਣ ਦਾ ਇੱਕੋ ਇੱਕ ਰਸਤਾ ਸੀ, ਜੋ ਉਹ ਗ਼ਾਜ਼ੀ ਰੋਕੀ ਬੈਠੇ ਸਨ।

ਸਰਦਾਰ ਹਰੀ ਸਿੰਘ ਨਲਵੇ ਨੇ ਆਪਣੀਆਂ ਫ਼ੌਜਾਂ ਨੂੰ ਵੈਰੀ ਵਿਰੁੱਧ ਡਟ ਜਾਣ ਲਈ ਕਿਹਾ ਤੇ ਫ਼ੌਜ ਨੂੰ ਅਜਿਹੇ ਢੰਗ ਨਾਲ ਵੰਡ ਕੇ ਤਿੰਨਾਂ ਪਾਸਿਆਂ ਤੋਂ ਵੈਰੀ ਤੇ ਧਾਵਾ ਬੋਲ ਦਿੱਤਾ। ਉਧਰ ਵੈਰੀ ਵੀ ਤਲਵਾਰਾਂ ਸੂਤ ਮੈਦਾਨ ਵਿਚ ਡਟ ਗਿਆ। ਇਉਂ ਦੋਹਾਂ ਪਾਸਿਆਂ ਤੋਂ ਖ਼ੂਬ ਕਟਾਵੱਢ ਹੋਈ ਤੇ ਗੋਲੀਆਂ ਚੱਲਣ ਲੱਗੀਆਂ। ਗ਼ਾਜੀਆਂ ਨੇ ਖ਼ਾਲਸੇ ਨੂੰ ਰੋਕਣ ਲਈ ਬਹੁਤ ਜੋਸ਼ ਨਾਲ ਲੜਾਈ ਕੀਤੀ। ਉਧਰ ਖ਼ਾਲਸਾ ਵੀ ਗ਼ਾਜ਼ੀਆਂ ਤੇ ਟੁੱਟ ਟੁੱਟ ਕੇ ਪੈ ਰਿਹਾ ਸੀ। ਇਉਂ ਮਾਂਗਲੀ ਦੇ ਨਾਕੇ ਤੇ ਲੋਥਾਂ ਹੀ ਲੋਥਾਂ ਦਾ ਢੇਰ ਲੱਗ ਗਿਆ। ਸਾਰਾ ਦਿਨ ਖ਼ੂਬ ਤਲਵਾਰ ਚੱਲੀ। ਤ੍ਰਿਕਾਲਾਂ ਹੋਣ ਤੀਕ ਖ਼ਾਲਸੇ ਨੇ ਦੋ ਹਜ਼ਾਰ ਦੇ ਕਰੀਬ ਗਾਜ਼ੀਆਂ ਨੂੰ ਤਲਵਾਰ ਦੇ ਘਾਟ ਉਤਾਰਿਆ। ਇਧਰ ਖ਼ਾਲਸਾ ਫ਼ੌਜ ਵਿਚੋਂ ਸਿਰਫ਼ ਦੋ ਕੁ



Digitized by Panjab Digital Library | www.panjabdigilib.org

ਸੌ ਸਿੰਘ ਸ਼ਹੀਦ ਹੋਏ ਤੇ ਚਾਰ ਕੁ ਸੌ ਦੇ ਕਰੀਬ ਫਟੜ ਹੋਏ ਸਨ।

## "ਮਿੱਟੀ ਕੁੱਟਣ" ਦੀ ਵਾਰਤਾ :

ਇੰਨੇ ਖ਼ੂਨ ਖ਼ਰਾਬੇ ਦੇ ਉਪਰੰਤ ਜਦ ਹਰੀ ਸਿੰਘ ਨਲਵਾ ਸੋਚ ਹੀ ਰਹਿਆ ਸੀ ਕਿ ਇਹ ਲੋਕ ਕਿਹੋ ਜਿਹੇ ਖਿਆਲਾਂ ਦੇ ਹਨ ਤਾਂ ਅਚਾਣਕ ਹੀ ਆਕਾਸ਼ ਤੇ ਬੱਦਲ ਛਾ ਗਏ ਤੇ ਮੀਂਹ ਵਰ੍ਹਨ ਲੱਗਾ। ਮੀਂਹ ਵਰ੍ਹਨ ਪਿਛੋਂ ਇਕ ਦਮ ਧੁੱਪ ਨਿਕਲ ਆਈ। ਹਰੀ ਸਿੰਘ ਨਲਵੇ ਨੇ ਵੇਖਿਆ ਕਿ ਜਦੂਨ ਆਪਣੇ ਘਰਾਂ ਤੋਂ ਨਿਕਲ ਕੇ ਕੋਠਿਆਂ ਤੇ ਚੜ੍ਹੇ ਹੋਏ ਹਨ ਤੇ ਮੁੰਗਲੀਆਂ ਨਾਲ ਛੱਤਾਂ ਕੁੱਟ ਰਹੇ ਹਨ। ਉਹ ਹੈਰਾਨ ਹੋਇਆ ਤੇ ਉਸ ਬਾਰੇ ਪੁੱਛ-ਗਿੱਛ ਕੀਤੀ। ਪਤਾ ਲੱਗਾ ਜੁ ਏਸ ਇਲਾਕੇ ਦੀ ਮਿੱਟੀ 'ਕੁੱਟਣ ਮਿੱਟੀ' ਕਹੀ ਜਾਂਦੀ ਹੈ ਤੇ ਜਿੰਨਾ ਚਿਰ ਇਹਨੂੰ ਕੁੱਟਿਆ ਨਾ ਜਾਵੇ ਇਹ ਰਾਸ ਨਹੀਂ ਆਉਂਦੀ। ਜੇ ਮੀਂਹ ਵਰ੍ਹਨ ਪਿਛੋਂ ਛੱਤਾਂ ਕੁੱਟੀਆਂ ਨਾ ਜਾਣ ਤਾਂ ਉਹ ਤਿੜਕ ਜਾਂਦੀਆਂ ਹਨ। ਨਲੂਏ ਨੇ ਸੋਚਿਆ ਕਿ ਇਹ ਲੋਕ ਇਸੇ ਹੀ ਮਿੱਟੀ ਦੇ ਬਣੇ ਹੋਏ ਹਨ, ਸੋ ਇਨ੍ਹਾਂ ਨਾਲ ਫੋਕੀ ਸੁਲਹ-ਸਫਾਈ ਕੰਮ ਨਹੀਂ ਦੇਵੇਗੀ। ਇਹ ਖ਼ਿਆਲ ਫ਼ੁਰਦਿਆਂ ਹੀ ਉਹ ਜਦੂਨਾਂ ਦੀਆਂ ਸਫ਼ਾਂ ਨੂੰ ਚੀਰਦਾ ਹੋਇਆ ਗੋਲੀ ਵਾਂਗ ਲੰਘ ਗਿਆ। ਇਸ ਤੋਂ ਜਾਪਦਾ ਹੈ ਕਿ ਸਰਦਾਰ ਹਰੀ ਸਿੰਘ ਵਿਚ ਕਿੰਨੀ ਸੂਝ-ਬੂਝ ਸੀ। ਖ਼ਾਲਸੇ ਦੀ ਇਸ ਅਸਹਿ ਤੇਗ਼ ਦੀ ਝਾਲ ਨੂੰ ਗ਼ਾਜ਼ੀ ਨਾ ਝੱਲ ਸਕੇ ਤੇ ਉਹ ਰਾਤ ਦੇ ਹਨੇਰੇ ਵਿਚ ਹੀ ਛਾਈਂ-ਮਾਈਂ ਹੋ ਗਏ। ਇਸ ਲੜਾਈ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਹਥਿਆਰ, ਕਾਫ਼ੀ ਮਾਤ੍ਰਾ ਵਿਚ ਬੱਕਰੀਆਂ, ਗਾਈਆਂ, ਮਹੀਆਂ, ਬੈਲ ਤੇ ਅਨਾਜ ਦੇ ਜ਼ਖ਼ੀਰੇ ਖ਼ਾਲਸੇ ਦੇ ਕਬਜ਼ੇ ਵਿਚ ਆਏ। ਖ਼ਾਲਸੇ ਨੂੰ ਰੋਕਣ ਵਾਲੇ ਜਦੂਨ ਅਤੇ ਤਿਨਾਵਲੀ ਹੁਣ ਹੱਥਾਂ ਵਿਚ ਚਿੱਟੇ ਝੰਡੇ ਫੜੀ ਤੇ ਸਿਰਾਂ ਤੋਂ ਨੰਗੇ ਖ਼ਾਲਸੇ ਦੇ ਪੈਰੀਂ ਆ ਡਿੱਗੇ ਤੇ ਆਪਣੀ ਗ਼ਲਤੀ ਬਖਸਾਉਣ ਲਈ ਤਰਲੇ ਕਰਨ ਲੱਗੇ। ਇਸ ਲਈ ਸਰਦਾਰ ਹਰੀ ਸਿੰਘ ਨਲਵੇ ਨੇ ੧੦ ਨਵੰਬਰ ਸੰਨ ੧੮੨੧ ਈਸਵੀ ਨੂੰ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਿਖਿਆ ਦੇਣ ਲਈ ਜੰਗ ਦਾ ਜੁਰਮਾਨਾ ਵੀ ਇਨ੍ਹਾਂ ਤੋਂ ਵਸੂਲ ਕੀਤਾ ਜੋ ਕਿ ਕਾਫੀ ਮਾਤ੍ਰਾ ਵਿਚ ਸੀ। ਇਹ ਸੰਨ ੧੮੨੧ ਈਸਵੀ ਦੀ ਲੜਾਈ ਦਾ ਮਾਂਗਲੀ ਦੇ ਵਸਨੀਕਾਂ ਨੇ ਖ਼ਾਲਸੇ ਨਾਲ ਜਾਣ ਬੁੱਝ ਕੇ ਪੰਗਾ ਲਿਆ ਸੀ, ਜਿਸ ਦਾ ਨਤੀਜਾ ਉਨ੍ਹਾਂ ਨੂੰ ਭੁਗਤਣਾ ਪਿਆ ਤੇ ਖ਼ਾਲਸੇ ਨੇ ਸਰਹੰਦ ਦੀ ਤਰ੍ਹਾਂ ਇਸ ਬਦਨਾਮ ਸ਼ਹਿਰ ਦਾ ਵੀ ਨਾਮ-ਨਿਸ਼ਾਨ ਮਿਟਾ ਦਿੱਤਾ।

## ਸਰਦਾਰ ਹਰੀ ਸਿੰਘ ਦਾ ਸ਼ੇਰਿ ਪੰਜਾਬ ਨੂੰ ਮਿਲਣਾ :

ਸਰਦਾਰ ਹਰੀ ਸਿੰਘ ੧੪ ਨਵੰਬਰ, ੧੮੨੧ ਨੂੰ ਮਾਂਗਲੀ ਤੋਂ ਕੂਚ ਕਰਕੇ ਬੜੀ ਤੇਜ਼ੀ ਨਾਲ ਖ਼ੁਸ਼ਾਬ ਦੇ ਸਥਾਨ ਪਰ ਸ਼ੇਰਿ-ਪੰਜਾਬ ਨੂੰ ਜਾ ਮਿਲਿਆ। ਅੱਗੋਂ ਮਹਾਰਾਜੇ ਨੇ ਸਰਦਾਰ ਹਰੀ ਸਿੰਘ ਦਾ ਬੜਾ ਨਿੱਘਾ ਸੁਆਗਤ ਕੀਤਾ। ਜਦ ਸ਼ੇਰਿ-ਪੰਜਾਬ ਨੂੰ ਮਾਂਗਲੀ



Digitized by Panjab Digital Library | www.panjabdigilib.org

ਦੀ ਇਸ ਫ਼ਤਿਹ ਬਾਰੇ ਪਤਾ ਲਗਿਆ ਤਾਂ ਉਸ ਨੇ ਬਹੁਤ ਖ਼ੁਸ਼ੀ ਮਨਾਈ, ਤੇ ਇਸ ਬਾਰੇ ਨਲਵੇ ਨੂੰ ਉਸ ਦੀ ਬਹਾਦਰੀ ਤੇ ਵਧਾਈ ਦਿੱਤੀ ਤੇ ਆਖਿਆ, "ਮੇਰਾ ਬਹਾਦਰ ਜਰਨੈਲ ਖ਼ਾਲਸੇ ਦੇ ਨਾਮ ਨੂੰ ਸੰਸਾਰ ਭਰ ਵਿਚ ਸੂਰਜ ਦੀ ਤਰ੍ਹਾਂ ਰੌਸ਼ਨ ਕਰ ਰਹਿਆ ਹੈ।" ਇਸ ਫ਼ਤਿਹ ਦੀ ਵਧਾਈ ਦੇ ਨਾਲ ਹੀ ਦੋ ਲੱਖ ਰੁਪਿਆ, ਜੋ ਕਸ਼ਮੀਰ ਦੇ ਮਾਮਲੇ ਦੀ ਵਸੂਲੀ ਦਾ ਸੀ, ਸਰਦਾਰ ਹਰੀ ਸਿੰਘ ਨੂੰ ਸਾਰੇ ਹੀ ਦਰਬਾਰੀਆਂ ਦੇ ਸਨਮੁੱਖ ਇਨਾਮ ਵਜੋਂ ਦੇ ਦਿੱਤਾ ਗਿਆ। ਇਉਂ ਹਰੀ ਸਿੰਘ ਨਲਵੇ ਨੂੰ ਮਹਾਰਾਜੇ ਵਲੋਂ ਉਸ ਦੀ ਬਹਾਦਰੀ ਦੀਆਂ ਸ਼ੁਭ-ਅਸੀਸਾਂ ਮਿਲੀਆਂ।

## ਮੁੰਘੇਰ ਉਤੇ ਖ਼ਾਲਸੇ ਦੀ ਚੜ੍ਹਾਈ

ਖ਼ਾਲਸੇ ਨੇ ਕਝ ਚਿਰ ਪਹਿਲਾਂ ਵੀ ਮੁੰਘੇਰ ਦੇ ਟਿਵਾਣਿਆਂ ਨੂੰ ਸਿੱਖਿਆ ਦਿੱਤੀ ਸੀ, ਪਰੰਤੂ ਹੁਣ ਫੇਰ ਦੁਬਾਰਾ ਉਹ ਲੋਕ ਸਿਰ ਚੁੱਕ ਰਹੇ ਸਨ। ਮੁੰਘੇਰ ਦਰਿਆ ਅਟਕ ਤੋਂ ਪਾਰ ਇਕ ਬੜੀ ਅੱਛੀ ਤਕੜੀ ਰਿਆਸਤ ਸੀ, ਜਿਸ ਦਾ ਮਾਲੀਆ ਦਸ ਲੱਖ ਰੁਪਿਆ ਸੀ। ਇਥੋਂ ਦਾ ਨਵਾਬ ਹਾਫ਼ਿਜ਼ ਅਹਿਮਦ ਖ਼ਾਨ, ਜੋ ਕਿ ਖ਼ਾਲਸੇ ਲਈ ਫੇਰ ਅੱਖ ਦਾ ਕਣ ਬਣ ਰਿਹਾ ਸੀ, ਦਿਨੋਂ ਦਿਨ ਆਪਣਾ ਰਵਈਆ ਬਦਲ ਰਿਹਾ ਸੀ। ਇਸ ਦੇ ਦੋ ਵੱਡੇ ਕਾਰਣ ਸਨ। ਪਹਿਲਾ ਇਹ ਸੀ ਕਿ ਇਹ ਨਵਾਬ ਟਿਵਾਣਿਆਂ ਨੂੰ ਖ਼ਾਲਸੇ ਦੇ ਵਿਰੁੱਧ ਮਦਦ ਪਹੁੰਚਾਉਂਦਾ ਰਿਹਾ ਸੀ। ਦੂਜਾ ਉਸ ਨੇ ਆਪਣੇ ਸੰਬੰਧ ਅਫ਼ਗਾਨਿਸਤਾਨ ਦੀ ਹਕੂਮਤ ਨਾਲ ਗੰਢੇ ਹੋਏ ਸਨ, ਜਿਸ ਕਰਕੇ ਕਾਬਲ ਨੂੰ ਪੰਜਾਬ ਬਾਰੇ ਰੋਜ਼ਾਨਾ ਪਤਾ ਲਗਦਾ ਰਹਿੰਦਾ ਸੀ। ਭਾਵੇਂ ਮਹਾਰਾਜੇ ਨੇ ਇਸ ਇਲਾਕੇ ਨੂੰ ਸੋਧਣ ਦਾ ਕਈ ਵਾਰ ਖਿਆਲ ਕੀਤਾ, ਪਰ ਹੋਰ ਰੁਝੇਵੇਂ ਅਜੇ ਬਾਕੀ ਸਨ, ਇਸ ਲਈ ਇਹ ਇਲਾਕਾ ਬਚਦਾ ਹੀ ਰਿਹਾ ਸੀ।

ਮੁੰਘੇਰ ਦਾ ਇਹ ਇਲਾਕਾ, ਜਿਸ ਦੀ ਆਲੇ ਦੁਆਲਿਓਂ ਇੰਨੀ ਮਜ਼ਬੂਤੀ ਕੀਤੀ ਗਈ ਸੀ, ਬੜਾ ਸੁਰੱਖਿਅਤ ਸੀ। ਇਸ ਇਲਾਕੇ ਦੀ ਰੱਖਿਆ ਲਈ ਬਾਰਾਂ ਮਜ਼ਬੂਤ ਕਿਲੇ ਬਣਵਾਏ ਹੋਏ ਸਨ, ਜਿਨ੍ਹਾਂ ਦੇ ਨਾਂ ਹਨ :—

(੧) ਹੈਦਰਾਬਾਦ, (੨) ਮੌਜਗੜ੍ਹ, (੩) ਫ਼ਤਿਹ ਪੁਰ, (੪) ਪਿੱਪਲਾ, (੫) ਦਰਿਆ ਖ਼ਾਨ, (੬) ਖ਼ਾਨਪੁਰ, (੭) ਜੰਡਾਂਵਾਲਾ, (੮) ਕਹਲੋਰ, (੯) ਦੋਲੀ ਵਾਲਾ, (੧੦) ਭੱਕਰ, (੧੧) ਦੰਗਾਨਾ ਅਤੇ (੧੨) ਚੌਬਾਰਾ।

ਇਨ੍ਹਾਂ ਕਿਲਿਆਂ ਤੋਂ ਛੁੱਟ ਇਸ ਇਲਾਕੇ ਵਿਚ ਪੱਚੀ ਹਜ਼ਾਰ ਫ਼ੌਜ ਰੱਖੀ ਹੋਈ ਸੀ। ਇਸ ਇਲਾਕੇ ਵਿਚ ਪੁੱਜਣ ਲਈ ਰਸਤੇ ਬੜੇ ਕਠਿਨ ਸਨ। ਕਾਫ਼ੀ ਭਾਗ ਰੇਤਲਾ ਹੀ ਸੀ। ਪਾਣੀ ਦੀ ਬੜੀ ਥੁੜ ਸੀ ਜਿਸ ਕਰ ਕੇ ਦੁਸ਼ਮਣ ਦੀਆਂ ਫ਼ੌਜਾਂ ਕਈ ਵੇਰਾਂ ਇਨ੍ਹਾਂ ਕਿਲਿਆਂ ਨੂੰ ਬਿਨਾਂ ਫ਼ਤਿਹ ਕਰਿਆਂ ਹੀ ਅਧਵਾਟਿਓਂ ਮੁੜ ਜਾਇਆ ਕਰਦੀਆਂ ਸਨ, ਪਰ ਸ਼ੇਰਿ ਪੰਜਾਬ ਨੇ ਸਾਰੀ ਹਾਲਤ ਤੋਂ ਜਾਣੂ ਹੋ ਕੇ ਮੁਕੰਮਲ ਤਿਆਰੀ ਕਰ ਕੇ ਸਰਦਾਰ



Digitized by Panjab Digital Library | www.panjabdigilib.org

ਹਰੀ ਸਿੰਘ ਨੂੰ ਇਸ ਲੜਾਈ ਵਿਚ ਸ਼ਾਮਲ ਕਰਨ ਲਈ ਇਸ ਕਾਰਣ ਕਸ਼ਮੀਰੋਂ ਤਲਬ ਕੀਤਾ ਸੀ। ਸਰਦਾਰ ਹਰੀ ਸਿੰਘ ਨੇ ਸ਼ੇਰਿ ਪੰਜਾਬ ਨਾਲ ਇਸ ਅਸਥਾਨ ਤੇ ਬੜੀ ਸਿਆਣਪ ਤੇ ਦੂਰ-ਅੰਦੇਸ਼ੀ ਨਾਲ ਅਗਾਂਹ ਹੋਣ ਵਾਲੀ ਜੰਗ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਫੇਰ ੩ ਦਸੰਬਰ,ਸੰਨ ੧੮੨੧ ਈਸਵੀ ਨੂੰ ਅਖੰਡ ਪਾਠ ਦੇ ਭੋਗ ਦੇ ਅਰਦਾਸੇ ਤੋਂ ਬਾਅਦ ਖ਼ਾਲਸਾ ਫ਼ੌਜ ਨੇ ਬੜੇ ਜ਼ੋਰ-ਸ਼ੋਰ ਨਾਲ ਮੁੰਘੇਰ ਉਤੇ ਚੜ੍ਹਾਈ ਕਰ ਦਿੱਤੀ। ਪਹਿਲਾਂ ਦੀ ਤਰ੍ਹਾਂ ਹੀ ਸ਼ੇਰਿ ਪੰਜਾਬ ਨੇ ਹਰੀ ਸਿੰਘ ਨਲਵੇ ਦੀ ਮਰਜ਼ੀ ਅਨੁਸਾਰ ਫ਼ੌਜਾਂ ਨੂੰ ਤਿੰਨ ਭਾਗਾਂ ਵਿਚ ਵੰਡ ਦਿੱਤਾ। ਸਾਡੇ ਛੇ ਹਜ਼ਾਰ ਫ਼ੌਜੀ ਸਰਦਾਰ ਹਰੀ ਸਿੰਘ ਨੇ ਆਪਣੇ ਨਾਲ ਰੱਖ ਲਏ, ਜਿਨ੍ਹਾਂ ਦੁਆਰਾ ਉਸ ਨੇ ਮੁੰਘੇਰ ਅਤੇ ਰਸਤੇ ਦੇ ਕਿਲਿਆਂ ਨੂੰ ਸਰ ਕਰਨਾ ਸੀ। ਦੂਜਾ ਦਸਤਾ ਸਰਦਾਰ ਦਲ ਸਿੰਘ ਤੇ ਖ਼ੁਸ਼ਹਾਲ ਸਿੰਘ ਦੇ ਅਧੀਨ ਅੱਠ ਹਜ਼ਾਰ ਫ਼ੌਜ ਦੀ ਸ਼ਕਲ ਵਿਚ ਸੀ। ਇਸ ਦਸਤੇ ਨੇ ਡੇਰਾ ਇਸਮਾਈਲ ਖ਼ਾਂ ਵਾਲੇ ਪਾਸੇ ਦੀ ਧਾਵਾ ਬੋਲਣਾ ਸੀ। ਤੀਜਾ ਦਸਤਾ ਦੀਵਾਨ ਚੰਦ ਅਤੇ ਕਿਰਪਾ ਰਾਮ ਨੂੰ ਦਸ ਹਜ਼ਾਰ ਫ਼ੌਜ ਦੀ ਸ਼ਕਲ ਵਿਚ ਦੇ ਦਿੱਤਾ। ਇਸ ਦਸਤੇ ਨੇ ਖ਼ਾਨ ਗੜ੍ਹ ਤੇ ਮੌਜ ਗੜ੍ਹ ਦੇ ਕਿਲਿਆਂ ਤੇ ਧਾਵਾ ਬੋਲਣਾ ਸੀ। ਬਾਕੀ ਬਚੀ ਹੋਈ ਫ਼ੌਜ ਮਹਾਰਾਜੇ ਨੇ ਆਪਣੇ ਪਾਸ ਰਾਖਵੀਂ ਰੱਖੀ ਜੋ ਲੋੜ ਪੈਣ ਤੇ ਸਹਾਇਤਾ ਲਈ ਭੇਜੀ ਜਾ ਸਕਦੀ ਸੀ।

ਬਹਾਦਰ ਜਰਨੈਲ ਹਰੀ ਸਿੰਘ ਨਲਵੇ ਨੇ ਬੱਦਲ ਦੀਆਂ ਘਟਾਂ ਦੀ ਤਰ੍ਹਾਂ ਚੜ੍ਹਾਈ ਕਰ ਕੇ ਵੈਰੀ ਦੇ ਛੱਕੇ ਛੁਡਾ ਦਿੱਤੇ। ਖ਼ਾਲਸਾ ਫ਼ੌਜ ਮੁਸ਼ਕਲਾਂ ਤੋਂ ਘਬਰਾਉਂਦੀ ਨਹੀਂ ਸੀ। ਅਜੇਹੀਆਂ ਮੁਸ਼ਕਲਾਂ ਨਾਲ ਸਗੋਂ ਉਨ੍ਹਾਂ ਨੂੰ ਹੋਰ ਰੋਹ ਚੜ੍ਹਦਾ ਸੀ। ਇਸ ਤਰ੍ਹਾਂ ਸਰਦਾਰ ਹਰੀ ਸਿੰਘ ਨੇ ਤਿੰਨਾਂ ਦਿਨਾਂ ਦੀ ਲੜਾਈ ਤੋਂ ਬਾਅਦ ਹੀ ਸੱਤ ਕਿਲਿਆਂ ਨੂੰ ਵਾਰੋ ਵਾਰੀ ਜਿੱਤ ਲਿਆ। ਖ਼ਾਲਸੇ ਦੀ ਤੇਗ ਨੇ ਉਹ ਕਮਾਲ ਵਿਖਾਏ ਕਿ ਵੈਰੀ ਆਪਣੇ ਆਪ ਹੀ ਖ਼ਾਲਸੇ ਦੀ ਅਧੀਨਗੀ ਮੰਨਣ ਲਈ ਤਿਆਰ ਹੋ ਗਏ। ਹੁਣ ਨਲਵੇ ਦੀ ਫ਼ੌਜ ਨੇ ਨਗਰ ਮੁੰਘੇਰ ਵੱਲ ਧਾਵਾ ਕਰ ਦਿੱਤਾ। ਅੱਗੋਂ ਹਾਫ਼ਿਜ਼ ਅਹਿਮਦ ਖ਼ਾਨ, ਜੋ ਖ਼ਾਲਸੇ ਨਾਲ ਲੋਹਾ ਲੈਣ ਲਈ ਕਾਫ਼ੀ ਤਿਆਰੀਆਂ ਕਰ ਚੁੱਕਾ ਸੀ। ਉਸ ਨੂੰ ਇਹ ਫ਼ਖ਼ਰ ਸੀ ਕਿ ਖ਼ਾਲਸਾ ਉਸ ਨੂੰ ਕਦੇ ਵੀ ਸਰ ਨਹੀਂ ਕਰ ਸਕਦਾ। ਉਸ ਨੇ ਬੜੀ ਬਹਾਦਰੀ ਨਾਲ ਖ਼ਾਲਸੇ ਦਾ ਸਾਹਮਣਾ ਕੀਤਾ। ਬੜੀ ਘਮਸਾਨ ਦੀ ਲੜਾਈ ਹੋਈ। ਨਵਾਬ ਮੁੰਘੇਰ ਦੀਆਂ ਫ਼ੌਜਾਂ ਵੀ ਖ਼ਾਲਸੇ ਤੋਂ ਘੱਟ ਨਹੀਂ ਸਨ, ਪਰ ਵਿਧਾਤਾ ਨੇ ਉਸ ਦਾ ਮਾਣ ਤੋੜਨਾ ਸੀ। ਇਉਂ ਦੋਵੇਂ ਫ਼ੌਜਾਂ ਲੜਾਈ ਦੇ ਇਸ ਮੈਦਾਨ ਵਿਚ ਜੂਝਦੀਆਂ ਰਹੀਆਂ, ਖ਼ੂਬ ਕਟਾ ਵੱਢ ਹੋਈ ਤੇ ਖ਼ੂਨ ਪਾਣੀ ਵਾਂਗੂ ਵਹਿ ਤੁਰਿਆ। ਅੱਗੋਂ ਸਰਦਾਰ ਹਰੀ ਸਿੰਘ ਨਲਵੇ ਨੇ ਖ਼ਾਲਸਾ ਫ਼ੌਜਾਂ ਨੂੰ ਹੱਲਾ ਸ਼ੇਰੀ ਦਿੱਤੀ। ਤੋਪਾਂ ਦੀ ਆਵਾਜ਼ ਤੇਜ਼ ਹੋ ਗਈ। ਖ਼ਾਲਸਾ ਫ਼ੌਜਾਂ ਨਵਾਬ ਦੀਆਂ ਫ਼ੌਜਾਂ ਨੂੰ ਪਿਛਾਂਹ ਧੱਕ ਕੇ ਲੈ ਗਈਆਂ। ਇਉਂ ਵੈਰੀ ਦਲ ਦਾ ਸੱਤਿਆਨਾਸ ਕਰਕੇ ਖ਼ਾਲਸੇ ਨੇ ਪ੍ਰਸਿੱਧ ਸ਼ਹਿਰ ਪਨਾਹ ਤੇ ਕਬਜ਼ਾ ਕਰ ਲਿਆ। ਸ਼ਹਿਰ



Digitized by Panjab Digital Library | www.panjabdigilib.org

ਦ ਆਲੇ ਦੁਆਲੇ ਖ਼ਾਲਸਾ ਫ਼ੌਜਾਂ ਹੀ ਦਿਖਾਈ ਦੇ ਰਹੀਆਂ ਸਨ। ਤ੍ਰਿਨ੍ਹਾਂ ਉਥੇ ਉਹ ਤੇਗ ਵਾਹੀ ਕਿ ਨਵਾਬ ਆਪਣੀਆਂ ਫ਼ੌਜਾਂ ਸਮੇਤ ਆਪਣੀ ਰਖਵਾਲੀ ਲਈ ਕਿਲੇ ਵੱਲ ਨੂੰ ਉੱਠ ਦੌੜਿਆ ਤੇ ਉਸ ਨੇ ਆਪਣੇ ਆਪ ਨੂੰ ਕਿਲੇ ਵਿਚ ਬੰਦ ਕਰ ਲਿਆ। ਖ਼ਾਲਸੇ ਨੇ ਉਸ ਕਿਲੇ ਨੂੰ ਵੀ ਆਪਣੇ ਘੇਰੇ ਵਿਚ ਲੈ ਲਿਆ। ਖ਼ਾਲਸੇ ਲਈ ਇਸ ਤਰ੍ਹਾਂ ਦੀ ਦੌੜ ਭੱਜ ਬੜੀ ਲਾਹੇਵੰਦ ਸਾਬਤ ਹੋਈ ਤੇ ਉਸ ਨੂੰ ਵੈਰੀ ਤੇ ਫ਼ਤਿਹ ਪਾਉਣੀ ਆਸਾਨ ਹੋ ਗਈ। ਸੋ ਇਸ ਹਾਲਤ ਵਿਚ ਨਵਾਬ ਦੀਆਂ ਕਿਲੇ ਤੋਂ ਬਾਹਰ ਰਹੀਆਂ ਫ਼ੌਜਾਂ ਨੇ ਆਪਣੀ ਜਾਨ ਬਚਾਣ ਲਈ ਖ਼ਾਲਸੇ ਦੀ ਸ਼ਰਣ ਆਉਣਾ ਮੰਨ ਲਿਆ, ਜਿਨ੍ਹਾਂ ਤੋਂ ਖ਼ਾਲਸੇ ਨੂੰ ਦੁਸ਼ਮਣ ਦੇ ਕਿਲੇ ਉਤੇ ਹਮਲਾ ਕਰਨ ਲਈ ਜੰਗੀ ਸੂਹ ਮਿਲ ਗਈ।

ਇਸ ਤਰ੍ਹਾਂ ਕਿਲੇ ਨੂੰ ਘੇਰਾ ਪਾਈ ਰੱਖਣ ਤੋਂ ਬਾਦ ਸਰਦਾਰ ਹਰੀ ਸਿੰਘ ਨਲਵੇ ਨੇ ਕਿਲੇ ਦੀ ਚੰਗੀ ਤਰ੍ਹਾਂ ਪੜਤਾਲ ਕਰਨ ਮਗਰੋਂ ੧੯ ਦਸੰਬਰ ਨੂੰ ਆਪਣੀ ਫ਼ੌਜ ਵਿਚੋਂ ਚੋਣਵੇਂ ਜਵਾਨ ਲੈ ਕੇ ਉਸ ਕਮਜ਼ੋਰ ਬਾਹੀ ਤੇ ਤੋਪਾਂ ਚਲਵਾਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਕਿਲੇ ਦੀ ਉਹ ਬਾਹੀ ਛੇਤੀ ਹੀ ਜ਼ਮੀਨ ਤੇ ਢਹਿ ਪਈ। ਉਧਰ ਕਿਲੇ ਦੇ ਅੰਦਰ ਫ਼ੌਜ ਨੂੰ ਉਦੋਂ ਹੱਥਾਂ-ਪੈਰਾਂ ਦੀ ਪੈ ਗਈ ਜਦੋ ਖ਼ਾਲਸਾ ਉਨ੍ਹਾਂ ਤੇ ਭਰਿੰਡਾਂ ਵਾਂਗ ਜਾ ਝਪਟਿਆ। ਫ਼ੌਜਾਂ ਨੇ ਸਾਹਮਣਾ ਕੀਤਾ। ਉਧਰ ਨਲਵਾ ਸਰਦਾਰ ਕਿਲੇ ਦੇ ਅੰਦਰ ਇਉਂ ਤਲਵਾਰ ਚਲਾ ਰਿਹਾ ਸੀ ਜਿਸ ਦੇ ਅੱਗੇ ਕੋਈ ਨਹੀਂ ਠਹਿਰ ਸਕਦਾ ਸੀ। ਬੱਸ, ਆਹੂ ਹੀ ਆਹੂ ਲਾਹ ਲਾਹ ਸੁੱਟੀ ਜਾਂਦਾ ਸੀ। ਹਰੀ ਸਿੰਘ ਨਲਵਾ ਉਸ ਵੇਲੇ ਨਵਾਬ ਦੇ ਨਾਲ ਦੋ ਹੱਥ ਕਰਨ ਦਾ ਇੱਛਕ ਸੀ, ਪਰ ਜਦ ਨਲਵੇ ਦੀ ਨਿਗ੍ਹਾ ਉਸ ਖ਼ਾਸ ਰਸਤੇ ਵੱਲ ਪਈ, ਜਿਥੇ ਨਵਾਬ ਦਾ ਨਿਵਾਸ ਅਸਥਾਨ ਤੇ ਉਸ ਦੀਆਂ ਬੇਗਮਾਂ ਤੇ ਹੋਰ ਪਰਿਵਾਰ ਰਹਿੰਦਾ ਸੀ, ਤਾਂ ਨਵਾਬ ਇਸ ਗੱਲੋਂ ਡਰਿਆ ਤੇ ਹੋਰ ਰਸਤੇ ਅੱਖ ਬਚਾ ਕੇ ਉਠ ਭੱਜਿਆ। ਨਵਾਬ ਨੂੰ ਇਸ ਤਰ੍ਹਾਂ ਦੌੜਦਿਆਂ ਦੇਖ ਕੇ ਉਸ ਦੀ ਬਾਕੀ ਫ਼ੌਜ ਦੇ ਹੌਸਲੇ ਟੁੱਟ ਗਏ ਤੇ ਉਨ੍ਹਾਂ ਆਪਣੇ ਆਪ ਨੂੰ ਖ਼ਾਲਸੇ ਦੇ ਹਵਾਲੇ ਕਰ ਦੇਣਾ ਹੀ ਉਚਿਤ ਸਮਝਿਆ। ਇਸ ਤਰ੍ਹਾਂ ਦੁਸ਼ਮਨ ਦੀ ਫ਼ੌਜ ਦੇ ਸਾਰੇ ਹੀ ਸਿਪਾਹੀਆਂ ਨੇ ਆਪਣੇ ਹਥਿਆਰ ਜ਼ਮੀਨ ਤੇ ਰੱਖ ਦਿੱਤੇ ਤੇ ਖ਼ਾਲਸੇ ਨੇ ਕਿਲੇ ਉਤੇ ਕਬਜ਼ਾ ਕਰ ਲਿਆ ਤੇ ਆਪਣਾ ਖ਼ਾਲਸਈ ਝੰਡਾ ਝੁਲਾ ਦਿੱਤਾ।

ਹੁਣ ਖ਼ਾਲਸੇ ਨੇ ਨਵਾਬ ਮੁਂਘੇਰ ਉਤੇ ਕਰੜੀ ਨਿਗ੍ਹਾ ਰੱਖਣ ਲਈ ਤੇ ਉਸ ਨੂੰ ਖ਼ਾਲਸੇ ਦੇ ਪੇਸ਼ ਹੋਣ ਲਈ ਸੱਦਾ ਭੇਜਿਆ, ਜਿਸ ਤੇ ਨਵਾਬ ਨੇ ਨਿਮ੍ਰਤਾ ਨਾਲ ਨਲਵੇ ਨੂੰ ਆਪਣੇ ਗੁਨਾਹ ਬਖ਼ਸ਼ ਦੇਣ ਲਈ ਏਲਚੀ ਦੇ ਹੱਥ ਆਖ ਭੇਜਿਆ। ਅਜੇਹੇ ਸਮੇਂ ਤੇ ਜੋ ਵਿਅਕਤੀ ਆਪਣੀ ਗ਼ਲਤੀ ਮੰਨ ਜਾਂਦਾ ਤਾਂ ਖ਼ਾਲਸਾ ਉਸ ਨੂੰ ਜਾਨ ਦੇ ਨਾਲ ਅਮਾਨ ਵੀ ਬਖ਼ਸ਼ਦਾ ਸੀ, ਤੇ ਨਾਲੇ ਉਸ ਦੇ ਨਿਰਬਾਹ ਲਈ ਜਾਗੀਰਾਂ ਵੀ ਦੇ ਦਿੰਦਾ ਸੀ। ਹੁਣ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਨਵਾਬ ਦੀ ਇਸ ਗ਼ਲਤੀ ਲਈ ਮੁਆਫ਼ੀ ਮੰਗਣ ਦਾ ਪਤਾ ਲੱਗਿਆ ਤਾਂ ਉਸ ਨੇ ਨਲਵੇ ਦੀ ਇਸ ਸਿਆਣਪ ਬਾਰੇ ਸ਼ਲਾਘਾ ਕੀਤੀ ਤੇ ਨਲਵੇ ਦੀ



Digitized by Panjab Digital Library | www.panjabdigilib.org

ਰਾਇ ਅਨੁਸਾਰ ਹੀ ਡੇਰਾ ਇਸਮਾਈਲ ਖ਼ਾਂ ਦਾ ਇਲਾਕਾ ਨਵਾਬ ਨੂੰ ਜਾਗੀਰ ਵਜੋਂ ਦੇ ਦਿੱਤਾ। ਇਸ ਲੜਾਈ ਵਿਚ ਖ਼ਾਲਸੇ ਦੇ ਹੱਥ ਹਜ਼ਾਰਾਂ ਬੰਦੂਕਾਂ ਤੇ ਤਲਵਾਰਾਂ, ਬਹੁਤ ਸਾਰੀ ਨਕਦੀ, ਸੱਤਰ ਜ਼ੰਬੂਰਕ ਤੇ ਬਾਈ ਵੱਡੀਆਂ ਤੋਪਾਂ ਆਈਆਂ।

## ਮੁੰਘੇਰ ਦੇ ਇਲਾਕੇ ਦਾ ਗਵਰਨਰ ਬਣਨਾ :

ਇਸ ਤਰ੍ਹਾਂ ੨੧ ਦਸੰਬਰ, ਸੰਨ ੧੮੨੧ ਈਸਵੀ ਨੂੰ ਮੁੰਘੇਰ ਦੀ ਰਿਆਸਤ, ਜਿਸ ਤੋਂ ਦਸ ਲੱਖ ਰੁਪਏ ਦੀ ਸਰਕਾਰ ਨੂੰ ਸਾਲਾਨਾ ਆਮਦਨ ਸੀ, ਇਸ ਦਿਨ ਤੋਂ ਖ਼ਾਲਸਾ ਰਾਜ ਨਾਲ ਮਿਲਾ ਲਈ ਗਈ। ਸਰਦਾਰ ਹਰੀ ਸਿੰਘ ਨਲਵਾ ਇਸ ਗਹਿਰੀ ਆਮਦਨ ਵਾਲੀ ਰਿਆਸਤ ਦਾ ਗਵਰਨਰ ਨਿਯੁਕਤ ਕੀਤਾ ਗਿਆ। ਸਰਦਾਰ ਹਰੀ ਸਿੰਘ ਨੇ ਜਲਦੀ ਹੀ ਇਸ ਇਲਾਕੇ ਦੇ ਪ੍ਰਬੰਧ ਲਈ ਕਈ ਚੰਗੀਆਂ ਸਕੀਮਾਂ ਤਿਆਰ ਕੀਤੀਆਂ। ਇਸ ਤੋਂ ਪਿੱਛੋਂ ਮਹਾਰਾਜੇ ਨੇ ਮੁੰਘੇਰ ਦਾ ਗਵਰਨਰ ਸਰਦਾਰ ਅਮਰ ਸਿੰਘ ਸੰਧਾਵਾਲੀਏ ਨੂੰ ਖ਼ਾਲਸਾ ਦਰਬਾਰ ਦੀ ਚੋਣ ਦੇ ਅਨੁਸਾਰ ਨਿਯੁਕਤ ਕੀਤਾ, ਕਿਉਂਕਿ ਸ਼ੇਰਿ ਪੰਜਾਬ ਨੇ ਸਰਦਾਰ ਹਰੀ ਸਿੰਘ ਨੂੰ ਆਪਣੇ ਨਾਲ ਲੈ ਕੇ ਅਜੇ ਹੋਰ ਅਗਾਂਹ ਵਧੂ ਪ੍ਰੋਗਰਾਮ ਉਲੀਕਣੇ ਸਨ। ਫੇਰ ਮੁੰਘੇਰ ਤੋਂ ਸ਼ੇਰਿ ਪੰਜਾਬ ਤੇ ਨਲਵਾ ਆਪਣੀਆਂ ਫ਼ੌਜਾਂ ਸਮੇਤ ਵਾਪਸ ਲਾਹੌਰ ਪਹੁੰਚੇ। ਉਥੇ ਪਹੁੰਚ ਕੇ ਮਹਾਰਾਜੇ ਵਲੋਂ ਮੁੰਘੇਰ ਦੀ ਜਿਤ ਦੀ ਖੁਸ਼ੀ ਵਿਚ ਸ੍ਰੀ ਅੰਮ੍ਰਿਤਸਰ ਤੇ ਲਾਹੌਰ ਵਿਚ ਖ਼ੁਸ਼ੀਆਂ ਮਨਾਈਆਂ ਗਈਆਂ ਤੇ ਦੀਪਮਾਲਾ ਵੀ ਕੀਤੀ ਗਈ।

# ਹਜ਼ਾਰੇ ਦਾ ਇਲਾਕਾ-ਇਤਿਹਾਸਿਕ ਮਹੱਤਤਾ

ਹਜ਼ਾਰੇ ਦਾ ਉਹ ਇਲਾਕਾ ਜਿਸ ਤੇ ਸਮੇਂ ਸਮੇਂ ਦੇ ਅਨੁਸਾਰ ਪਠਾਣ ਤੇ ਦੁੱਰਾਨੀ ਵੀ ਆਪਣਾ ਰਾਜ ਕਰ ਗਏ ਹਨ, ਜਿਨ੍ਹਾਂ ਇਸ ਧਰਤੀ ਨੂੰ ਸਿਵਾਇ ਲੁੱਟਣ ਦੇ ਹੋਰ ਕੋਈ ਲਾਹਾ ਨਹੀਂ ਪਹੁੰਚਾਇਆ, ਇਸ ਧਰਤੀ ਬਾਰੇ ਇਤਿਹਾਸਕਾਰਾਂ ਦੀਆਂ ਵੱਖ ਵੱਖ ਰਾਇਆਂ ਹਨ ਅਤੇ ਜੋ ਸਭ ਤੋਂ ਠੋਸ ਸਬੂਤ ਪਾਇਆ ਜਾਂਦਾ ਹੈ ਤੇ ਜਿਸ ਤੋਂ ਇਸ ਦਾ ਨਾਂ ਹਜ਼ਾਰਾ ਪਿਆ, ਉਹ ਇਸ ਤਰ੍ਹਾਂ ਹੈ ਕਿ ਸੰਨ ੧੩੯੯ ਈਸਵੀ ਨੂੰ ਜਦੋਂ ਅਮੀਰ ਤੈਮੂਰ ਇਸ ਇਲਾਕੇ ਵਿਚ ਦੀ ਗੁਜ਼ਰਿਆ ਤਾਂ ਉਸ ਨੂੰ ਇਸ ਇਲਾਕੇ ਨੇ ਕਾਫ਼ੀ ਪ੍ਰਭਾਵਿਤ ਕੀਤਾ। ਜਿਸ ਕਰ ਕੇ ਉਹ ਇਸ ਇਲਾਕੇ ਨੂੰ ਆਪਣੇ ਕਾਬੂ ਵਿਚ ਕਰਨਾ ਚਾਹੁੰਦਾ ਸੀ ਤੇ ਇਸ ਇੱਛਾ ਦੀ ਪੂਰਤੀ ਲਈ ਉਸ ਨੇ ਇਕ ਹਜ਼ਾਰ ਤੁਰਕੀ ਸਰਦਾਰ ਇਸ ਇਲਾਕੇ ਵਿਚ ਪ੍ਰਬੰਧ ਕਰਨ ਲਈ ਛੱਡੇ ਤਾਂ ਕਿ ਇਸ ਇਲਾਕੇ ਦੀ ਸੁੰਦਰਤਾ ਨੂੰ ਅਤੇ ਇਥੋਂ ਦੀ ਆਮਦਨ ਨੂੰ ਉਹ ਸਦਾ ਮਾਣਦਾ ਰਹੇ। ਇਸੇ ਕਰ ਕੇ ਉਸੇ ਦਿਨ ਤੋਂ ਹੀ ਇਸ ਮੁੰਘੇਰ ਆਦਿ ਇਲਾਕੇ ਦਾ ਨਾਂ 'ਹਜ਼ਾਰਾ' ਕਰ ਕੇ ਪ੍ਰਸਿੱਧ ਹੋ ਗਿਆ।



Digitized by Panjab Digital Library | www.panjabdigilib.org

## ਹਰੀ ਸਿੰਘ ਨਲਵੇ ਦਾ ਹਜ਼ਾਰੇ ਦਾ ਗਵਰਨਰ ਨਿਯੁਕਤ ਹੋਣਾ :

ਹੁਣ ਜਦੋਂ ਤੋਂ ਇਹ ਹਜ਼ਾਰੇ ਦਾ ਇਲਾਕਾ ਖ਼ਾਲਸੇ ਨੇ ਫ਼ਤਿਹ ਕੀਤਾ, ਉਦੋਂ ਪਹਿਲੇ ਪਹਿਲ ਤਾਂ ਇਹ ਲੋਕ ਡਰਦੇ ਹੋਏ ਸਹਿਮੇ ਰਹੇ, ਪਰ ਜਦ ਤੋਂ ਸਰਦਾਰ ਹਰੀ ਸਿੰਘ ਨਲਵਾ ਸ਼ੇਰਿ-ਪੰਜਾਬ ਨਾਲ ਵਾਪਸ ਲਾਹੌਰ ਚਲਾ ਗਿਆ, ਤਾਂ ਉਹੋ ਬਗ਼ਾਵਤੀ ਲੋਕ ਫੇਰ ਸਿਰ ਉਠਾਉਣ ਲੱਗੇ, ਜਿਸ ਦੇ ਫਲ ਸਰੂਪ ਬਗ਼ਾਵਤਾਂ ਦੀ ਭੁਮਾਰ ਆਰੰਭ ਹੋ ਗਈ। ਇਸ ਇਲਾਕੇ ਦੇ ਨਵੇਂ ਗਵਰਨਰ ਸਰਦਾਰ ਅਮਰ ਸਿੰਘ ਨੇ ਉਨ੍ਹਾਂ ਬਾਗ਼ੀਆਂ ਨੂੰ ਦਬਾਉਣ ਦੀ ਕੋਸ਼ਿਸ਼ ਤਾਂ ਕੀਤੀ, ਪਰ ਵਿਚਾਰਾ ਇਨ੍ਹਾਂ ਬਗ਼ਾਵਤੀਆਂ ਦੀ ਅਜੇਹੀ ਚਾਲ ਵਿਚ ਆਇਆ ਕਿ ਉਹ ਮੌਤ ਦੇ ਮੂੰਹ ਤੋਂ ਨਾ ਬਚ ਸਕਿਆ। ਜਦ ਇਹ ਅਤੀ ਦੁਖਦਾਈ ਖ਼ਬਰ ਮਹਾਰਾਜੇ ਨੂੰ ਮਿਲੀ ਤਾਂ ਉਨ੍ਹਾਂ ਨੂੰ ਬਹੁਤ ਹੀ ਦੁੱਖ ਹੋਇਆ। ਸਮੇਂ ਦੀ ਚਾਲ ਨੂੰ ਭਾਂਪਣ ਵਾਲਾ ਉਸ ਵੇਲੇ ਸਰਦਾਰ ਹਰੀ ਸਿੰਘ ਨਲੂਆ ਹੀ ਸੀ, ਜਿਸ ਨੂੰ ਉਸੇ ਵੇਲੇ ਭਰੇ ਹੋਏ ਦਰਬਾਰ ਵਿਚ ਮਹਾਰਾਜੇ ਨੇ ਹਜ਼ਾਰੇ ਦਾ ਗਵਰਨਰ ਥਾਪ ਕੇ ਜਲਦੀ ਹੀ ਉਸ ਇਲਾਕੇ ਵਿਚ ਪੁੱਜਣ ਦਾ ਹੁਕਮ ਦੇ ਦਿੱਤਾ। ਸਰਦਾਰ ਹਰੀ ਸਿੰਘ ਇਸ ਤਰ੍ਹਾਂ ਸ਼ਾਹੀ ਸਨਮਾਨ ਦੁਆਰਾ ੨੭ ਫ਼ਰਵਰੀ, ਸੰਨ ੧੮੨੨ ਈਸਵੀ ਨੂੰ ਲਾਹੌਰੋਂ ਹਜ਼ਾਰੇ ਲਈ ਰਵਾਨਾ ਹੋ ਗਿਆ। ਉਥੇ ਪਹੁੰਚਦਿਆਂ ਹੀ ਸਰਦਾਰ ਹਰੀ ਸਿੰਘ ਨੇ ਸਭ ਤੋਂ ਪਹਿਲਾਂ ਸਰਦਾਰ ਅਮਰ ਸਿੰਘ ਦੇ ਕਤਲ ਦੀ ਸੂਹ ਲਾਉਣ ਲਈ ਪੜਤਾਲ ਜਾਰੀ ਕਰਵਾਈ। ਜਿਵੇਂ ਜਿਵੇਂ ਸੂੰਧਕ ਮਿਲਦੀ ਗਈ ਤਿਵੇ ਤਿਵੇਂ ਹੀ ਉਨ੍ਹਾਂ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਲੱਗੀਆਂ। ਇਸ ਵਿਚੋਂ ਜੋ ਸਭ ਤੋਂ ਪਹਿਲਾ ਕਾਤਲ ਸੀ ਤੇ ਜਿਸ ਨੂੰ ਖ਼ਾਲਸੇ ਨੇ ਖ਼ੂਬ ਚਣੇ ਚਬਾਏ, ਉਹ ਕਰਾਲ ਦੇ ਇਲਾਕੇ ਦਾ ਹਾਸ਼ਮ ਖ਼ਾਨ ਸੀ। ਇਸ ਨੂੰ ਖ਼ਾਲਸੇ ਨੇ ਅਜੇਹਾ ਘੇਰੇ ਵਿਚ ਲਿਆ ਕੇ ਤੰਗ ਕੀਤਾ ਕਿ ਉਸ ਦਾ ਛੁਟਕਾਰਾ ਪਾਉਣਾ ਮੁਸ਼ਕਿਲ ਹੋ ਗਿਆ। ਉਸ ਨੂੰ ਗ੍ਰਿਫ਼ਤਾਰ ਕਰਕੇ ਸਰਦਾਰ ਹਰੀ ਸਿੰਘ ਨਲਵੇ ਅੱਗੇ ਪੇਸ਼ ਕੀਤਾ ਗਿਆ। ਨਲਵਾ ਸਰਦਾਰ ਉਸ ਦੇ ਉਤੇ ਅਜੇਹਾ ਕੜਕਿਆ ਕਿ ਹਾਸ਼ਮ ਖ਼ਾਨ ਨੂੰ ਆਪਣੀ ਸੁੱਧ ਬੁੱਧ ਭੁੱਲ ਗਈ ਤੇ ਉਹ ਭਰੇ ਹੋਏ ਦਰਬਾਰ ਵਿਚ ਸਰਦਾਰ ਦੇ ਅੱਗੇ ਥਰ ਥਰ ਕੰਬਣ ਲੱਗ ਪਿਆ। ਆਖ਼ਰ ਸਰਦਾਰ ਹਰੀ ਸਿੰਘ ਨੇ ਉਸ ਨੂੰ ਚਿਤਾਵਨੀ ਦਿੱਤੀ ਕਿ ਜਦ ਤੱਕ ਉਹ ਸਰਦਾਰ ਅਮਰ ਸਿੰਘ ਦੇ ਅਸਲ ਦੋਸ਼ੀਆਂ ਨੂੰ ਫੜ ਕੇ ਹਵਾਲੇ ਨਹੀਂ ਕਰੇਗਾ, ਉਨ੍ਹਾਂ ਚਿਰ ਉਸ ਦੀ ਜਾਨ ਖ਼ਤਰੇ ਵਿਚ ਹੀ ਰਹੇਗੀ। ਅਖ਼ੀਰ ਤੰਗ ਆ ਕੇ ਹਾਸ਼ਮ ਖ਼ਾਨ ਅਸਲ ਦੋਸ਼ੀਆਂ ਨੂੰ ਪੇਸ਼ ਕਰਨ ਲਈ ਮੰਨ ਗਿਆ। ਉਸ ਤੋਂ ਅਸਲ ਕਾਤਲਾਂ ਦੇ ਸਾਰੇ ਭੇਤ ਲੈ ਕੇ ਸਰਦਾਰ ਹਰੀ ਸਿੰਘ ਨੇ ਉਸ ਦੇ ਨਾਲ ਆਪਣੇ ਖ਼ਾਸ ਖ਼ਾਸ ਬਹਾਦਰ ਸਿਪਾਹੀ ਭੇਜੇ ਜੋ ਜਲਦੀ ਹੀ ਅਸਲ ਦੋਸ਼ੀਆਂ ਨੂੰ ਫੜ ਕੇ ਉਨ੍ਹਾਂ ਸਣੇ ਦਰਬਾਰ ਵਿਚ ਹਾਜ਼ਰ ਹੋ ਗਏ। ਬੜੀ ਸਿਆਣਪ ਨਾਲ ਇਨ੍ਹਾਂ ਦੋਸ਼ੀਆਂ ਦੀ ਪੂਰੀ ਪੂਰੀ ਪੁੱਛ-ਪੜਤਾਲ ਕੀਤੀ ਗਈ ਕਿ ਵਾਕਿਆ ਹੀ ਸਰਦਾਰ ਅਮਰ ਸਿੰਘ ਦੇ ਉਹੋ ਹੀ ਦੋਸ਼ੀ ਹਨ। ਜਦ ਇਸ ਬਾਰੇ ਸਹੀ ਤੇ ਅਸਲ ਪਤਾ ਲੱਗ ਗਿਆ ਤੇ ਵਿਸ਼ਵਾਸ ਹੋ ਗਿਆ ਤਾਂ ਕੁਝ



Digitized by Panjab Digital Library | www.panjabdigilib.org

ਦਿਨਾਂ ਦੇ ਬਾਅਦ ਸਰਦਾਰ ਹਰੀ ਸਿੰਘ ਨਲਵੇ ਨੇ ਇਕ ਦਰਬਾਰ ਲਗਾਇਆ ਜਿਸ ਵਿਚ ਫੈਸਲਾ ਕਰਕੇ ਉਨ੍ਹਾਂ ਮਹਾਨ ਦੋਸ਼ੀਆਂ ਨੂੰ ਤੋਪ ਦੇ ਨਾਲ ਸਾਰਿਆਂ ਦੇ ਸਾਹਮਣੇ ਹੀ ਉਡਾ ਦਿੱਤਾ ਗਿਆ। ਇਸ ਦ੍ਰਿਸ਼ ਨੇ ਲੋਕਾਂ ਦੇ ਮਨਾਂ ਤੇ ਬੜਾ ਅਸਰ ਕੀਤਾ। ਜੋ ਲੋਕ ਪਹਿਲਾਂ ਖ਼ਾਲਸੇ ਦੇ ਵਿਰੁੱਧ ਹੋ ਗਏ ਸਨ, ਉਹ ਆਪਣੇ ਆਪ ਹੀ ਸਹੀ ਰਸਤੇ ਤੇ ਆ ਗਏ। ਹਾਸ਼ਮ ਖ਼ਾਨ ਦੀ ਖ਼ਾਲਸੇ ਨੇ ਜਾਨ ਬਖ਼ਸ਼ ਦਿੱਤੀ। ਸਦਾ ਲਈ ਉਹ ਖ਼ਾਲਸੇ ਦਾ ਆਭਾਰੀ ਹੋ ਗਿਆ। ਸਰਦਾਰ ਹਰੀ ਸਿੰਘ ਨਲਵੇ ਨੇ ਇਸ ਤਰ੍ਹਾਂ ਬਗ਼ਾਵਤੀਆਂ ਨੂੰ ਉਨ੍ਹਾਂ ਦੀਆਂ ਗ਼ਲਤੀਆਂ ਦਾ ਅਹਿਸਾਸ ਕਰਵਾਇਆ ਕਿ ਉਹ ਫੇਰ ਕਦੇ ਵੀ ਉਭਾਸਰ ਕੇ ਨਾ ਬੋਲ ਸਕੇ ਤੇ ਹਰ ਪਾਸੇ ਅਮਨ-ਸ਼ਾਂਤੀ ਕਾਇਮ ਹੋ ਗਈ।

## ਨਲਵੇ ਸਰਦਾਰ ਦੀਆਂ ਹਜ਼ਾਰੇ ਵਿਚ ਸਦੀਵੀ ਯਾਦਾਂ :

ਹੁਣ ਇਸ ਇਲਾਕੇ ਵਿਚ ਫ਼ੌਜਾਂ ਦਾ ਸਦਾ ਹੀ ਮੌਜੂਦ ਹੋਣਾ ਜ਼ਰੂਰੀ ਹੋ ਗਿਆ। ਇਸ ਲਈ ਨਲਵੇ ਨੇ ਯੋਗ ਥਾਵਾਂ ਤੇ ਕਿਲੇ ਬਣਵਾਉਣੇ ਅਰੰਭ ਦਿੱਤੇ। ਇਕ ਕਿਲਾ ਮੌਜਾਨਾੜੇ ਵਿਚ ਬਣਵਾਇਆ, ਜਿਸ ਵਿਚ ਲੋੜ ਨੂੰ ਮੁੱਖ ਰੱਖ ਕੇ ਫ਼ੌਜ ਰੱਖੀ ਗਈ। ਇਸ ਤੋਂ ਬਾਦ ਖ਼ਾਲਸੇ ਨੇ ਇਸ ਦੇ ਮੈਦਾਨੀ ਇਲਾਕੇ ਨੂੰ, ਜਿਥੇ ਬੜੀਆਂ ਬਹਾਦਰ ਤ ਸੂਰਬੀਰ ਕੌਮਾਂ ਵਸਦੀਆਂ ਸਨ, ਸਦਾ ਵਾਸਤੇ ਆਪਣੇ ਕਾਬੂ ਵਿਚ ਰੱਖਣ ਲਈ ਇਕ ਬੜਾ ਵੱਡਾ ਕਿਲਾ ਹਰੀ ਪੁਰ ਦੇ ਸਥਾਨ ਲਾਗੇ ਬਣਵਾਉਣ ਦੀ ਤਜਵੀਜ਼ ਬਣਾਈ, ਜਿਸ ਨੂੰ ਸਿਰੇ ਚੜ੍ਹਾਇਆ ਗਿਆ। ਇਸ ਕਿਲੇ ਦਾ ਨਾਂ ਖ਼ਾਲਸੇ ਨੇ ਅੱਠਵੇਂ ਗੁਰੂ ਦੇ ਨਾਂ ਤੇ "ਹਰਿਕਿਸ਼ਨ ਗੜ੍ਹ" ਰੱਖਿਆ।

## 'ਹਰੀਪੁਰ' ਸ਼ਹਿਰ ਵਸਾਉਣਾ :

ਸਰਦਾਰ ਹਰੀ ਸਿੰਘ ਨਲਵੇ ਨੇ ਇਸ ਕਿਲੇ ਹਰਿਕਿਸ਼ਨ ਗੜ੍ਹ ਦੇ ਪਾਸ ਹੀ ਇਕ ਸੁੰਦਰ ਸ਼ਹਿਰ ਵਸਾਉਣ ਦੀ ਨੀਂਹ ਰੱਖੀ। ਇਸ ਸ਼ਹਿਰ ਦਾ ਨਾਂ ਹਰੀ ਸਿੰਘ ਨੇ ਆਪਣੇ ਹੀ ਨਾਂ ਤੇ 'ਹਰੀਪੁਰ' ਰੱਖਿਆ। ਇਸ ਸ਼ਹਿਰ ਵਿਚ ਸਭ ਤਰ੍ਹਾਂ ਦੇ ਲੋਕਾਂ ਨੂੰ ਵੱਸਣ ਲਈ ਕਿਹਾ ਗਿਆ। ਸ਼ਹਿਰ ਵਿਚ ਪਾਣੀ ਆਦਿ ਦਾ ਪ੍ਰਬੰਧ ਕਰਨ ਲਈ ਦਰਿਆ ਵਿਚੋਂ ਪਾਣੀ ਲਿਆ ਕੇ ਇਕ ਪੱਕੇ ਤਲਾ ਵਿਚ ਜਮ੍ਹਾਂ ਕਰਕੇ ਸਾਰੇ ਸ਼ਹਿਰ ਵਿਚ ਪਹੁੰਚਾਇਆ ਗਿਆ। ਸ਼ਹਿਰ ਵਾਸੀਆਂ ਦੀਆਂ ਧਾਰਮਿਕ ਰੁਚੀਆਂ ਪੂਰੀਆਂ ਕਰਨ ਲਈ ਸ਼ਹਿਰ ਵਿਚ ਇਕ ਗੁਰਦਵਾਰਾ ਬਣਵਾਇਆ ਗਿਆ, ਜਿਸ ਦਾ ਨਾਂ 'ਸ਼ਹੀਦ ਗੰਜ' ਉਥੇ ਹੋਏ ਸ਼ਹੀਦ ਸਿੰਘਾਂ ਦੀ ਸਦੀਵੀ ਯਾਦ ਵਿਚ ਰੱਖਿਆ ਗਿਆ। ਇਸ ਦੇ ਨਾਂ ਤੇ ਗੁਜ਼ਾਰੇ ਜੋਗੀ ਜ਼ਮੀਨ ਵੀ ਲਗਵਾਈ ਗਈ ਤਾਂ ਕਿ ਲੰਗਰ ਆਦਿ ਅਟੁੱਟ ਚਲਦਾ ਰਹੇ ਤੇ ਖ਼ਾਲਸੇ ਦੀ ਰੌਣਕ ਬਣੀ ਰਹੇ। ਮੁਸਲਮਾਨਾਂ ਲਈ ਇਸ ਸ਼ਹਿਰ ਵਿਚ ਇਕ ਮਸੀਤ ਵੀ ਬਣਵਾਈ ਗਈ। ਸਾਰੇ



Digitized by Panjab Digital Library | www.panjabdigilib.org

ਸ਼ਹਿਰ ਦੇ ਪਾਸਿਆਂ ਤੇ ਸੁੰਦਰ ਬਾਗ ਤੇ ਫੁਲਵਾੜੀਆਂ ਇਸ ਦੀ ਸੁੰਦਰਤਾ ਨੂੰ ਵਧਾਉਣ ਲਈ ਲਗਵਾਈਆਂ ਗਈਆਂ। ਸ਼ਹਿਰ ਦੀ ਰਖਵਾਲੀ ਲਈ ਸਾਰੇ ਸ਼ਹਿਰ ਦੇ ਦੁਆਲੇ ਚਾਰ ਗਜ਼ ਚੌੜੀ ਤੇ ਸੋਲਾਂ ਗਜ਼ ਉਚੀ ਦੀਵਾਰ ਬਣਾਈ ਗਈ, ਜਿਸ ਵਿਚ ਚਾਰ ਦਰਵਾਜ਼ੇ ਰੱਖੇ ਗਏ ਸਨ। ਇਉਂ ਇਸ ਸ਼ਹਿਰ ਵਿਚ ਰੌਣਕ ਹੀ ਰਣਕ ਵਧ ਗਈ। ਸਰਦਾਰ ਹਰੀ ਸਿੰਘ ਨਲਵੇ ਨੇ ਹਜ਼ਾਰੇ ਵਿਚ ਇਹ ਸੁੰਦਰ ਤੇ ਸਦੀਵੀ ਯਾਦਗਾਰਾਂ ਕਾਇਮ ਕੀਤੀਆਂ। ਇਉਂ ਸਰਦਾਰ ਹਰੀ ਸਿੰਘ ਨਲਵੇ ਦਾ ਸੰਨ ੧੮੨੨ ਈਸਵੀ ਦਾ ਸਾਰਾ ਹੀ ਸਾਲ ਉਥੋਂ ਦਾ ਰਾਜ-ਪ੍ਰਬੰਧ ਪੱਕਾ ਕਰਨ, ਇਤਿਹਾਸਿਕ ਕਿਲੇ ਤੇ ਇਤਿਹਾਸਿਕ ਯਾਦਗਾਰਾਂ ਬਣਵਾਉਣ ਵਿਚ ਲੱਗ ਗਿਆ। ਹਜ਼ਾਰੇ ਦੇ ਨਾਲ ਲਗਦੇ ਇਲਾਕੇ, ਜਿੱਥੇ ਜਦੂਨ, ਤਨਾਵਲੀ ਤੇ ਸਵਾਤੀ ਬਹਾਦਰ ਤੇ ਲੜਾਕੇ ਲੋਕ ਵਸਦੇ ਸਨ ਤੇ ਜਿਹੜੇ ਮਾਂਗਲੀ ਦੇ ਮੈਦਾਨਿ ਜੰਗ ਵਿਚ ਖ਼ਾਲਸੇ ਦੇ ਹੱਥ ਵੇਖ ਚੁੱਕੇ ਸਨ, ਉਨ੍ਹਾਂ ਨੇ ਖ਼ਾਲਸੇ ਦੇ ਉਥੇ ਪਹੁੰਚਦਿਆਂ ਹੀ ਅੱਗੋਂ ਲੜਨ ਦੀ ਥਾਵੇਂ ਬੜੀ ਖ਼ਾਤਰਦਾਰੀ ਕੀਤੀ ਤੇ ਸਿੰਘਾਂ ਨੂੰ 'ਜੀਉ ਆਇਆਂ' ਕਿਹਾ ਤੇ ਦੇਸ ਵਿਚ ਅਮਨ ਬਣਾਈ ਰੱਖਣ ਲਈ ਭਰੋਸਾ ਦਿਵਾਇਆ। ਇਉਂ ਸਾਰੇ ਹੀ ਹਜ਼ਾਰੇ ਦੇ ਆਸ ਪਾਸ ਅਤੇ ਹਜ਼ਾਰੇ ਵਿਚ ਖ਼ਾਲਸੇ ਦਾ ਬੋਲ-ਬਾਲਾ ਹੋ ਗਿਆ ਤੇ ਹਰ ਥਾਵੇਂ ਅਮਨ ਤੇ ਸ਼ਾਂਤੀ ਪਸਰ ਗਈ।

## ਨੁਸ਼ਹਿਰੇ ਦੀ ਮਹਾਨ ਜੰਗ

ਸਰਦਾਰ ਹਰੀ ਸਿੰਘ ਨਲਵੇ ਨੂੰ ਮਹਾਰਾਜੇ ਦੇ ਬੁਲਾਵੇ ਅਨੁਸਾਰ ਜਲਦੀ ਹੀ ਲਾਹੌਰ ਜਾਣਾ ਪਿਆ। ਸ਼ੇਰਿ ਪੰਜਾਬ ਨੇ ਸਰਦਾਰ ਹਰੀ ਸਿੰਘ ਨੂੰ ਮੁਹੰਮਦ ਅਜ਼ੀਮ ਖ਼ਾਨ ਬਾਰਕਜ਼ਈ ਦੀਆਂ ਕਰਤੂਤਾਂ ਤੋਂ ਜਾਣੂ ਕਰਵਾਇਆ। ਦੋਸਤ ਮੁਹੰਮਦ ਖ਼ਾਂ ਦੇ ਭਾਈ ਯਾਰ ਮੁਹੰਮਦ ਖ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਗੀ ਮੰਨ ਲਈ ਸੀ ਅਤੇ ਉਹ ਹਰ ਸਾਲ ਲਾਹੌਰ ਦਰਬਾਰ ਨੂੰ ਖ਼ਿਰਾਜ਼ ਦਿੰਦਾ ਸੀ, ਪਰ ਉਸ ਦਾ ਹੀ ਭਾਈ ਅਜ਼ੀਮ ਖ਼ਾਂ ਕਾਬਲ ਦਾ ਵਜ਼ੀਰ ਸੀ ਤੇ ਬਾਰਕਜ਼ਈ ਕਬੀਲੇ ਦਾ ਸਰਦਾਰ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਨ੍ਹਾਂ ਦੇ ਕਬੀਲੇ ਦਾ ਕੋਈ ਵੀ ਆਦਮੀ ਸਿੱਖਾਂ ਦੇ ਅਧੀਨ ਰਹੇ। ਇਸ ਤੋਂ ਛੁੱਟ ਮਹਾਰਾਜੇ ਨੇ ਉਸ ਦੇ ਦੂਜੇ ਭਰਾ ਜੱਬਾਰ ਖ਼ਾਂ ਕੋਲੋਂ ਕਸ਼ਮੀਰ ਦਾ ਇਲਾਕਾ ਖੋਹਿਆ ਸੀ। ਦੂਜਾ, ਪਠਾਣ ਹਾਕਮਾਂ ਪਾਸੋਂ ਮਹਾਰਾਜੇ ਨੇ ਮਨਕੇਰਾ ਤੇ ਡੇਰਾ ਇਸਮਾਈਲ ਖ਼ਾਂ ਦੇ ਇਲਾਕੇ ਵੀ ਖੋਹ ਲਏ ਸਨ। ਅਜ਼ੀਮ ਖ਼ਾਂ ਨਹੀਂ ਸੀ ਚਾਹੁੰਦਾ ਕਿ ਅਟਕ ਤੋਂ ਪਰਲੇ ਪਾਸੇ ਸਿੱਖ ਰਾਜ ਕਾਇਮ ਹੋਵੇ। ਉਹ ਪਿਸ਼ਾਵਰ ਨੂੰ ਆਪਣੇ ਕਬਜ਼ੇ ਵਿਚ ਲੈਣਾ ਚਾਹੁੰਦਾ ਸੀ ਇਸ ਲਈ ਸੰਨ ੧੮੨੩ ਈਸਵੀ ਵਿਚ ਅਜ਼ੀਮ ਖ਼ਾਂ ਤਕੜੀ ਸੈਨਾ ਲੈ ਕੇ ਪਿਸ਼ਾਵਰ ਵੱਲ ਚੱਲ ਪਿਆ। ਪਿਸ਼ਾਵਰ ਦਾ ਗਵਰਨਰ ਉਸ ਵੇਲੇ ਯਾਰ ਮੁਹੰਮਦ ਖ਼ਾਂ ਉਸ ਦਾ ਹੀ ਸਕਾ ਭਰਾ ਸੀ। ਇਸ ਲਈ ਅਜ਼ੀਮ ਖ਼ਾਂ ਨੇ ਪਿਸ਼ਾਵਰ ਤੇ ਬਿਨਾਂ ਕਿਸੇ ਲੜਾਈ-ਝਗੜੇ ਦੇ ਹੀ



Digitized by Panjab Digital Library | www.panjabdigilib.org

ਕਬਜ਼ਾ ਕਰ ਲਿਆ ਤੇ ਆਪਣੇ ਭਰਾ ਨੂੰ ਨਾਲ ਰਲਾ ਕੇ ਇਸ ਜਗ ਨੂੰ ਮਜ਼ੂਬੀ ਰੰਗਣ ਦੇ ਦਿੱਤੀ। ਫੇਰ ਕੁਝ ਦਿਨਾਂ ਵਿੱਚ ਹੀ ਉਸ ਦੀ ਫ਼ੌਜ ਵਿਚ ਪੱਚੀ ਹਜ਼ਾਰ ਦੇ ਕਰੀਬ ਹੋਰ ਪਠਾਣ ਜਮ੍ਹਾਂ ਹੋ ਗਏ। ਉਸ ਨੇ ਸਿੱਖ ਫ਼ੌਜ ਨਾਲ ਨੁਸ਼ਹਿਰੇ ਦੇ ਮੈਦਾਨ ਵਿਚ ਟੱਕਰ ਲੈਣ ਦਾ ਫ਼ੈਸਲਾ ਕੀਤਾ।

ਉਧਰ ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਅਨੁਸਾਰ ਸਰਦਾਰ ਹਰੀ ਸਿੰਘ ਨਲਵੇ ਨੇ ਲਾਹੌਰੋਂ ਵਾਪਸ ਮੁੜ ਹਜ਼ਾਰੇ ਦੇ ਇਲਾਕੇ ਦਾ ਪ੍ਰਬੰਧ ਕਰ ਲਿਆ ਤੇ ਬਹੁਤ ਸਾਰੀਆਂ ਜੰਗੀ ਤਿਆਰੀਆਂ ਕਰ ਲੈਣ ਤੋਂ ਬਾਅਦ ਫ਼ਰਵਰੀ ਸੰਨ ੧੮੨੩ ਈਸਵੀ ਵਿਚ ਮਾਰੋ ਮਾਰ ਕਰਦਿਆਂ ਦਰਿਆ ਅਟਕ ਦੇ ਪਾਰਲੇ ਕੰਢੇ ਜਾ ਡੇਰੇ ਜਮਾਏ, ਜਿਥੇ ਸ਼ਹਿਜ਼ਾਦਾ ਸ਼ੇਰ ਸਿੰਘ ਵੀ ਆਪਣੇ ਨਾਲ ਭਾਰੀ ਗਿਣਤੀ ਵਿਚ ਸੈਨਾ ਲੈ ਕੇ ਪਹੁੰਚ ਚੁਕਿਆ ਹੋਇਆ ਸੀ, ਪਰੰਤੂ ਅਜੇ ਮਹਾਰਾਜੇ ਦੀ ਉਡੀਕ ਬਾਕੀ ਸੀ। ਖ਼ਾਲਸੇ ਨੇ ਅਟਕ ਦਰਿਆ ਨੂੰ ਪਾਰ ਕਰਨ ਲਈ ਉਦੋਂ ਤੱਕ ਬੇੜੀਆਂ ਦਾ ਪੁਲ ਵੀ ਬਣਾ ਲਿਆ।

ਮੁਹੰਮਦ ਅਜ਼ੀਮ ਖਾਂ ਨੇ ਆਪਣੇ ਭਤੀਜੇ ਮੁਹੰਮਦ ਜ਼ਮਾਨ ਖ਼ਾਂ ਨੂੰ ਕਾਫ਼ੀ ਫ਼ੌਜ ਦੇ ਕੇ ਖ਼ਾਲਸੇ ਨੂੰ ਅਟਕ ਦੇ ਪੱਤਣ ਤੇ ਹੀ ਰੋਕਣ ਲਈ ਅੱਗੇ ਭੇਜ ਦਿੱਤਾ ਹੋਇਆ ਸੀ। ਉਸ਼ ਨੇ ਰਸਤੇ ਵਿਚ ਜਹਾਂਗੀਰੇ ਦੇ ਕਿਲੇ ਤੇ ਚੜ੍ਹਾਈ ਕਰ ਦਿੱਤੀ। ਕਿਲੇ ਵਿਚ ਸਿੱਖ ਫ਼ੌਜ ਬਹੁਤ ਘੱਟ ਸੀ। ਇਸ ਲਈ ਉਸ ਕਿਲੇ ਤੇ ਪਠਾਣਾਂ ਦਾ ਕਬਜ਼ਾ ਹੋ ਗਿਆ।

ਜਦ ਮਹਾਰਾਜਾ ਰਣਜੀਤ ਸਿੰਘ ਆਪਣੇ ਨਾਲ ਭਾਰੀ ਫ਼ੌਜ ਲੈ ਕੇ ਪਹੁੰਚਿਆ ਤਾਂ ਸਰਦਾਰ ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ ਤੇ ਸਰਦਾਰ ਫ਼ਤਿਹ ਸਿੰਘ ਨੂੰ ਗਿਠ ਗਿਠ ਲਾਲੀਆਂ ਚੜ੍ਹ ਗਈਆਂ। ਜਦ ਖ਼ਾਲਸੇ ਨੂੰ ਜਹਾਂਗੀਰੇ ਦੇ ਕਿਲੇ ਤੇ ਮੁਹੰਮਦ ਜ਼ਮਾਨ ਖ਼ਾਂ ਦੇ ਇਸ ਹੱਲੇ ਦਾ ਪਤਾ ਲੱਗਿਆ ਤਾਂ ਜਲਦੀ ਹੀ ਸ਼ਹਿਜ਼ਾਦਾ ਸ਼ੇਰ ਸਿੰਘ ਓਸ ਪਾਸੇ ਨੂੰ ਵਧਿਆ ਤੇ ਜਹਾਂਗੀਰੇ ਦੇ ਇਸ ਅਸਥਾਨ ਤੇ ਦੋਹਾਂ ਫ਼ੌਜਾਂ ਦੀ ਮੁੱਠ ਭੇੜ ਹੋ ਗਈ। ਖ਼ਾਲਸੇ ਨੇ ਕਰਾਰੇ ਹੱਥ ਵਿਖਾਏ ਤੇ ਜ਼ਮਾਨ ਖ਼ਾਨ ਦੀਆਂ ਫ਼ੌਜਾਂ ਨੂੰ ਹਾਰ ਹੋਈ। ਇਸ ਤਰ੍ਹਾਂ ਦੁਬਾਰਾ ਫੇਰ ਜਹਾਂਗੀਰੇ ਦਾ ਕਿਲਾ ਖ਼ਾਲਸੇ ਦੇ ਹੱਥ ਆਇਆ। ਜਦ ਅਜ਼ੀਮ ਖ਼ਾਨ ਨੂੰ ਇਸ ਹਾਰ ਦਾ ਪਤਾ ਲੱਗਿਆ ਤਾਂ ਉਹ ਤਕੜੀ ਫ਼ੌਜ ਲੈ ਕੇ ਨੁਸ਼ਹਿਰੇ ਦੇ ਮੈਦਾਨ ਵਿਚ ਆ ਪੁੱਜਿਆ। ਗ਼ਾਜ਼ੀ ਹੁਣ ਜਹਾਂਗੀਰੇ ਦਾ ਮੈਦਾਨ ਛੱਡ ਕੇ ਨੁਸ਼ਹਿਰੇ ਦੇ ਮੈਦਾਨ ਵੱਲ ਹੋ ਤੁਰੇ। ਗ਼ਾਜੀਆਂ ਦੇ ਇਕ ਦਸਤੇ ਨੇ ਅਟਕ ਦਾ ਪੁਲ ਤੋੜ ਦਿੱਤਾ, ਬੇੜੀਆਂ ਦੇ ਪੁਲ ਦੇ ਸਾਰੇ ਰੱਸੇ ਕੱਟ ਦਿੱਤੇ ਤੇ ਇਸ ਤਰ੍ਹਾਂ ਕਰਨ ਤੇ ਸਾਰਾ ਪੁਲ ਦਰਿਆ ਵਿਚ ਰੁੜ੍ਹ ਗਿਆ। ਇਸ ਨਾਲ ਖ਼ਾਲਸਾ ਫ਼ੌਜਾਂ ਨੂੰ ਪਾਰ ਤੋਂ ਸਹਾਇਤਾ ਮਿਲਣੀ ਬੰਦ ਹੋ ਗਈ। ਇਉਂ ਗ਼ਾਜ਼ੀਆਂ ਦੇ ਟੁੱਟੇ ਹੋਏ ਹੌਸਲੇ ਫੇਰ ਬੁਲੰਦ ਹੋ ਗਏ। ਉਹ ਸਰਦਾਰ ਹਰੀ ਸਿੰਘ ਨਲਵੇ ਤੇ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਫ਼ੌਜ ਤੇ ਟੁੱਟ ਪਏ। ਪਰੰਤੂ ਨਲਵੇ ਦੀ ਤੇ ਸ਼ਹਿਜ਼ਾਦੇ ਦੀ ਤਲਵਾਰ ਨੇ ਜਲਦੀ ਹੀ ਗ਼ਾਜ਼ੀਆਂ ਦੇ ਹੋਸ਼ ਟਿਕਾਣੇ ਲੈ ਆਂਦੇ।



Digitized by Panjab Digital Library | www.panjabdigilib.org

# ਅਟਕ ਦਰਿਆ ਤੇ ਖ਼ਾਲਸਾ

ਪੁਲ ਦੇ ਹੱਸੇ ਵੱਢਿਆਂ ਅਜੇ ਥੋੜਾ ਹੀ ਸਮਾਂ ਹੋਇਆ ਸੀ ਕਿ ਮਹਾਰਾਜਾ ਰਣਜੀਤ ਸਿੰਘ ਤੇ ਅਕਾਲੀ ਫੂਲਾ ਸਿੰਘ ਇਸ ਮੌਕੇ ਤੇ ਜਾ ਪਹੁੰਚੇ। ਉਨ੍ਹਾਂ ਨੂੰ ਇਸ ਘਟਨਾ ਬਾਰੇ ਜਾਣ ਕੇ ਬੜਾ ਗੁੱਸਾ ਚੜ੍ਹਿਆ। ਅਕਾਲੀ ਜੀ ਦਾ ਜੋਸ਼ ਤਾਂ ਝੱਲਿਆ ਨਹੀਂ ਸੀ ਜਾਂਦਾ। ਇਧਰ ਮਹਾਰਾਜਾ ਰਣਜੀਤ ਸਿੰਘ ਤੇ ਅਕਾਲੀ ਫੂਲਾ ਸਿੰਘ ਸਮੇਤ ਪੱਚੀ ਹਜ਼ਾਰ ਫ਼ੌਜ ਦੇ, ਜਿਸ ਵਿਚ ਅਥਾਹ ਜੋਸ਼ ਸੀ ਕਿ ਕਦੋਂ ਦਰਿਆ ਪਾਰ ਕਰ ਕੇ ਨਲਵੇ ਤੇ ਸ਼ਹਿਜ਼ਾਦੇ ਦੀਆਂ ਫ਼ੌਜਾਂ ਨਾਲ ਮਿਲਿਆ ਜਾਵੇ, ਦਰਿਆ ਪਾਰ ਕਰਨ ਲਈ ਸੋਚ ਰਹੇ ਸਨ, ਉਧਰ ਦਰਿਆ ਅਟਕ ਵੀ ਆਪਣੇ ਪੂਰੇ ਜੋਬਨ ਵਿਚ ਸੀ। ਪਾਣੀ ਦੀਆਂ ਲਹਿਰਾਂ ਠਾਠਾਂ ਮਾਰ ਰਹੀਆਂ ਸਨ, ਜਿਨਾਂ ਨੂੰ ਦੇਖ ਕੇ ਮਨ ਇਕ ਦਮ ਕੰਬ ਜਾਂਦਾ ਸੀ। ਇਸ ਵੇਲੇ ਦੁਬਾਰਾ ਪੁਲ ਬਣਨਾ ਬੜਾ ਮੁਸ਼ਕਿਲ ਸੀ। ਉਧਰ ਪਰਲੇ ਪਾਰ ਜਲਦੀ ਹੀ ਫ਼ੌਜੀ ਮਦਦ ਦੀ ਬੜੀ ਲੋੜ ਸੀ। ਇਸ ਲਈ ਮਹਾਰਾਜੇ ਨੇ ਘੋੜੇ ਠੇਲ੍ਹ ਕੇ ਦਰਿਆ ਪਾਰ ਕਰਨ ਲਈ ਸਲਾਹ ਦਿਤੀ, ਪਰ ਦੂਜੇ ਵੰਨੇ ਸੈਨਾ ਦੇ ਆਗੂਆਂ ਨੇ ਇਉਂ ਦਰਿਆ ਪਾਰ ਕਰਨ ਦੀ ਸਲਾਹ ਨੂੰ ਖ਼ਾਲਸੇ ਲਈ ਨੁਕਸਾਨ-ਦਿਹ ਕਿਹਾ। ਮਹਾਰਾਜੇ ਨੇ ਉਨ੍ਹਾਂ ਦਾ ਇਹ ਉਜ਼ਰ ਨਾ ਸੁਣਿਆ ਤੇ ਅਰਦਾਸਾ ਸੋਧ ਕੇ ਆਪਣਾ ਪ੍ਰਸਿੱਧ ਘੋੜਾ 'ਲੇਲੀ' ਦਰਿਆ ਅਟਕ ਦੀਆਂ ਲਹਿਰਾਂ ਵਿਚ ਠੇਲ੍ਹ ਦਿੱਤਾ। ਮਗਰੇ ਹੀ ਅਕਾਲੀ ਫੂਲਾ ਸਿੰਘ, ਜਿਸ ਦੀ ਰਾਇ ਵੀ ਇਹੋ ਸੀ, ਆਪਣਾ ਘੋੜਾ ਠੇਲ੍ਹ ਕੇ ਮਹਾਰਾਜੇ ਦੇ ਪਿੱਛੇ ਹੋ ਤੁਰਿਆ। ਬਸ ਫੇਰ ਕੀ ਸੀ, ਦੇਖਦਿਆਂ ਦੇਖਦਿਆਂ ਹੀ ਬਾਕੀ ਦੇ ਜਰਨੈਲ ਵੀ ਆਪਣੀ ਫ਼ੌਜ ਸਮੇਤ ਅਟਕ ਦਰਿਆ ਵਿਚ ਠਿੱਲ੍ਹ ਪਏ। ਉਨ੍ਹਾਂ ਦੇ ਮਨਾਂ ਤੇ ਮਹਾਰਾਜੇ ਦੇ ਇਸ ਆਦੇਸ਼ ਦਾ ਪੂਰਾ ਪੂਰਾ ਅਸਰ ਹੋਇਆ, ਜਿਵੇਂ ਕਿ ਇਕ ਕਵੀ ਦਾ ਕਥਨ ਵੀ ਹੈ—"ਜਾਂ ਕੇ ਮਨ ਮੇਂ ਅਟਕ ਹੈ, ਤਾਂ ਕੋ ਅਟਕ ਰਹੇ।" ਜਿਸ ਦੇ ਮਨ ਵਿਚ ਅਟਕ (ਝਿਜਕ) ਹੈ ਉਸ ਨੂੰ ਹੀ ਇਹ ਅਟਕ ਦਰਿਆ (ਰੋਕ) ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੀਆਂ ਖ਼ਾਲਸਾ ਫ਼ੌਜਾਂ ਨੂੰ ਇਹ ਅਟਕ ਨਹੀਂ ਸੀ, ਇਸ ਲਈ ਉਹ ਝਟ ਪਟ ਦਰਿਆ ਅਟਕ ਲੰਘ ਕੇ ਪਰਲੇ ਪਾਰ ਜਾ ਪਹੁੰਚੇ।

ਅਟਕ ਦਰਿਆ ਵਾਲਾ ਇਹ ਕਾਂਡ ਸਿੱਖ ਇਤਿਹਾਸ ਵਿਚ ਖ਼ਾਸ ਮਹੱਤਤਾ ਰਖਦਾ ਹੈ। ਕੁਝ ਇਤਿਹਾਸਕਾਰ ਇਥੇ ਇਹ ਲਿਖਦੇ ਹਨ ਕਿ ਦਰਿਆ ਅਟਕ ਖ਼ਾਲਸੇ ਦੇ ਸਾਹਮਣੇ ਉਸ ਵੇਲੇ ਰੁਕ ਗਿਆ। ਇਹ ਹੋਣਾ ਅਤਿ ਕਠਿਨ ਹੈ ਤੇ ਕੁਝ ਕਲਪਿਤ ਵੀ ਦਿਖਾਈ ਦਿੰਦਾ ਹੈ। ਇਥੇ ਇਹ ਕਹਿਣਾ ਠੀਕ ਨਹੀਂ, ਸਗੋਂ ਯੋਗ ਹੀ ਹੋਵੇਗਾ ਕਿ ਖ਼ਾਲਸੇ ਦੇ ਉਸ ਅਥਾਹ ਜੋਸ਼ ਅੱਗੇ ਦਰਿਆ ਅਟਕ ਦੀਆਂ ਤੇਜ਼ ਲਹਿਰਾਂ, ਜੋ ਕੁਝ ਵੀ ਨਹੀਂ ਸਨ, ਆਪਣੇ ਆਪ ਰੁਕ ਗਈਆਂ ਤੇ ਖ਼ਾਲਸਾ ਫ਼ੌਜ ਉਨ੍ਹਾਂ ਲਹਿਰਾਂ ਨੂੰ ਚੀਰਦੀ ਹੋਈ ਗਾਜ਼ੀਆਂ ਉਤੇ ਭੁੱਖੇ ਸ਼ੀਂਹ ਵਾਂਗ ਜਾ ਝਪਟੀ। ਜਦ ਗ਼ਾਜ਼ੀਆਂ ਨੇ ਖ਼ਾਲਸੇ ਨੂੰ ਇਉਂ ਦਰਿਆ ਪਾਰ



Digitized by Panjab Digital Library | www.panjabdigilib.org

ਕਰਦਿਆਂ ਤੱਕਿਆ ਤਾਂ ਉਨ੍ਹਾਂ ਦੇ ਹੌਸਲੇ ਮੱਠੇ ਪੈ ਗਏ ਕਿ ਸ਼ੇਰਿ ਪੰਜਾਬ ਵੀ ਇਨ੍ਹਾਂ ਫ਼ੌਜਾਂ ਦੇ ਨਾਲ ਹੀ ਮੌਜੂਦ ਹੈ। ਇਸ ਤਰ੍ਹਾਂ ਖ਼ਾਲਸਾ ਫ਼ੌਜਾਂ ਨੁਸ਼ਹਿਰੇ ਦੇ ਪ੍ਰਸਿੱਧ ਮੈਦਾਨ ਵਿਚ ਪੁੱਜ ਗਈਆਂ।

ਨੁਸ਼ਹਿਰੇ ਦੇ ਇਸ ਮੈਦਾਨ ਵਿਚ ਸਰਦਾਰ ਮੁਹੰਮਦ ਅਜ਼ੀਮ ਖ਼ਾਂ ਬਾਰਕਜ਼ਈ ਆਪਣੇ ਡੇਰੇ ਲਾਈ ਬੈਠਾ ਸੀ। ਉਧਰ ਖ਼ਾਲਸੇ ਦਾ ਜੋਸ਼ ਵੀ ਠੱਲ੍ਹਿਆ ਨਹੀਂ ਸੀ ਜਾਂਦਾ। ਇਸ ਲਈ ੧੪ ਮਾਰਚ, ਸੰਨ ੧੮੨੩ ਈਸਵੀ ਨੂੰ ਖ਼ਾਲਸੇ ਨੇ ਅੰਮ੍ਰਿਤ ਵੇਲੇ ਅਰਦਾਸਾ ਕਰਕੇ ਧਾਵਾ ਬੋਲਣ ਲਈ ਗੁਰਮਤਾ ਸੋਧਿਆ, ਪਰ ਮੁਸ਼ਕਿਲ ਇਹ ਸੀ ਕਿ ਖ਼ਾਲਸੇ ਦੀਆਂ ਪ੍ਰਸਿੱਧ ਤੋਪਾਂ ਅਜੇ ਤੀਕ ਦਰਿਆ ਤੋਂ ਪਾਰ ਨਹੀਂ ਸਨ ਪਹੁੰਚ ਸਕੀਆਂ, ਪਰ ਫਿਰ ਵੀ ਗੁਰਮਤੇ ਦੇ ਅਨੁਸਾਰ ਬਾਬਾ ਫੂਲਾ ਸਿੰਘ ਨੇ ਧਾਵਾ ਬੋਲਣਾ ਹੀ ਠੀਕ ਸਮਝਿਆ। ਅਜੇ ਧਾਵਾ ਬੋਲਿਆਂ ਥੋੜਾ ਹੀ ਸਮਾਂ ਹੋਇਆ ਸੀ ਕਿ ਉਦੋਂ ਨੂੰ ਤੋਪਖ਼ਾਨਾ ਵੀ ਅਟਕੋਂ ਪਾਰ ਹੋ ਕੇ ਪਹੁੰਚ ਗਿਆ। ਤੋਪਖ਼ਾਨੇ ਦੇ ਮੂੰਹ ਸਿੰਘਾਂ ਨੇ ਉਸੇ ਵੇਲੇ ਗ਼ਾਜ਼ੀਆਂ ਵੱਲ ਫੇਰ ਦਿੱਤੇ ਤੇ ਹਨੇਰੀ ਵਾਂਗ ਗੋਲੇ ਤੇ ਗੋਲਾ ਵਰ੍ਹਾਣਾ ਸ਼ੁਰੂ ਕਰ ਦਿੱਤਾ। ਇਕ ਪਾਸੇ ਸਰਦਾਰ ਹਰੀ ਸਿੰਘ ਨਲਵਾ ਵੀ ਆਪਣੇ ਕਮਾਲ ਦੱਸ ਰਿਹਾ ਸੀ ਤੇ ਆਪਣੀ ਫ਼ੌਜ ਦੇ ਹੌਸਲੇ ਵਧਾ ਰਿਹਾ ਸੀ ਅਤੇ ਸਿੱਖ ਗ਼ਾਜ਼ੀਆਂ ਦੇ ਆਹੂ ਲਾਹ ਲਾਹ ਸੁੱਟੀ ਜਾ ਰਹੇ ਸਨ। ਅਫ਼ਗਾਨ ਜੋਧੇ ਵੀ ਸਿੱਖਾਂ ਵਾਂਗ ਆਪਣੀਆਂ ਤੋਪਾਂ ਨੂੰ ਬਹੁਤ ਪਿਆਰੀਆਂ ਸਮਝਦੇ ਸਨ, ਸੋ ਇਸ ਅਥਾਹ ਜੋਸ਼ ਭਰਪੂਰ ਲੜਾਈ ਵਿਚ ਅਨੇਕਾਂ ਹੀ ਸ਼ੇਰ-ਦਿਲ ਅਫ਼ਗਾਨ ਆਪਣੀਆਂ ਤੋਪਾਂ ਨੂੰ ਬਚਾਉਂਦੇ ਹੋਏ ਸ਼ਹੀਦ ਹੋ ਗਏ। ਕਈਆਂ ਦੀਆਂ ਤੋਪਾਂ ਨੂੰ ਖਿਚਦਿਆਂ ਦੀਆਂ ਬਾਹਾਂ ਵੀ ਵੱਢੀਆਂ ਗਈਆਂ। ਉਹ ਤੋਪਾਂ ਨੂੰ ਜਾਨ ਤੋਂ ਵੀ ਵਧ ਪਿਆਰੀਆਂ ਸਮਝਦੇ ਸਨ। ਸਰਦਾਰ ਹਰੀ ਸਿੰਘ ਨਲਵੇ ਨੇ ਇਸ ਲੜਾਈ ਵਿਚ ਚਲਦੀਆਂ ਛੇ ਤੋਪਾਂ ਆਪਣੇ ਕਬਜ਼ੇ ਵਿਚ ਲੈ ਲਈਆਂ।

ਹੁਣ ਤੋਪਾਂ ਵੱਲੋਂ ਵਿਹਲੇ ਹੋ ਕੇ ਗ਼ਾਜ਼ੀ ਤਲਵਾਰਾਂ ਅਤੇ ਬਰਛਿਆਂ ਤੇ ਉਤਰ ਆਏ ਤੇ ਦੋਹਾਂ ਪਾਸਿਆਂ ਤੋਂ ਹੱਥੋ ਹੱਥੀ ਖ਼ੂਬ ਸ੍ਰੀ ਸਾਹਿਬ ਚੱਲੀ। ਜਦ ਮੁਹੰਮਦ ਅਜ਼ੀਮ ਖ਼ਾਂ ਨੇ ਆਪਣੇ ਆਪ ਨੂੰ ਖ਼ਾਲਸੇ ਦੇ ਵਾਰ ਤੋਂ ਨਾ ਬਚਦਿਆਂ ਤੱਕਿਆ ਤਾਂ ਉਹ ਅਤਿਅੰਤ ਮਾਯੂਸ ਹੋ ਕੇ ਆਪਣੇ ਪ੍ਰਸਿੱਧ ਤੇਜ਼ ਘੋੜੇ 'ਬਿਜਲੀ' ਨੂੰ ਅੱਡੀ ਲਗਾ ਕੇ ਮੈਦਾਨ ਛੱਡ ਗਿਆ ਤੇ ਮਿਚਨੀ ਜਾ ਪਹੁੰਚਿਆ।

## ਅਕਾਲੀ ਫੂਲਾ ਸਿੰਘ ਜੀ ਦੀ ਸ਼ਹੀਦੀ :

ਉਧਰ ਦਰਿਆ ਲੁੰਡੇ ਤੋਂ ਪਾਰ ਗ਼ਾਜ਼ੀਆਂ ਨਾਲ ਤਰਕੀ ਪਹਾੜੀ ਦਾ ਸੰਗਰਾਮ ਅਕਾਲੀ ਫੂਲਾ ਸਿੰਘ ਜੀ ਨੇ ਕੀਤਾ, ਤੇ ਗ਼ਾਜ਼ੀਆਂ ਦੇ ਛੱਕੇ ਛੁਡਾ ਦਿੱਤੇ। ਉਹ ਜਾਨਾਂ ਬਚਾ ਕੇ ਮੈਦਾਨੋਂ ਨੱਸ ਗਏ ਤੇ ਮੈਦਾਨ ਖ਼ਾਲਸੇ ਦੇ ਹੱਥ ਆਇਆ। ਪਰੰਤੂ ਖ਼ਾਲਸੇ ਦਾ ਜਾਨ ਤੋਂ ਪਿਆਰਾ ਤੇ ਨਿਧੜਕ ਜਰਨੈਲ ਅਕਾਲੀ ਫੂਲਾ ਸਿੰਘ ਇਸ ਮੈਦਾਨ ਵਿਚ ਬੜਾ ਗੰਭੀਰ



Digitized by Panjab Digital Library | www.panjabdigilib.org

ਜ਼ਖਮੀ ਹੋ ਗਿਆ ਤੇ ਅੰਤ ਨੂੰ ਉਨ੍ਹਾਂ ਜ਼ਖਮਾਂ ਕਾਰਣ ਹੀ ਸ਼ਹੀਦੀ ਪਾ ਗਿਆ । ਇਸ ਤਰ੍ਹਾਂ ਅਕਾਲੀ ਫੂਲਾ ਸਿੰਘ ਦੇ ਸ਼ਹੀਦ ਹੋਣ ਤੇ ਖ਼ਾਲਸੇ ਨੂੰ ਇਸ ਇਲਾਕੇ ਦੀ ਜਿੱਤ ਦੀ ਖ਼ੁਸ਼ੀ ਦੀ ਬਜਾਇ ਬੜੀ ਭਾਰੀ ਨਿਰਾਸਤਾ ਹੋਈ । ਉਧਰ ਸਰਦਾਰ ਅਜ਼ੀਮ ਖ਼ਾਂ ਦੇ ਮੈਦਾਨ ਛੱਡ ਕੇ ਭੱਜ ਜਾਣ ਨਾਲ ਬਾਕੀ ਅਫ਼ਗਾਨ ਫ਼ੌਜਾਂ ਦੇ ਵੀ ਹੌਂਸਲੇ ਟੁੱਟ ਗਏ, ਇਸ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਖ਼ਾਲਸੇ ਦੇ ਹਵਾਲੇ ਕਰ ਦਿੱਤਾ । ਇਸ ਤਰ੍ਹਾਂ ਇਸ ਜੰਗ ਵਿਚ ਖ਼ਾਲਸੇ ਦੇ ਹੱਥ ਚੌਦਾਂ ਵੱਡੀਆਂ ਤੋਪਾਂ, ਅਠਾਰਾਂ ਛੋਟੀਆਂ ਤੋਪਾਂ ਅਤੇ ਹੋਰ ਛੋਟੇ-ਮੋਟੇ ਸੈਂਕੜੇ ਹਥਿਆਰ ਆਏ । ਇਸ ਤਰ੍ਹਾਂ ਨੁਸ਼ਹਿਰੇ ਦੇ ਮੈਦਾਨਿ ਜੰਗ ਵਿਚ ਫ਼ਤਿਹ ਹੋਣ ਤੇ ਮਹਾਰਾਜਾ ਰਣਜੀਤ ਸਿੰਘ, ਸਰਦਾਰ ਹਰੀ ਸਿੰਘ ਨਲਵੇ ਨੂੰ ਪਿਸ਼ਾਵਰ ਵਿਚ ਉਥੋਂ ਦਾ ਯੋਗ ਪ੍ਰਬੰਧ ਕਰਨ ਲਈ ਛੱਡ ਕੇ, ਆਪ ਪਠਾਣਾਂ ਤੋਂ ਨਜ਼ਰਾਨੇ ਤੇ ਵਾਹਵਾ ਲੈਂਦੇ ਹੋਏ ਵਾਪਸ ਲਾਹੌਰ ਪੁੱਜ ਗਏ ।

## ਬਾਈਧਾਰ ਦੇ ਪਹਾੜੀ ਇਲਾਕੇਂ ਖ਼ਾਲਸਾ ਰਾਜ ਵਿਚ ਮਿਲਾਉਣੇ :

ਸਰਦਾਰ ਹਰੀ ਸਿੰਘ ਨਲਵੇ ਨੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਫ਼ੁਰਮਾਨ ਅਨੁਸਾਰ ਜਮਾਦਾਰ ਖ਼ੁਸ਼ਹਾਲ ਸਿੰਘ ਨੂੰ ਨਾਲ ਲੈ ਕੇ ਸੰਨ ੧੮੨੮ ਈ: ਦੇ ਆਰੰਭ ਵਿਚ ਹੀ ਆਪਣੀਆਂ ਬਲਵਾਨ ਫ਼ੌਜਾਂ ਦੁਆਰਾ ਬਾਈਧਾਰ ਦੇ ਪਹਾੜੀ, ਕਟੋਚੀ ਆਦਿ ਰਾਜਿਆਂ ਤੇ ਚੜ੍ਹਾਈ ਕਰ ਦਿੱਤੀ । ਖ਼ਾਲਸੇ ਨੇ ਇਨ੍ਹਾਂ ਤੇ ਇਸ ਲਈ ਚੜ੍ਹਾਈ ਕੀਤੀ ਸੀ ਕਿ ਇਹ ਪਹਿਲਾਂ ਤੋਂ ਹੀ ਗੁਰੂ ਦਸ਼ਮੇਸ਼ ਜੀ ਦੇ ਸਮੇ ਤੋਂ ਗ਼ੱਦਾਰ ਸਿੱਧ ਹੋ ਚੁੱਕੇ ਸਨ । ਇਹ ਵਿੱਚੋ ਵਿਚ ਹੀ ਖ਼ਾਲਸੇ ਦੇ ਵਿਰੁੱਧ ਗੋਂਦਾਂ ਗੁੰਦਦੇ ਰਹਿੰਦੇ ਸਨ ਤੇ ਖ਼ਾਲਸੇ ਨੂੰ ਈਰਖਾ ਤੇ ਵਿਰੋਧਤਾ ਦੀਆਂ ਨਜ਼ਰਾਂ ਨਾਲ ਤਕਦੇ ਸਨ । ਇਨ੍ਹਾਂ ਨੇ ਖ਼ਾਲਸੇ ਦੇ ਵਿਰੁੱਧ ਮੁਗਲਾਂ ਪਾਸ ਚੁਗ਼ਲੀ ਕੀਤੀ ਤੇ ਬੜੀ ਸਹਾਇਤਾ ਵੀ ਦਿੱਤੀ ਸੀ । ਇਸ ਲਈ ਖ਼ਾਲਸੇ ਨੂੰ ਇਨ੍ਹਾਂ ਦੀਆਂ ਭੈੜੀਆਂ ਤੇ ਤੰਗਦਿਲੀ ਦੀਆਂ ਹਰਕਤਾਂ ਚੰਗੀਆਂ ਨਹੀਂ ਸਨ ਲਗਦੀਆਂ। ਇਸ ਸਮੇਂ ਖ਼ਾਲਸੇ ਦੇ ਅਗਾਧ ਜੋਸ਼ ਅੱਗੇ ਕੋਈ ਵੀ ਪਹਾੜੀ ਜਾਂ ਕਟੋਚੀ ਰਾਜਾ ਮੈਦਾਨ ਵਿਚ ਨਾ ਡਟਿਆ । ਖ਼ਾਲਸਾ ਮਾਰੋ ਮਾਰ ਕਰਦਾ ਹੋਇਆ ਅੱਗੇ ਵਧ ਰਿਹਾ ਸੀ ਤੇ ਸਾਰੇ ਇਲਾਕਿਆਂ ਤੇ ਕਬਜ਼ਾ ਕਰ ਕੇ—ਸੀਬਾ, ਗੁਲੇਰ, ਨਦੌਣ ਅਤੇ ਲੰਬਾਗਾਊਂ ਆਦਿ ਇਲਾਕੇ ਖ਼ਾਲਸਾ ਰਾਜ ਨਾਲ ਮਿਲਾ ਲਏ ਗਏ । ਮਹਾਰਾਜੇ ਨੂੰ ਇਸ ਜਿੱਤ ਤੇ ਬੇਹੱਦ ਖ਼ੁਸ਼ੀ ਹੋਈ ।

# ਸੱਯਦ ਅਹਿਮਦ ਦੀ ਚੜ੍ਹਾਈ ਤੇ ਹਾਰ

( ਸੰਨ ੧੮੨੭—੩੧ ਈ: )

ਸਿੱਖ ਇਤਿਹਾਸ ਵਿਚ ਸੱਯਦ ਅਹਿਮਦ ਬਰੇਲਵੀ ਦਾ ਨਾਂ ਬੜਾ ਮਸ਼ਹੂਰ ਹੈ । ਇਹ ਭੱਦ੍ਰ-ਪੁਰਸ਼, ਜਿਸ ਦੇ ਵਡੇਰੇ ਪਹਿਲਾਂ ਮੁਗ਼ਲੇਈ ਰਾਜ ਸਮੇਂ ਵਿਚ ਸਰਹਿੰਦ ਦੇ ਵਡੇ



Digitized by Panjab Digital Library | www.panjabdigilib.org

ਕਾਜ਼ੀ ਅਥਵਾ ਸੁਪਰੀਮ ਜੱਜ ਸਨ ਤੇ ਪਿਛੋਂ ਉਹ ਬਾਬਾ ਬੰਦਾ ਬਹਾਦੁਰ ਦੇ ਡਰ ਤੋਂ ਉਥੋਂ ਨੱਸ ਕੇ ਬਰੇਲੀ(ਉੱਤਰ ਪ੍ਰਦੇਸ਼) ਵਿਚ ਜਾ ਵਸੇ ਸਨ, ਬਰਤਾਨਵੀ ਈਸਟ ਇੰਡੀਆ ਕੰਪਨੀ ਦੇ ਅੰਗਰੇਜ਼ ਹਾਕਿਮਾਂ ਦੀ ਸ਼ਹਿ ਨਾਲ ਦਿੱਲੀ, ਲਖਨਊ ਆਦਿ ਥਾਵਾਂ ਤੋਂ ਹਜ਼ਾਰਾਂ ਮੁਸਲਮਾਨ ਜਹਾਦੀ ਕੱਠੇ ਕਰ ਕੇ ਸਿੰਧ ਤੇ ਬਲੋਚਿਸਤਾਨ ਦੇ ਰਸਤੇ ਅਫ਼ਗਾਨਿਸਤਾਨ ਵਿਚੋਂ ਦੀ ਹੋ ਕੇ ਸਿੱਧਾ ਇਲਾਕਾ ਯੂਸਫ਼ ਜ਼ਈ (ਸੂਬਾ ਸਰਹੱਦ) ਵਿਚ ਪਹੁੰਚਿਆ ਤੇ ਸਿੱਖ ਰਾਜ ਦੇ ਵਿਰੁੱਧ ਸੰਨ ੧੮੨੭ ਈ: ਵਿਚ ਜਹਾਦ ਕਰਨ ਲੱਗਾ। ਸਿੱਖ ਰਾਜ ਇਸ ਸਮੇਂ ਮੁਲਤਾਨ, ਕਸ਼ਮੀਰ ਤੇ ਇਲਾਕਾ ਹਜ਼ਾਰਾ ਉਤੇ ਫ਼ਤਿਹ ਪ੍ਰਾਪਤ ਕਰ ਕੇ ਅਟਕੋਂ ਪਾਰ ਹੋ ਦਿਨੋ ਦਿਨ ਅਫ਼ਗਾ-ਨਿਸਤਾਨ ਵੱਲ ਅੱਗੇ ਵਧ ਰਿਹਾ ਸੀ। ਸੱਯਦ ਅਹਿਮਦ ਵਲੋਂ ਹੱਲਾ-ਸ਼ੇਰੀ ਮਿਲਣ ਤੇ ਸੂਬਾ ਸਰਹੱਦ (ਪਿਸ਼ਾਵਰ ਆਦਿ) ਦੇ ਸਾਰੇ ਪਠਾਣ ਕਬੀਲੇ ਮੁਸਲਮਾਨ ਭਰਾ ਸਮਝ ਕੇ ਉਸ ਦੇ ਪਿੱਛੇ ਲੱਗ ਤੁਰੇ।

ਜਦ ਸੱਯਦ ਅਹਿਮਦ ਇਸ ਸਮੇਂ ਸਿੱਧਾ ਕੰਧਾਰ ਥੀਂ ਹੁੰਦਾ ਹੋਇਆ ਕਾਬਲ ਪੁੱਜਾ ਤਾਂ ਉਥੋਂ ਦੇ ਹਾਕਿਮ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਮਿਲਿਆ। ਉਸ ਨੇ ਸਿੱਖਾਂ ਦੇ ਵਿਰੁੱਧ ਜਹਾਦ ਕਰਨ ਲਈ ਅਮੀਰ ਪਾਸੋਂ ਹਥਿਆਰਾਂ ਤੇ ਮਾਇਆ ਦੀ ਸਹਾਇਤਾ ਲਈ ਮੰਗ ਕੀਤੀ ਤੇ ਕਿਹਾ ਕਿ ਅਟਕ ਦੇ ਪਾਰ ਦਾ ਇਸਲਾਮੀ ਇਲਾਕਾ ਤਦ ਹੀ ਬਚ ਸਕਦਾ ਹੈ ਜੇਕਰ ਸਾਰੇ ਰਲਕੇ ਹੰਭਲਾ ਮਾਰੀਏ। ਅਮੀਰ ਕਾਬਲ ਤੇ ਉਸ ਦੇ ਭਾਈ ਬਾਰਕਜ਼ਈਆਂ ਨੇ ਬੜੀ ਖ਼ੁਸ਼ੀ ਨਾਲ ਸੱਯਦ ਦੀ ਸਹਾਇਤਾ ਕੀਤੀ। ਥੋੜੇ ਹੀ ਸਮੇਂ ਵਿਚ ਉਸ ਨੇ ਕਈ ਹਜ਼ਾਰ ਜਹਾਦੀਆਂ ਦਾ ਇਕੱਠ ਆਪਣੀ ਛਤਰ ਛਾਇਆ ਹੇਠ ਕਰ ਲਿਆ।

ਸੱਯਦ ਅਹਿਮਦ ਬਾਰਕਜ਼ਈਆਂ ਦੀ ਹਮਾਇਤ ਹਾਸਿਲ ਕਰਕੇ ਯੂਸਫ਼ਜ਼ਈਆਂ ਦੇ ਇਲਾਕੇ ਵਿਚ ਪਹੁੰਚ ਗਿਆ। ਉੱਥੇ ਪੁੱਜ ਕੇ ਉਸ ਦੇ ਪੈਰੋਕਾਰਾਂ ਨੇ ਲੋਕਾਂ ਨੂੰ ਸੱਯਦ ਅਹਿਮਦ ਬਾਰੇ ਜਾਣੂ ਕਰਵਾਇਆ ਕਿ "ਅੱਲਾ ਵਲੋਂ ਸੱਯਦ ਅਹਿਮਦ ਨੂੰ ਖ਼ਲੀਫ਼ਾ ਥਾਪਿਆ ਗਿਆ ਹੈ ਤੇ ਅੱਲਾ ਦੇ ਪਿਆਰਿਆਂ ਨੂੰ ਨਾਸ਼ ਕਰਨ ਵਾਲੇ ਸਿੱਖਾਂ ਦੇ ਵਿਰੁੱਧ ਹੱਥ ਉਠਾਉਣ ਲਈ ਇਸ ਨੂੰ ਚੁਣਿਆ ਗਿਆ ਹੈ।"

ਉਨ੍ਹਾਂ ਲੋਕਾਂ ਦੀਆਂ ਇਨ੍ਹਾਂ ਚਾਲਾਂ ਦਾ ਅਸਰ ਭੋਲੇ-ਭਾਲੇ ਲੋਕਾਂ ਤੇ ਹੋਣਾ ਕੁਦਰਤੀ ਹੀ ਸੀ ਕਿਉਂਕਿ ਇਕ ਤਾਂ ਉਹ ਤਾਜ਼ਾ ਤਾਜ਼ਾ ਹੱਜ ਕਰ ਕੇ ਆਇਆ ਸੀ ਤੇ ਇਸ ਦੇ ਨਾਲ ਹੀ ਉਹ ਜਾਤਿ ਦਾ ਸੱਯਦ ਵੀ ਸੀ।

ਸਰਦਾਰ ਹਰੀ ਸਿੰਘ ਨਲਵੇ ਨੂੰ ਬਾਈਧਾਰ ਦੇ ਪਹਾੜੀ ਰਾਜਿਆਂ ਦੀ ਫ਼ਤਿਹ ਦੇ ਬਾਦ ਹਜ਼ਾਰੇ ਪੁਜਦਿਆਂ ਅਟਕੋਂ ਪਾਰ ਤੋਂ ਖ਼ਬਰਾਂ ਪੁੱਜੀਆਂ ਕਿ ਯੂਸਫਜ਼ਈਆਂ ਦੇ ਇਲਾਕੇ ਵਿਚ ਸੱਯਦ ਅਹਿਮਦ ਨੇ ਇਲਾਕੇ ਦੇ ਪਠਾਣਾਂ ਵਿਚ ਜਹਾਦ ਕਰਨ ਲਈ ਲੋਕਾਂ ਨੂੰ ਉਕਸਾਇਆ ਹੈ, ਜਿਸ ਕਰਕੇ ਅਕੋਲਾ, ਸੈਦੋ ਤੇ ਤਰਬੇਲਾ ਆਦਿ ਦੀਆਂ ਕਈ ਲੜਾਈਆਂ ਸਿੱਖਾਂ ਨਾਲ ਹੋਈਆਂ ਹਨ ਤ ਆਖ਼ਰ ਸੱਯਦ ਅਹਿਮਦ ਨੇ ਦਰਬਾਰ ਲਾਹੌਰ ਦੇ ਕਾਰਦਾਰ



Digitized by Panjab Digital Library | www.panjabdigilib.org

ਬਾਰਕਜ਼ਈ ਸਰਦਾਰਾਂ ਨੂੰ ਪਰੇ ਧਕੇਲ ਪਿਸ਼ਾਵਰ ਉਤੇ ਆਪਣਾ ਕਬਜ਼ਾ ਕਰ ਕੇ ਪੂਰੀ ਤਰਾਂ ਹਕੂਮਤ ਕਾਇਮ ਕਰ ਲਈ ਹੈ ।

ਜਦ ਇਸ ਤਰ੍ਹਾਂ ਸਰਦਾਰ ਹਰੀ ਸਿੰਘ ਨੂੰ ਪਤਾ ਲਗਾ ਕਿ ਸਾਰੇ ਸੂਬਾ ਸਰਹੱਦ ਉਤੇ ਸੱਯਦ ਰਾਜ ਹੋ ਗਿਆ ਹੈ ਤੇ ਕੁਲ ਪਠਾਣ ਕਬੀਲੇ ਉਸ ਦੀ ਈਨ ਮੰਨਣ ਲੱਗ ਪਏ ਹਨ ਤਾਂ ਸਰਦਾਰ ਹਰੀ ਸਿੰਘ ਨੇ ਉਸ ਦੀ ਸਰਕੋਬੀ ਲਈ ਤਿਆਰੀ ਕੀਤੀ ਤੇ ਉਧਰ ਸੱਯਦ ਅਹਿਮਦ ਦੇ ਦਿਲ ਵਿਚ ਉਥੇ ਨਵੇਂ ਸੁਧਾਰ ਲਾਗੂ ਕਰਨ ਦਾ ਫੁਰਨਾ ਫੁਰਿਆ, ਜਿਸ ਕਾਰਣ ਉਸ ਨੇ ਸਾਰੇ ਪਠਾਣਾਂ ਨੂੰ, ਜਿਨ੍ਹਾਂ ਦੇ ਘਰੀਂ ੨੦ ਸਾਲ ਤੋਂ ਲੈ ਕੇ ੫੦ ਸਾਲ ਦੀ ਉਮਰ ਦੀਆਂ ਅਣ-ਵਿਆਹੀਆਂ ਲੜਕੀਆਂ ਸਨ, ਬੁਲਾ ਕੇ ਉਨ੍ਹਾਂ ਲੜਕੀਆਂ ਦੇ ਰਿਸ਼ਤੇ ਹਿੰਦੁਸਤਾਨੀ ਜਹਾਦੀਆਂ ਦੇ ਨਾਲ ਤੁਰਤ ਫੁਰਤ ਕਰ ਦੇਣ ਦਾ ਸੁਝਾਉ ਦਿੱਤਾ ਤਾਂਕਿ ਉੱਥੇ ਮੁਸਲਮਾਨਾਂ ਦੀ ਆਬਾਦੀ ਹੋਰ ਵੀ ਵਧੇ ਤੇ ਨਾਲੇ ਪਠਾਣਾਂ ਤੇ ਹਿੰਦੁਸਤਾਨੀਆਂ ਦੇ ਮੇਲ ਨਾਲ ਇਕ ਸਾਂਝਾ ਮੁਸਲਮਾਨੀ ਖ਼ਾਨਦਾਨ ਬਣ ਜਾਵੇ । ਪਠਾਣ ਲੋਕ, ਜੋ ਬੜੇ ਆਜ਼ਾਦੀ ਪਸੰਦ ਤੇ ਜਾਤਿ ਅਭਿਮਾਨੀ ਸਨ, ਇਸ ਗੱਲੋਂ ਡਾਢੇ ਚਿੜ੍ਹੇ ਤੇ ਜਦ ਸੱਯਦ ਅਹਿਮਦ ਦਾ ਇਹ ਧੱਕੇਸ਼ਾਹੀ ਹੁਕਮ ਉਸ ਇਲਾਕੇ ਉਤੇ ਹਾਵੀ ਹੁੰਦਾ ਦੇਖਿਆ ਤਾਂ ਸਾਰੇ ਪਠਾਣਾਂ ਨੇ ਇਕ ਦਿਨ ਏਕਾ ਕਰਕੇ ਸੱਯਦ ਅਹਿਮਦ ਦੇ ਹਜ਼ਾਰਾਂ ਸਾਥੀ, ਜੋ ਹਿੰਦੁਸਤਾਨ ਤੋਂ ਉਥੇ ਜਹਾਦ ਕਰਨ ਵਾਸਤੇ ਗਏ ਸਨ, ਕਤਲ ਕਰ ਸੁੱਟੇ ਤੇ ਸੱਯਦ ਅਹਿਮਦ ਸਮੇਤ ਉਨ੍ਹਾਂ ਵਿਚੋਂ ਸਿਰਫ਼ ਉਹੋ ਬਾਕੀ ਬਚੇ ਜੋ ਸਰਦਾਰ ਫ਼ਤਿਹ ਖ਼ਾਨ ਰਈਸ ਪੰਜਤਾਰ ਦੇ ਕੋਲ ਠਹਿਰੇ ਹੋਏ ਸਨ । ਆਪਣੇ ਸਾਥੀਆਂ ਦੇ ਇਸ ਤਰ੍ਹਾਂ ਪਠਾਣਾਂ ਹੱਥੋਂ ਕਤਲ ਹੋਣ ਦੀ ਖ਼ਬਰ ਸੁਣ ਕੇ ਸੱਯਦ ਅਹਿਮਦ ਨੇ ਬੜੀ ਮਾਯੂਸੀ ਨਾਲ ਯੂਸਫਜ਼ਈ ਦਾ ਇਲਾਕਾ ਛੱਡਿਆ ਤੇ ਉਹ ਬਚੇ ਖੁਚੇ ਸਾਥੀਆਂ ਸਮੇਤ ਇਲਾਕਾ ਹਜ਼ਾਰਾ ਵੱਲ ਚੱਲ ਪਿਆ ।

## ਕਿਲਾ ਖ਼ੈਰਾਬਾਦ ਉਤੇ ਚੜ੍ਹਾਈ ਤੇ ਹਾਰ :

ਇਨ੍ਹਾਂ ਦਿਨਾਂ ਵਿਚ ਹੀ ਖ਼ਾਲਸੇ ਨੇ ਇਕ ਨਵਾਂ ਕਿਲਾ ਖ਼ੈਰਾਬਾਦ ਵਿਚ ਬਣਵਾਇਆ ਸੀ, ਜੋ ਕਿ ਅਟਕ ਦਰਿਆ ਤੋਂ ਪਾਰ ਲਹਿੰਦੇ ਕਿਨਾਰੇ ਵੱਲ ਸੀ । ਸਰਦਾਰ ਬੁੱਧ ਸਿੰਘ ਸੰਧਾਵਾਲੀਆ ਇਸ ਦਾ ਕਿਲੇਦਾਰ ਨਿਯੁਕਤ ਕੀਤਾ ਗਿਆ ਸੀ । ਇਹ ਕਿਲਾ ਸੱਯਦ ਅਹਿਮਦ ਤੇ ਅਫ਼ਗਾਨਾਂ ਦੀ ਨਜ਼ਰ ਵਿਚ ਚੁਭਣ ਲੱਗਾ । ਸੱਯਦ ਨੇ ਤੁਰਤ ਹੀ ਸਿੱਖਾਂ ਨੂੰ ਇਸ ਇਲਾਕੇ ਵਿਚੋਂ ਕੱਢਣ ਲਈ ਗ਼ਾਜ਼ੀਆਂ ਨੂੰ ਤਿਆਰ ਕਰਨਾ ਆਰੰਭ ਦਿੱਤਾ। ਸੂਝਵਾਨ ਸਰਦਾਰ ਬੁੱਧ ਸਿੰਘ ਨੂੰ ਇਸ ਦੀ ਸੂੰਧਕ ਮਿਲ ਗਈ ਤੇ ਜਲਦੀ ਹੀ ਉਸ ਨੇ ਛੱਛ ਦੇ ਇਲਾਕੇ ਵਿਚ ਆਏ ਹੋਏ ਸਰਦਾਰ ਹਰੀ ਸਿੰਘ ਨਲਵਾ ਨੂੰ ਇਸ ਹੋਣ ਵਾਲੀ ਘਟਨਾ ਤੋਂ ਜਾਣੂ ਕਰਾਇਆ । ਪਤਾ ਲਗਦਿਆਂ ਹੀ ਨਲਵੇ ਸਰਦਾਰ ਨੇ ਆਪਣੇ ਨਾਲ ਲਿਆਂਦੀ ਹੋਈ ਅੱਠ ਹਜ਼ਾਰ ਦੇ ਕਰੀਬ ਫ਼ੌਜ ਨੂੰ ਉਸ ਪਾਸੇ ਵੱਲ ਨੂੰ ਜਲਦੀ ਹੀ ਪੁੱਜਣ ਲਈ ਫ਼ੁਰਮਾਨ ਜਾਰੀ



Digitized by Panjab Digital Library | www.panjabdigilib.org

ਕੀਤਾ। ਖ਼ਾਲਸਾ ਫ਼ੌਜ ਮਾਰੋ ਮਾਰ ਕਰਦੀ ਹੋਈ ਖ਼ੈਰਾਬਾਦ ਦੇ ਮੈਦਾਨ ਵਿਚ ਆ ਪੁੱਜੀ। ਸਵੇਰ ਹੁੰਦਿਆਂ ਹੀ ਸਿੱਖ ਗ਼ਾਜ਼ੀਆਂ ਤੇ ਅਜੇਹੇ ਝਪਟ ਕੇ ਪਏ ਕਿ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਤੇ ਉਨ੍ਹਾਂ ਦੀਆਂ ਸਾਰੀਆਂ ਹੀ ਸਕੀਮਾਂ ਅਕਾਰਥ ਸਿੱਧ ਹੋਈਆਂ। ਪਰੰਤੂ ਫੇਰ ਵੀ ਗ਼ਾਜ਼ੀਆਂ ਨੇ ਹੌਸਲੇ ਨਾ ਹਾਰੇ, ਖ਼ੂਬ ਤਲਵਾਰ ਖੜਕਾਈ। ਖ਼ੂਨ ਨਾਲ ਧਰਤੀ ਲੱਥ ਪੱਥ ਹੋ ਗਈ। ਹੌਲੀ ਹੌਲੀ ਗ਼ਾਜ਼ੀਆਂ ਦੇ ਹੌਸਲੇ ਟੁੱਟਣੇ ਸ਼ੁਰੂ ਹੋ ਗਏ ਤੇ ਆਖ਼ਿਰ ਸੂਰਜ ਦੇ ਲੋਪ ਹੋਣ ਨਾਲ ਸੱਯਦ ਅਹਿਮਦ ਆਪਣੇ ਸਾਥੀਆਂ ਸਮੇਤ ਜੰਗ ਦੇ ਮੈਦਾਨ ਵਿਚੋਂ ਰਫ਼ੂ ਚੱਕਰ ਹੋ ਗਿਆ। ਅਕੋੜੇ ਦੇ ਪੱਤਣੋਂ ਪਾਰ ਹੋ ਕੇ ਵਾਹੋ–ਦਾਹੀ ਤੋਰੂ ਤੇ ਹੋਤੀ ਮਰਦਾਨ ਹੁੰਦਾ ਸਿੱਧਾ ਲੂੰਦ ਖੁਵੜ ਜਾ ਪੁੱਜਾ, ਹਾਲਾਂ ਕਿ ਇਸ ਜੰਗ ਵਿਚ ਗ਼ਾਜ਼ੀਆਂ ਦੀ ਗਿਣਤੀ ਅਧਿਕ ਸੀ। ਸਰ ਅਲੈਗਜ਼ੈਂਡਰ ਬਾਰਨਜ਼ ਅਨੁਸਾਰ ਸਰਦਾਰ ਹਰੀ ਸਿੰਘ ਦੀ ਖ਼ਾਲਸਾ ਫ਼ੌਜ ੮੦੦੦ ਸੀ ਤੇ ਗ਼ਾਜ਼ੀਆਂ ਦੀ ਫ਼ੌਜ ਦੀ ਗਿਣਤੀ ੧੫੦੦੦ ਸੀ। ਇਸ ਤਰ੍ਹਾਂ ਸੱਯਦ ਅਹਿਮਦ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

## ਪੰਜਤਾਰ ਦੀ ਘਟਨਾ (ਸੰਨ ੧੮੩੦ ਈ:) :

ਇਸ ਸ਼ਾਨਦਾਰ ਜਿੱਤ ਤੋਂ ਬਾਦ ਸਰਦਾਰ ਹਰੀ ਸਿੰਘ ਤੇ ਸਰਦਾਰ ਬੁਧ ਸਿੰਘ ਨੇ ਸੱਯਦ ਦੀ ਤਾਕਤ ਸਦਾ ਲਈ ਖ਼ਤਮ ਕਰਨ ਲਈ ਸਲਾਹ ਬਣਾਈ ਤਾਂ ਕਿ ਉਹ ਫੇਰ ਸਿੱਖਾਂ ਦੇ ਵਿਰੁੱਧ ਭੜਕੀਲੀਆਂ ਤੇ ਤੰਗ ਦਿਲੀ ਦੀਆਂ ਕਾਰਵਾਈਆਂ ਨਾ ਕਰ ਸਕੇ। ਸਿੱਖ ਫ਼ੌਜਾਂ ਨੇ ਸਰਦਾਰ ਹਰੀ ਸਿੰਘ ਦੇ ਕਹਿਣ ਤੇ ਦਰਿਆ ਲੰਡੇ ਨੂੰ ਪਾਰ ਕਰਕੇ ਸੱਯਦ ਅਹਿਮਦ ਦਾ ਪਿੱਛਾ ਕੀਤਾ ਤੇ ਉਹ ਲੂੰਦ ਖੁਵੜ ਤੋਂ ਅਗੇ ਵਧਦਾ ਤੁਲਾਂਦੀ ਪਿੰਡ ਪਹੁੰਚ ਕੇ ਗ਼ਾਜ਼ੀਆਂ ਦੀ ਇਕ ਟੁਕੜੀ ਨੂੰ ਹੱਲੇ ਲਈ ਉਕਸਾ ਕੇ ਆਪ ਪੰਜਤਾਰ ਦੀਆਂ ਪਹਾੜੀਆਂ ਵੱਲ ਚਲਾ ਗਿਆ। ਖ਼ਾਲਸਾ ਫ਼ੌਜ ਨੇ ਵੈਰੀ ਦੀ ਇਸ ਟੋਲੀ ਨੂੰ ਬੁਰੀ ਤਰ੍ਹਾਂ ਕੁਚਲਿਆ ਤੇ ਪੰਜਤਾਰ ਵੱਲ ਹੋ ਤੁਰੇ। ਇਸ ਸਥਾਨ ਤੇ ਵੀ ਗ਼ਾਜ਼ੀਆਂ ਦੇ ਹੌਸਲੇ ਬੁਲੰਦ ਨਾ ਰਹੇ ਤੇ ਉਹ ਮੈਦਾਨ ਵਿਚੋਂ ਪਿੱਠ ਦਿਖਾ ਕੇ ਦੌੜਨੇ ਆਰੰਭ ਹੋ ਗਏ ਤੇ ਇਸ ਤਰ੍ਹਾਂ ਪੰਜਤਾਰ ਤੇ ਵੀ ਖ਼ਾਲਸੇ ਨੇ ਕਬਜ਼ਾ ਕਰ ਲਿਆ। ਸਰਦਾਰ ਹਰੀ ਸਿੰਘ ਨੇ ਪੰਜਤਾਰ ਬਾਰੇ ਇਸ ਤਰ੍ਹਾਂ ਕਿਹਾ, "ਲੋਕ ਆਖਦੇ ਸਨ ਕਿ 'ਇਹ ਪੰਜਤਾਰ' ਹੈ, ਇਥੇ ਤਾਂ ਇਕ ਤਾਰ ਭੀ ਨਹੀਂ।" ਕੋਈ ਰੌਣਕ ਨਹੀਂ ਉਜਾੜ ਹੀ ਨਜ਼ਰੀਂ ਆਉਂਦੀ ਹੈ। ਇਸ ਸਥਾਨ ਤੋਂ ਖ਼ਾਲਸੇ ਦੇ ਹੱਥ ਦੋ ਹਲਕੀਆਂ ਤੋਪਾਂ,ਜੋ ਕਿ ਬਾਰਕਜ਼ਈਆਂ ਨੇ ਸੱਯਦ ਅਹਿਮਦ ਨੂੰ ਦਿੱਤੀਆਂ ਸਨ,ਹੱਥ ਆਈਆਂ, ਅਨਾਜ ਦੇ ਵੀ ਕਾਫ਼ੀ ਜ਼ਖ਼ੀਰੇ ਕਬਜ਼ੇ ਵਿਚ ਆਏ। ਇਹ ਘਟਨਾ ਸੰਨ ੧੮੩੦ ਈ: ਦੀ ਹੈ।

## ਬਾਲਾਕੋਟ ਦੀ ਲੜਾਈ ਤੇ ਸੱਯਦ ਦਾ ਅੰਤ (੩੦ ਮਈ ਸੰਨ ੧੮੩੧ ਈ:) :

ਉਸ ਸਮੇਂ ਜਦ ਸੱਯਦ ਅਹਿਮਦ ਅਜੇ ਰਸਤੇ ਵਿਚ ਹੀ ਸੀ ਤਾਂ ਉਸ ਨੂੰ ਇਲਾਕਾ



Digitized by Panjab Digital Library | www.panjabdigilib.org

ਸਿੰਧ ਤੇ ਕਸ਼ਮੀਰ ਦੇ ਮੁਸਲਮਾਨਾਂ ਵੱਲੋਂ ਉਥੇ ਜਾਣ ਤ ਕਬਜ਼ਾ ਕਰਨ ਲਈ ਸੱਦੇ ਪੱਤਰ ਪੁੱਜੇ। ਪਰੰਤੂ ਉਸ ਨੇ ਅਜਿਹੇ ਕਿਸੇ ਸੱਦੇ ਨੂੰ ਪ੍ਰਵਾਨ ਨਾ ਕੀਤਾ ਤੇ ਉਹ ਇਲਾਕਾ ਹਜ਼ਾਰਾ ਦੇ ਪਠਾਣਾਂ ਦੇ ਸੱਦੇ ਉਤੇ ਇਲਾਕਾ ਕਾਗਾਨ ਦੇ ਬਾਲਾ ਕੋਟ ਨਾਮੀ ਸਥਾਨ ਤੇ ਜਾ ਪੁੱਜਾ। ਸੱਯਦ ਅਹਿਮਦ ਦੇ ਇਸ ਸਾਰੇ ਚੜ੍ਹਾਉ-ਉਤਰਾਉ ਦੀਆਂ ਖ਼ਬਰਾਂ ਲਾਹੌਰ ਦੇ ਸਥਾਨ ਪਰ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਪੁਜਦੀਆਂ ਰਹੀਆਂ ਤੇ ਮਹਾਰਾਜੇ ਵੱਲੋਂ ਸਰਦਾਰ ਹਰੀ ਸਿੰਘ ਨਲਵਾ ਨੇ ਸੂਬਾ ਸਰਹੱਦ ਵਿਚ ਉਸ ਦੇ ਨਾਲ ਕਈ ਲੜਾਈਆਂ ਵੀ ਲੜੀਆਂ। ਛੇਕੜ ਜਦ ਸੱਯਦ ਮੁਹੰਮਦ ਇਲਾਕਾ ਯੂਸਫ਼ਜ਼ਈ ਦਾ ਵਸੇਬਾ ਛੱਡ ਕੇ ਸਿੱਧਾ ਇਲਾਕਾ ਹਜ਼ਾਰਾ ਦੇ ਬਾਲਾਕੋਟ ਸਥਾਨ ਪਰ ਪੁੱਜਾ ਤਾਂ ੩੦ ਮਈ, ਸੰਨ ੧੮੩੧ ਈ: ਨੂੰ ਕੰਵਰ ਸ਼ੇਰ ਸਿਘ ਤੇ ਸਰਦਾਰ ਹਰੀ ਸਿੰਘ ਨਲਵੇ ਨੇ ਆਪਣੀਆਂ ਫ਼ੌਜਾਂ ਦੀ ਕਮਾਨ ਸੰਭਾਲੀ ਤੇ ਮੁਜੈਹਦੀਨਾਂ ਦੇ ਇਲਾਕਾ ਬਾਲਾਕੋਟ ਨੂੰ ਜਾ ਘੇਰਿਆ। ਉਧਰੋਂ ਵੈਰੀ ਦਾ ਟਿੱਡੀ ਦਲ ਵੀ ਰੋਹ ਵਿਚ ਸੀ। ਲੱਗੀ ਸਿਰੀ ਸਾਹਿਬ ਚੱਲਣ। ਕਦੇ ਖ਼ਾਲਸੇ ਦਾ ਪੱਲੜਾ ਭਾਰੀ ਹੁੰਦਾ ਤੇ ਕਦੇ ਸੱਯਦ ਦੀ ਫ਼ੌਜ ਦਾ। ਖ਼ੂਨ ਦੀਆਂ ਨਹਿਰਾਂ ਵਹਿ ਤੁਰੀਆਂ। ਲੋਥਾਂ ਹੀ ਲੋਥਾਂ ਦਿਸਣ ਲੱਗੀਆਂ।

ਇਸ ਸਮੇਂ ਕੰਵਰ ਸ਼ੇਰ ਸਿੰਘ ਦੀ ਬੀਰਤਾ ਦੰਗ ਕਰ ਦੇਣ ਵਾਲੀ ਸੀ। ਉਸ ਦੀ ਤਲਵਾਰ ਬਿਜਲੀ ਦੀ ਤਰ੍ਹਾਂ ਲਿਸ਼ਕਾਂ ਮਾਰਦੀ ਲੜਾਈ ਦੇ ਇਸ ਮੈਦਾਨ ਨੂੰ ਭਖਾਈ ਜਾ ਰਹੀ ਸੀ, ਜਿਸ ਨੂੰ ਦੇਖ ਕੇ ਨਲਵੇ ਸਰਦਾਰ ਨੇ ਉਹ ਹੁਲਾਰਾ ਖਾਧਾ ਕਿ ਘੋੜੇ ਦੀ ਵਾਗ ਜਿਧਰ ਨੂੰ ਮੋੜਦੇ ਸਨ ਬੱਸ ਆਹੂ ਲਾਹ ਲਾਹ ਸੁੱਟੀ ਜਾਂਦੇ ਸਨ। ਇਉਂ ਲੜਦਿਆਂ ਲੜਦਿਆਂ ਸੱਯਦ ਅਹਿਮਦ ਕੰਵਰ ਸਾਹਿਬ ਦੇ ਸਾਹਮਣੇ ਆ ਗਿਆ। ਬੱਸ ਫੇਰ ਕੀ ਸੀ ਕੰਵਰ ਸ਼ੇਰ ਸਿੰਘ ਭੁੱਖੇ ਸ਼ੀਂਹ ਵਾਂਗ ਸੱਯਦ ਉਤੇ ਝਪਟੇ ਤੇ ਅੱਖ ਦੇ ਫੋਰ ਵਿਚ ਹੀ ਉਸ ਦਾ ਸਿਰ ਤਨ ਨਾਲੋਂ ਵੱਖ ਕਰ ਦਿੱਤਾ। ਉਧਰ ਨਲਵੇ ਸਰਦਾਰ ਦੀ ਤਲਵਾਰ ਨੇ ਮੌਲਵੀ ਇਸਮਾਈਲ ਦੇ ਦੋ ਟੋਟੇ ਕਰ ਦਿੱਤੇ। ਫ਼ੌਜ ਦੇ ਮੁਖੀਆਂ ਨੂੰ ਇਸ ਤਰ੍ਹਾਂ ਮਰਦਿਆਂ ਵੇਖ ਕੇ ਬਾਕੀਆਂ ਦੇ ਹੌਸਲੇ ਢਹਿ ਗਏ ਤੇ ਉਨ੍ਹਾਂ ਜਾਨ ਬਚਾਉਣੀ ਹੀ ਅੱਛੀ ਸਮਝੀ। ਖ਼ਾਲਸੇ ਨੇ ਇਸ਼ ਤਰ੍ਹਾਂ ਬਾਲਾਕੋਟ ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।

ਕੰਵਰ ਸ਼ੇਰ ਸਿੰਘ ਤੇ ਸਰਦਾਰ ਹਰੀ ਸਿੰਘ ਨੇ,ਜਿਵੇਂ ਕਿ ਬਹਾਦਰ ਲੋਕ ਬਹਾਦਰਾਂ ਦਾ ਸਨਮਾਨ ਕਰਦੇ ਹੁੰਦੇ ਹਨ, ਸੱਯਦ ਅਹਿਮਦ ਤੇ ਉਸ ਦੇ ਸਾਥੀਆਂ ਦੀਆਂ ਲਾਸ਼ਾਂ ਲੱਭ ਕੇ ਮੁਸਲਮਾਨੀ ਤਰੀਕੇ ਨਾਲ ਉਨ੍ਹਾਂ ਨੂੰ ਬੜੀ ਇੱਜ਼ਤ ਦਾ ਪ੍ਰਗਟਾਵਾ ਕਰਕੇ ਦਫ਼ਨਾਇਆ। ਕੰਵਰ ਸ਼ੇਰ ਸਿੰਘ ਤੇ ਸਰਦਾਰ ਹਰੀ ਸਿੰਘ ਨਲਵੇ ਨੂੰ ਇਸ ਬਹਾਦਰੀ ਬਦਲੇ ਸ਼ੇਰਿ ਪੰਜਾਬ ਵਲੋਂ ਬੜੀਆਂ ਅੱਛੀਆਂ ਜਾਗੀਰਾਂ ਦਿੱਤੀਆਂ ਗਈਆਂ।

ਬਾਲਾ ਕੋਟ ਦੇ ਸਥਾਨ ਪਰ ਸੱਯਦ ਅਹਿਮਦ ਦੀ ਇਸ ਹਾਰ ਨਾਲ ਮੁਜੈਹਦੀਨਾਂ ਦੀ ਹਕੂਮਤ ਤੇ ਜ਼ਿੰਦਗੀ ਦਾ ਅੰਤ ਹੋ ਗਿਆ।



Digitized by Panjab Digital Library | www.panjabdigilib.org

# ਪਠਾਣਾਂ ਦੀ ਧੱਕੇਸ਼ਾਹੀ ਤੇ ਉਸ ਦੇ ਨਤੀਜੇ

## ਹਿੰਦੂ ਇਸਤ੍ਰੀਆਂ ਨੂੰ ਕੈਦ ਵਿਚੋਂ ਰਿਹਾਈ :

ਸਰਦਾਰ ਹਰੀ ਸਿੰਘ ਨਲਵੇ ਨੂੰ ਪਠਾਣਾਂ ਦੀਆਂ ਕਈ ਹੱਦ ਦਰਜੇ ਦੀਆਂ ਮਜ਼ਹਬੀ ਤੰਗ ਦਿਲੀਆਂ ਤੇ ਗਿਰੀਆਂ ਹੋਈਆਂ ਕਰਤੂਤਾਂ ਉਤੇ ਬੇਹੱਦ ਗੁੱਸਾ ਆਉਂਦਾ ਸੀ ਜਿਵੇਂ ਕਿ ਉਨ੍ਹਾਂ ਨੇ ਕੁਝ ਹਿੰਦੂ ਔਰਤਾਂ ਮੱਲੋ-ਜ਼ੋਰੀ ਚੁੱਕ ਖੜੀਆਂ ਸਨ ਜਿਸ ਤੇ ਨਲਵੇ ਨੂੰ ਅਣਖ ਨੇ ਵੰਗਾਰਿਆ ਤੇ ਉਨ੍ਹਾਂ ਸਰਦਾਰ ਬੁੱਧ ਸਿੰਘ ਨੂੰ ਨਾਲ ਲੈ ਕੇ ਵੈਰੀਆਂ ਦਾ ਪਿੱਛਾ ਕੀਤਾ। ਪੱਖਲੀ ਅਰਥਾਤ ਅੰਗਰੋਰ ਪਾਸ ਬਹੁਤ ਹੀ ਪਠਾਣ ਇਕੱਠੇ ਹੋ ਰਹੇ ਸਨ, ਜਿਸ ਤੇ ਸਿੱਖਾਂ ਨੇ ਸਵੇਰ ਸਾਰ ਹੀ ਅੰਗਰੋਰ ਨੂੰ ਜਾ ਘੇਰਿਆ। ਨਲਵੇ ਸਰਦਾਰ ਨਾਲ ਗਿਣਤੀ ਦੇ ਹੀ ਸਿੱਖ ਸਿਪਾਹੀ ਸਨ। ਇਸ ਛੋਟੀ ਜਿਹੀ, ਪਰ ਬੀਰਤਾ ਭਰੀ ਲੜਾਈ ਵਿਚ ਪਠਾਣ ਖ਼ਾਲਸੇ ਦੇ ਸਾਹਮਣੇ ਨਾ ਠਹਿਰ ਸਕੇ ਤੇ ਉਨ੍ਹਾਂ ਦੀਆਂ ਕਾਫ਼ੀ ਔਰਤਾਂ ਕੈਦੀ ਬਣਾ ਲਈਆਂ। ਸ਼ਾਨ ਕਿਆਰੀ ਪੁੱਜ ਕੇ ਢੰਡੋਰਾ ਫਿਰਵਾ ਦਿੱਤਾ ਕਿ ਜੇ ਤੁਸੀਂ ਇਕ ਹਿੰਦੂ ਔਰਤ ਕੈਦ ਵਿਚੋਂ ਰਿਹਾ ਕਰੋਗੇ ਤਾਂ ਅਸੀਂ ਦੋ ਅਫ਼ਗਾਨੀ ਔਰਤਾਂ ਛਡਾਂਗੇ। ਇਉਂ ਸਰਦਾਰ ਹਰੀ ਸਿੰਘ ਨੇ ਉਨ੍ਹਾਂ ਸਾਰੀਆਂ ਹਿੰਦੂ ਔਰਤਾਂ ਨੂੰ, ਜੋ ਪਠਾਣਾਂ ਨੇ ਫੜੀਆਂ ਸਨ, ਕੈਦ ਵਿਚੋਂ ਰਿਹਾ ਕਰਵਾ ਕੇ ਸਤਿਕਾਰ ਨਾਲ ਉਨ੍ਹਾਂ ਦੇ ਘਰੀਂ ਪਹੁੰਚਾ ਦਿੱਤਾ।

## ਮਿਚਨੀ ਦੇ ਖ਼ਾਨ ਪਾਸੋਂ ਇਕ ਹਿੰਦੂ ਡੋਲਾ ਵਾਪਸ :

ਇਕ ਦਿਨ ਸਰਦਾਰ ਹਰੀ ਸਿੰਘ ਨਲਵਾ ਪਿਸ਼ਾਵਰ ਸ਼ਹਿਰ ਤੋਂ ਦੂਰ ਜੰਗਲ ਵਿਚ ਡੇਰਾ ਲਾਈ ਬੈਠੇ ਸਨ। ਸ਼ਾਮ ਦਾ ਵੇਲਾ ਸੀ, 'ਸ਼ਬਦ ਕੀਰਤਨ' ਹੋ ਰਿਹਾ ਸੀ। ਇੰਨੇ ਨੂੰ ਇਕ ਹਿੰਦੂ ਨੇ ਹੱਥ ਜੋੜ ਕੇ ਬੇਨਤੀ ਕੀਤੀ :—

"ਮਹਾਰਾਜ, ਮੇਰਾ ਦਾਦਾ ਇਸ ਪਰਦੇਸ ਦਾ ਇਕ ਅਮੀਰ ਸੇਠ ਸੀ। ਇਥੋਂ ਪੰਦਰਾਂ ਕੋਹ ਦੀ ਦੂਰੀ ਤੇ ਇਕ ਪਿੰਡ ਵਿਚ ਮੇਰਾ ਵਿਆਹ ਹੋਇਆ ਸੀ। ਮੇਰੇ ਸਹੁਰੇ ਚੰਗੇ ਸਰਦੇ ਪੁਜਦੇ ਅਮੀਰ ਆਦਮੀ ਸਨ। ਮੇਰੀ ਇਸਤ੍ਰੀ ਬਹੁਤ ਸੁੰਦਰ ਸੀ। ਬੜੀ ਸ਼ਾਨ-ਸ਼ੌਕਤ ਤੇ ਧੂਮ-ਧਾਮ ਨਾਲ ਮੇਰਾ ਵਿਆਹ ਹੋਇਆ। ਕੱਲ੍ਹ ਅਸੀਂ ਡੋਲਾ ਲੈ ਕੇ ਖ਼ੁਸ਼ੀ ਖ਼ੁਸ਼ੀ ਘਰ ਪਰਤ ਰਹੇ ਸੀ ਕਿ ਮਿਚਨੀ ਦੇ ਖ਼ਾਨ ਨੂੰ ਕਿਸੇ ਨੇ ਜਾ ਕੇ ਖ਼ਬਰ ਪਹੁੰਚਾ ਦਿੱਤੀ ਕਿ ਇਕ ਹਿੰਦੂ, ਇਕ ਬਹੁਤ ਹੀ ਸੁੰਦਰ ਔਰਤ ਅਤੇ ਕਾਫ਼ੀ ਮਾਤਰਾ ਵਿਚ ਧਨ ਅਤੇ ਗਹਿਣੇ ਆਦਿ ਲਈ ਜਾ ਰਿਹਾ ਹੈ। ਖ਼ਾਨ ਨੇ ਉਸੇ ਸਮੇਂ ਆਪਣੇ ਘੋੜ ਸਵਾਰ ਇਸ ਡੋਲੇ ਨੂੰ ਲੁੱਟਣ ਲਈ ਭੇਜ ਦਿੱਤੇ। ਉਨ੍ਹਾਂ ਨੇ ਆ ਕੇ ਸਾਨੂੰ ਘੇਰ ਲਿਆ ਅਤੇ ਦਬਕਾਇਆ ਕਿ ਇਸ ਸੁੰਦਰ ਇਸਤ੍ਰੀ ਨੂੰ ਮਿਚਨੀ ਦੇ ਖ਼ਾਨ ਕੋਲ ਪਹੁੰਚਾ ਦਿਓ, ਕਿਉਂਕਿ ਇਹ ਸੁੰਦਰੀ ਖ਼ਾਨ ਦੀ ਬੇਗਮ ਬਣਨ ਦੇ ਹੀ ਲਾਇਕ ਹੈ। ਤੁਸੀਂ ਕੰਗਾਲਾਂ ਨੇ ਇਸ ਦੀ ਕੀ ਕਦਰ ਕਰਨੀ ਹੈ। ਉਥੇ ਇਹ ਸਦਾ



Digitized by Panjab Digital Library | www.panjabdigilib.org

ਲਈ ਸੁਰਗ ਭੋਗੇਗੀ। ਤੁਸੀਂ ਵੀ ਸਗੋਂ ਇਸਲਾਮ ਕਬੂਲ ਕਰ ਕੇ ਸੁਖ ਦੇ ਦਿਨ ਕੱਟੋ ਅਤੇ ਪਠਾਨਾਂ ਦੇ ਨਾਲ ਖਾਣ-ਪੀਣ ਅਤੇ ਰਿਸ਼ਤੇ-ਨਾਤੇ ਦਾ ਸੰਬੰਧ ਜੋੜੋ।

ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੇਰਾ ਦਾਦਾ ਕੰਬਣ ਲੱਗਿਆ ਅਤੇ ਬੇਹੋਸ਼ ਹੋ ਕੇ ਜ਼ਮੀਨ ਤੇ ਡਿੱਗ ਪਿਆ। ਉਨ੍ਹਾਂ ਵਿਚੋਂ ਇਕ ਸਵਾਰ ਨੇ ਡੋਲੇ ਵਿਚੋਂ ਦੁਲਹਨ ਨੂੰ ਬਾਹਰ ਖਿੱਚ ਕੇ ਆਪਣੇ ਘੋੜੇ ਤੇ ਬਿਠਾ ਲਿਆ ਤੇ ਘੋੜਾ ਦੌੜਾ ਲਿਆ। ਫੇਰ ਅਸੀਂ ਸਾਰੇ ਹੀ ਰੋਂਦੇ ਧੋਂਦੇ ਖ਼ਾਨ ਦੇ ਪਾਸ ਪਹੁੰਚ ਗਏ ਅਤੇ ਹੱਥ ਜੋੜ ਕੇ ਬੇਨਤੀ ਕੀਤੀ, ਕਿ "ਖ਼ਾਨ ਸਾਹਿਬ ! ਸਾਡੀ ਇਸ ਔਰਤ ਨੂੰ ਵਾਪਸ ਦੇ ਦਿਓ !" ਮੇਰੇ ਦਾਦੇ ਨੇ ਬਾਰ ਬਾਰ ਬੇਨਤੀ ਕੀਤੀ, ਹੱਥ ਅੱਡੇ ਕਿ ਕਿਰਪਾ ਕਰ ਕੇ ਸਾਡੀਆਂ ਭੁੱਲਾਂ ਨੂੰ ਬਖਸ਼ਦੇ ਹੋਏ ਸਾਡੀ ਨੂੰਹ ਵਾਪਸ ਕਰ ਦਿਓ। ਜੇ ਤੁਹਾਨੂੰ ਕੁਝ ਰੁਪਏ ਆਦਿ ਦੀ ਜ਼ਰੂਰਤ ਹੈ ਤਾਂ ਵੀ ਅਸੀਂ ਇਸ ਦੇ ਬਰਾਬਰ ਧਨ ਤੋਲ ਕੇ ਦੇਣ ਨੂੰ ਤਿਆਰ ਹਾਂ। ਪਰਜਾ ਦੀਆਂ ਬੇਟੀਆਂ ਆਪ ਦੀਆਂ ਬੇਟੀਆਂ ਹਨ। ਆਪ ਮਾਲਕ ਹੋ। ਉਨ੍ਹਾਂ ਤੇ ਇਸ ਤਰ੍ਹਾਂ ਪਾਪ ਕਰਨਾ ਅੱਛਾ ਨਹੀਂ।

ਮੇਰੇ ਦਾਦਾ ਦੀ ਇਹ ਅਰਜ਼ ਸੁਣ ਕੇ ਖ਼ਾਨ ਸਾਹਿਬ ਨੇ ਸੋਚਿਆ ਕਿ ਸ਼ਾਇਦ ਇਨ੍ਹਾਂ ਕੋਲ ਬਹੁਤ ਧਨ ਹੈ ਤੇ ਆਪਣੇ ਆਦਮੀਆਂ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਲੁੱਟ ਲੌ ਅਤੇ ਕੈਦੀ ਬਣਾ ਲੌ। ਉਸੇ ਹੀ ਘੜੀ ਸਾਨੂੰ ਲੁੱਟ ਲਿਆ ਗਿਆ। ਮਰੇ ਦਾਦਾ ਨੇ ਕਈ ਸੁੰਦਰ ਗਹਿਣੇ ਛੁਪਾ ਲਏ ਹੋਏ ਸਨ। ਇਸ ਲਈ ਅਸੀਂ ਪਹਿਰੇਦਾਰ ਨੂੰ ਖ਼ੁਸ਼ ਕਰਕੇ ਛੁਟਕਾਰਾ ਪਾਇਆ ਤੇ ਮੈਂ ਤੁਹਾਡੀ ਸੇਵਾ ਵਿਚ ਫ਼ਰਿਆਦ ਕਰਨ ਆਇਆ ਹਾਂ।" ਜਿਸ ਪਹਿਰੇਦਾਰ ਨੂੰ ਰਿਸ਼ਵਤ ਦਿੱਤੀ ਗਈ ਸੀ ਉਹ ਵੀ ਭੇਸ ਬਦਲ ਕੇ ਇਸ ਦਰਬਾਰ ਵਿਚ ਆਇਆ ਹੋਇਆ ਸੀ, ਜਿਸ ਨੂੰ ਦੇਖਦਿਆਂ ਹੀ ਹਰੀ ਸਿੰਘ ਸਭ ਕੁਝ ਜਾਣ ਗਿਆ ਸੀ। ਇਸੇ ਲਈ ਨਲਵੇ ਨੇ ਉਸ ਹਿੰਦੂ ਨੂੰ ਡਾਂਟਣਾ ਅਰੰਭ ਕਰ ਦਿੱਤਾ ਕਿ ਤੂੰ ਐਵੇਂ ਇਥੇ ਕੀ ਮੂੰਹ ਦਿਖਾਉਣ ਆਇਆ ਹੈਂ। ਮੈਂ ਉਸ ਬਹਾਦਰ ਖ਼ਾਨ ਨਾਲ ਕਿਉਂ ਲੜਾਂ,ਜਿਸ ਦੇ ਕੋਲ ਐਨੀ ਫ਼ੌਜ ਹੈ, ਇਸ ਲਈ ਤੂੰ ਜਿਧਰੋਂ ਆਇਆ ਹੈਂ ਉਧਰ ਹੀ ਚਲਾ ਜਾਹ। ਹਾਂ, ਸੱਚ ਤੂੰ ਭੁੱਖਾ ਮਲੂਮ ਹੁੰਦਾ ਹੈਂ ਇਸ ਲਈ ਪਹਿਲਾਂ ਜਾ ਕੇ ਭੋਜਨ ਕਰ ਲੈ। ਇਸ ਦਾ ਨਤੀਜਾ ਇਹ ਹੋਇਆ ਕਿ ਜੋ ਭੇਸ ਬਦਲ ਕੇ ਖ਼ਾਨ ਦਾ ਆਦਮੀ ਆਇਆ ਸੀ, ਉਸ ਨੇ ਸਾਰਾ ਕੁਝ ਖ਼ਾਨ ਨੂੰ ਜਾ ਕੇ ਦੱਸ ਦਿੱਤਾ ਤੇ ਕਿਹਾ ਕਿ ਹਰੀ ਸਿੰਘ ਨਲਵੇ ਜੈਸੇ ਬਹਾਦਰ ਵੀ ਆਪ ਤੋਂ ਡਰਦੇ ਹਨ। ਧੰਨ ਤੁਹਾਡਾ ਪ੍ਰਭਾਵ ਹੈ। ਖ਼ਾਨ ਇਹ ਸੁਣ ਕੇ ਬਹੁਤ ਖ਼ੁਸ਼ ਹੋਇਆ ਤੇ ਲੱਗਿਆ ਰੰਗ-ਰਲੀਆਂ ਮਨਾਉਣ।

ਉਧਰ ਹਰੀ ਸਿੰਘ ਨਲਵੇ ਦੇ ਤਨ ਬਦਨ ਨੂੰ ਇਸ ਹਿੰਦੂ ਦੀ ਗੱਲ ਸੁਣ ਕੇ ਅੱਗ ਲੱਗ ਉੱਠੀ। ਉਹ ਸੋਚਦਾ ਸੀ ਕਿ ਕਦ ਖ਼ਾਨ ਦਾ ਜਾ ਕੇ ਗਲਾ ਘੁੱਟਿਆ ਜਾਵੇ ਅਤੇ ਕਦੋਂ ਉਸ ਨਿਰਧਨ ਆਦਮੀ ਦੀ ਤੀਵੀਂ ਵਾਪਸ ਕਰਵਾਈ ਜਾਵੇ। ਫ਼ੌਜ ਰਾਤ ਦਾ ਖਾਣਾ ਖਾ ਚੁੱਕੀ ਸੀ। ਸਰਦਾਰ ਮਹਾਂ ਸਿੰਘ ਨੂੰ ਇਹ ਹੁਕਮ ਜਾਰੀ ਕਰ ਦਿੱਤਾ ਕਿ ਸਮੁੱਚੀ ਫ਼ੌਜ



Digitized by Panjab Digital Library | www.panjabdigilib.org

ਤਿਆਰ ਹੋ ਜਾਵੋ ਤੇ ਸਵੇਰੇ ਵਾਪਸ ਆ ਕੇ ਹੀ ਇਥੇ ਭੋਜਨ ਛਕਿਆ ਜਾਵੇ। ਜਿਸ ਦਾ ਸਿਟਾ ਇਹ ਹੋਇਆ ਕਿ ਰਾਤੋ ਰਾਤ ਹੀ ਜਾ ਕੇ ਮਿਚਨੀ ਦੇ ਦੁਆਲੇ ਘੇਰਾ ਪਾ ਲਿਆ। ਅਜੇ ਕੋਈ ਇਕ ਪਹਿਰ ਰਾਤ ਬਾਕੀ ਸੀ। ਹਰੀ ਸਿੰਘ ਦੇ ਨਾਲ ਲੱਗ ਭੱਗ ਇਕ ਸੌ ਹੀ ਸਵਾਰ ਸਨ, ਜੋ ਕਿ ਖ਼ਾਨ ਵਾਸਤੇ ਇਹੋ ਹੀ ਬਹੁਤ ਸਨ। ਜਾਂਦਿਆਂ ਹੀ ਨਲਵੇ ਨੇ ਆਪਣੇ ਸੁਭਾਅ ਅਨੁਸਾਰ ਖ਼ਾਨ ਪਾਸ ਆਪਣੇ ਪੈਰੋਕਾਰ ਭੇਜੇ ਤੇ ਕਿਹਾ ਕਿ ਉਸ ਆਦਮੀ ਦੀ ਔਰਤ ਵਾਪਸ ਕਰ ਦੇਹ। ਇਸ ਵਿਚ ਹੀ ਤੇਰੀ ਭਲਾਈ ਹੈ। ਪਰਜਾ ਦੀ ਰਖਿਆ ਕਰਨਾ ਹਾਕਿਮ ਦਾ ਫਰਜ਼ ਹੈ।

ਜਦੋਂ ਖ਼ਾਨ ਨੂੰ ਇਹ ਪਤਾ ਲਗਿਆ ਕਿ ਸਰਦਾਰ ਹਰੀ ਸਿੰਘ ਨਲੂਆ ਮੇਰੇ ਤੇ ਚੜ੍ਹਾਈ ਕਰ ਕੇ ਆਇਆ ਹੈ ਤਾਂ ਸ ਦੇ ਹੋਸ਼ ਉੱਡ ਗਏ। ਪਰੰਤੂ ਖ਼ਾਨ ਦੀ ਹੈਂਕੜ ਨੇ ਯੁੱਧ ਲਈ ਮਜਬੂਰ ਕੀਤਾ। ਇਸ ਕਾਰਣ ਉਹ ਪੰਜ ਸੌ ਸਵਾਰ ਲੈ ਕੇ ਕਿਲੇ ਤੋਂ ਬਾਹਰ ਆਇਆ। ਲੜਾਈ ਸ਼ੁਰੂ ਹੋ ਗਈ। ਖ਼ੂਬ ਤਲਵਾਰ ਖੜਕੀ। ਪਰੰਤੂ ਖ਼ਾਲਸੇ ਦੀਆਂ ਤੇਗਾਂ ਨੇ ਪਠਾਣਾਂ ਨੂੰ ਅੱਗੇ ਲਾ ਲਿਆ ਤੇ ਉਹ ਰਣ ਵਿਚੋਂ ਪਿੱਠ ਦਿਖਾ ਕੇ ਦੌੜਨੇ ਸ਼ੁਰੂ ਹੋ ਗਏ। ਤਦ ਖ਼ਾਨ ਹਰੀ ਸਿੰਘ ਨਲਵੇ ਨਾਲ ਲੜਾਈ ਲਈ ਅਗੇ ਵਧਿਆ। ਸਰਦਾਰ ਨੇ ਖ਼ਾਨ ਨੂੰ ਪਹਿਲਾ ਵਾਰ ਕਰਨ ਲਈ ਕਿਹਾ। ਖ਼ਾਨ ਨੇ ਆਪਣੇ ਪੂਰੇ ਜ਼ੋਰ ਨਾਲ ਵਾਰ ਕੀਤਾ ਤਾਂ ਸਰਦਾਰ ਨੇ ਉਸ ਵਾਰ ਨੂੰ ਆਪਣੀ ਢਾਲ ਤੇ ਰੋਕ ਲਿਆ। ਨਲਵੇ ਸਰਦਾਰ ਨੇ ਫਿਰ ਕਿਹਾ—ਦੂਜਾ ਵਾਰ ਵੀ ਤੇਰਾ ਹੀ ਹੈ। ਸਰਦਾਰ ਨੇ ਦੂਜਾ ਵਾਰ ਵੀ ਰੋਕ ਲਿਆ। ਹੁਣ ਸਰਦਾਰ ਦੀ ਵਾਰੀ ਆਈ। ਉਨ੍ਹਾਂ ਪਹਿਲੇ ਹੀ ਵਾਰ ਨਾਲ ਖ਼ਾਨ ਦੇ ਦੋ ਟੋਟੇ ਕਰ ਦਿੱਤੇ। ਖ਼ਾਨ ਨੂੰ ਇਉਂ ਮਰਦਿਆਂ ਦੇਖ ਕੇ ਉਸ ਦੇ ਬਾਕੀ ਰਹਿੰਦੇ ਸਾਥੀ ਵੀ ਦੌੜ ਗਏ। ਖ਼ਾਨ ਦਾ ਕਿਲਾ ਮਿੱਟੀ ਵਿਚ ਮਿਲਾ ਦਿੱਤਾ ਗਿਆ। ਉਸ ਹਿੰਦੂ ਨੂੰ ਉਸ ਦੀ ਦੁਲਹਨ ਵਾਪਸ ਕਰ ਦਿੱਤੀ। ਉਨ੍ਹਾਂ ਦੋਹਾਂ ਨੇ ਆਪਣਾ ਜੀਵਨ ਦੇਸ਼-ਸੇਵਾ ਲਈ ਅਰਪਣ ਕਰ ਦਿੱਤਾ। ਉਸ ਹਿੰਦੂ ਦਾ ਨਾਂ ਬਦਲ ਕੇ ਦੁਸ਼ਟ ਦਮਨ ਸਿੰਘ ਕਰ ਦਿੱਤਾ ਗਿਆ, ਕਿਉਂਕਿ ਨਾਂ ਬਦਲਣ ਲਈ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਗਿਆ ਤਾਂ ਉਸ ਦੇ ਪਵਿਤ੍ਰ ਹੁਕਮਨਾਮੇ ਦਾ ਪਹਿਲਾ ਸ਼ਬਦ ਇਹ ਨਿਕਲਿਆ :-

'ਦੁਖ ਬਿਨਸੇ ਸਹਸਾ ਗਿਆ ਸਰਣ ਗਹੀ ਹਰਿ ਰਾਇ।
ਮਨ ਚਿੰਦੇ ਫਲ ਪਾਇਆ ਨਾਨਕ ਹਰਿਗੁਣ ਗਾਇ ॥'

## ਸਰਦਾਰ ਹਰੀ ਸਿੰਘ ਨਲਵੇ ਦਾ ਫੱਟੜ ਹੋਣਾ :

ਸਰਦਾਰ ਹਰੀ ਸਿੰਘ ਨਲਵੇ ਦੇ ਮਗਰੋਂ ਹਜ਼ਾਰੇ ਦੇ ਸ੍ਰੀ ਕੋਟ ਤੇ ਨਾੜੇ ਦੇ ਇਲਾਕੇ ਵਿਚ ਤਰੀਨ ਤੇ ਤੌਰਖੇਲੀ ਲੋਕਾਂ ਨੇ ਲੁੱਟ ਖਸੁੱਟ ਦੀਆਂ ਘਟਨਾਵਾਂ ਅਰੰਭ ਦਿੱਤੀਆਂ। ਜਦ ਨਲਵਾ ਵਾਪਸ ਆਇਆ ਤਾਂ ਉਸ ਨੇ ਆਪਣੀ ਸੂਰਬੀਰ ਫ਼ੌਜ ਨੂੰ ਸ੍ਰੀ ਕੋਟ ਤੇ



Digitized by Panjab Digital Library | www.panjabdigilib.org

ਨਾੜੇ ਦ ਇਸ ਇਲਾਕੇ ਤ ਹੱਲਾ ਬੋਲਣ ਲਈ ਹੁਕਮ ਦਿੱਤਾ, ਉਧਰ ਵਿਰੋਧੀ ਕੌਮਾਂ ਨੇ ਉਸ ਵੇਲੇ ਤੱਕ ਪੰਦਰਾਂ ਹਜ਼ਾਰ ਤੋਂ ਵਧੀਕ ਜਹਾਦੀ ਤਿਆਰ ਕਰ ਲਏ ਸਨ। ਉਨ੍ਹਾਂ ਸਾਰੇ ਹੀ ਨਾਕੇ ਖ਼ਾਲਸੇ ਦੇ ਆਉਣ ਤੋਂ ਪਹਿਲਾਂ ਬੰਦ ਕਰ ਦਿੱਤੇ ਸਨ। ਸਾਰੇ ਹੀ ਰਾਹ ਰੋਕ ਲਏ ਸਨ। ਪਰੰਤੂ ਖ਼ਾਲਸਾ ਇਨ੍ਹਾਂ ਮਾਮੂਲੀ ਰੁਕਾਵਟਾਂ ਨੂੰ ਕੀ ਸਮਝਦਾ ਸੀ। ਉਹ ਵਾਹੋ ਦਾਹੀ ਗ਼ਾਜ਼ੀਆਂ ਤੇ ਟੁੱਟ ਪਿਆ। ਬੜੀ ਜ਼ੋਰ ਦੀ ਲੜਾਈ ਹੋਈ। ਖ਼ਾਲਸੇ ਨੇ ਨਾਕੇ ਤੋੜ ਦਿੱਤੇ। ਪਰ ਚਲਾਕ ਗ਼ਾਜ਼ੀਆਂ ਨੇ ਖ਼ਾਲਸੇ ਨੂੰ ਧੋਖੇ ਵਿਚ ਫਸਾ ਲਿਆ, ਜਿਸ ਦਾ ਕਿ ਪਹਿਲਾਂ ਉੱਕਾ ਹੀ ਪਤਾ ਨਹੀਂ ਸੀ। ਜਦ ਖ਼ਾਲਸਾ ਅਗੇ ਵਧਦਾ ਵਧਦਾ ਨਾੜੇ ਨਾਮੀ ਰਸਤੇ ਵਿਚ ਦੀ ਲੰਘਣ ਲੱਗਿਆ; ਜਿਥੇ ਗ਼ਾਜ਼ੀਆਂ ਨੇ ਪੱਥਰ ਜੋੜ ਕੇ ਰਸਤਾ ਬਣਾਇਆ, ਜਿਸ ਦੇ ਹੇਠ ਬਰੂਦ ਭਰਿਆ ਹੋਇਆ ਸੀ। ਜਦੋਂ ਖ਼ਾਲਸਾ ਫ਼ੌਜ, ਜਿਸ ਦੇ ਅੱਗੇ ਸਰਦਾਰ ਹਰੀ ਸਿੰਘ ਨਲਵਾ ਆਪਣੇ ਜੋਸ਼ ਵਿਚ ਦੁਸ਼ਮਣ ਨੂੰ ਵੰਗਾਰਦਾ ਵਧਦਾ ਆ ਰਿਹਾ ਸੀ ਤਾਂ ਠੀਕ ਉਸੇ ਸਮੇਂ ਗ਼ਾਜ਼ੀਆਂ ਨੇ ਬਰੂਦ ਨੂੰ ਅੱਗ ਲਾ ਦਿਤੀ,ਜਿਸਦੇ ਨਾਲ ਰਸਤੇ ਦੇ ਸਾਰੇ ਹੀ ਪੱਥਰ ਬਰੂਦ ਨਾਲ ਉਤਾਂਹ ਨੂੰ ਉੱਡ ਗਏ। ਸਰਦਾਰ ਹਰੀ ਸਿੰਘ ਅਤੇ ਉਨ੍ਹਾਂ ਦੇ ਕੁਝ ਸਾਥੀ ਵੀ ਇਹਨਾਂ ਪੱਥਰਾਂ ਦੇ ਨਾਲ ਹੀ ਬੁਰੀ ਤਰ੍ਹਾਂ ਘਾਇਲ ਹੋ ਕੇ ਡੂੰਘੀ ਖੱਡ ਵਿਚ ਰੁੜ੍ਹ ਗਏ। ਨਲਵੇ ਦੀ ਬਾਕੀ ਫ਼ੌਜ ਤੇ ਜਰਨੈਲ ਇਹ ਘਟਨਾ ਦੇਖ ਕੇ ਭੈ ਭੀਤ ਹੋ ਗਏ। ਉਧਰ ਉਤੋਂ ਰਾਤ ਦਾ ਹਨੇਰਾ ਉੱਤਰ ਆਇਆ। ਲੜਾਈ ਭਾਵੇਂ ਬੰਦ ਹੋ ਚੁੱਕੀ ਸੀ, ਪਰ ਖ਼ਾਲਸੇ ਨੂੰ ਆਪਣੇ ਜਰਨੈਲ ਤੋਂ ਬਿਨਾਂ ਕਿਵੇਂ ਟੇਕ ਆ ਸਕਦੀ ਸੀ। ਇਸ ਲਈ ਸਰਦਾਰ ਮਹਾਂ ਸਿੰਘ ਹੋਰੀਂ ਆਪਣੇ ਕੁਝ ਜਵਾਨ ਲੈ ਕੇ ਖੱਡ ਵਿਚ ਉਤਰ ਗਏ। ਉਨ੍ਹਾਂ ਵੱਖ ਵੱਖ ਜੁਆਨਾਂ ਦੀਆਂ ਲਾਸ਼ਾਂ ਨੂੰ ਕਾਫ਼ੀ ਭੈੜੀ ਹਾਲਤ ਵਿਚ ਵੇਖਿਆ ਪਰੰਤੂ ਸਰਦਾਰ ਹਰੀ ਸਿੰਘ ਦਾ ਸਰੀਰ ਅਜੇ ਕਿਧਰੇ ਨਜ਼ਰੀ ਨਾ ਪਿਆ। ਇਉਂ ਭਾਲਦਿਆਂ ਭਾਲਦਿਆਂ ਕਾਫ਼ੀ ਰਾਤ ਬੀਤ ਗਈ। ਜਦ ਉਹ ਨਿਰਾਸ਼ ਹੋ ਕੇ ਪਰਮਾਤਮਾ ਦੇ ਭਾਣੇ ਨੂੰ ਮੰਨਦੇ ਹੋਏ ਵਾਪਸ ਮੁੜਨ ਲੱਗੇ ਤਾਂ ਇਕ ਸਿੰਘ ਦੀ ਨਿਗਾਹ ਉਸ ਜੰਗਲੀ ਦਰਖ਼ਤ ਦੇ ਮੁੱਢ ਵਲ ਪਈ, ਜਿਥੇ ਉਨ੍ਹਾਂ ਨੂੰ ਕੁਝ ਦਿਖਾਈ ਦਿੱਤਾ। ਇਹੋ ਹੀ ਨਲਵੇ ਸਰਦਾਰ ਦਾ ਫੱਟਾਂ ਅਤੇ ਝਰੀਟਾਂ ਨਾਲ ਪੱਛਿਆ ਹੋਇਆ ਸਰੀਰ ਸੀ ਤੇ ਜਿਸ ਵਿਚ ਵਿਧਾਤਾ ਵਲੋਂ ਅਜੇ ਜ਼ਿੰਦਗੀ ਦੀ ਲੋਅ ਟਿਮਕਦੀ ਸੀ ਅਜੇ ਸਵਾਸ ਬਾਕੀ ਸਨ। ਸਰਦਾਰ ਜੀ ਦੀ ਦੇਹ ਨੂੰ ਫਟਾ ਫਟ ਇਕ ਸਫ਼ਰੀ ਡੋਲੀ ਵਿਚ ਪਾ ਕੇ ਕੈਂਪ ਵਿਚ ਲਿਆਂਦਾ ਗਿਆ। ਬਹੁਤ ਜਲਦੀ ਹੀ ਵੈਦਾਂ ਅਤੇ ਫੱਟ-ਬੰਨ੍ਹਾਂ ਨੇ ਸਰਦਾਰ ਜੀ ਦੀ ਸੇਵਾ ਆਰੰਭ ਦਿਤੀ। ਉਧਰ ਸ਼ਹੀਦ ਹੋਏ ਬਾਕੀ ਸਿੰਘਾਂ ਦਾ ਸਸਕਾਰ ਕਰ ਦਿੱਤਾ ਗਿਆ ਤੇ ਫੱਟੜਾਂ ਦੀ ਮਲ੍ਹਮ ਪੱਟੀ ਆਰੰਭ ਹੋ ਗਈ। ਸਾਰੇ ਹੀ ਸਿਪਾਹੀ ਆਪਣੇ ਜਰਨੈਲ ਦੀ ਇਹ ਹਾਲਤ ਵੇਖ ਕੇ ਬਹੁਤ ਉਦਾਸ ਸਨ। ਪਰ ਜਦ ਵੈਦਾਂ ਤੇ ਫੱਟ ਬੰਨ੍ਹਾਂ ਨੇ ਸਰਦਾਰ ਜੀ ਦੀ ਪੂਰੀ ਪੂਰੀ ਸੇਵਾ ਕੀਤੀ ਤਾਂ ਉਨ੍ਹਾਂ ਦੀ ਹਾਲਤ ਵਿਚ ਕੁਝ ਮੋੜ ਆਇਆ। ਜਿਸ ਨਾਲ ਸਰਦਾਰ ਮਹਾਂ ਸਿੰਘ ਤੇ ਉਸ ਦੇ ਸਾਥੀਆਂ ਨੂੰ ਹੌਂਸਲਾ ਹੋਇਆ। ਸਰਦਾਰ ਹਰੀ



Digitized by Panjab Digital Library | www.panjabdigilib.org

ਸਿੰਘ ਜੀ ਹੌਲੀ ਹੌਲੀ ਦਿਨ-ਬਦਿਨ ਨੌ-ਬਰ-ਨੌ ਹੁੰਦੇ ਗਏ।

ਸਰਦਾਰ ਮਹਾਂ ਸਿੰਘ ਨੇ ਸਵੇਰ ਹੁੰਦਿਆਂ ਹੀ ਵੈਰੀ ਨੂੰ ਉਸ ਨਾੜੇ ਵਿਚ ਹੀ ਘੇਰ ਲਿਆ। ਉਹ ਅਜੇ ਇਹੋ ਹੀ ਸੋਚਦੇ ਸਨ ਕਿ ਕਲ ਵਾਲੀ ਘਟਨਾ ਨਾਲ ਖ਼ਾਲਸੇ ਦਾ ਕਾਫ਼ੀ ਨੁਕਸਾਨ ਹੋਇਆ ਹੈ ਤੇ ਉਹ ਹੁਣ ਲੜਾਈ ਨਹੀਂ ਕਰੇਗਾ। ਪਰ ਜਦ ਸਰਦਾਰ ਮਹਾਂ ਸਿੰਘ ਨੇ ਇਸ ਬਦਲੇ ਵਿਚ ਬੜੇ ਜ਼ੋਰ ਦਾ ਹਮਲਾ ਕੀਤਾ ਤਾਂ ਵੈਰੀ ਮੈਦਾਨ ਵਿਚੋਂ ਜਾਨ ਬਚਾਉਂਦਾ ਵਾਹੋ ਦਾਹੀ ਸੁਰੰਗਾਂ ਥਾਣੀਂ ਲੁਕ ਕੇ ਭੱਜ ਤੁਰਿਆ। ਖ਼ਾਲਸੇ ਨੇ ਨਾੜੇ ਨੂੰ ਗੁੱਸੇ ਵਿਚ ਆ ਕੇ ਸਾੜ ਕੇ ਸੁਆਹ ਕਰ ਦਿੱਤਾ। ਇਉਂ ਖ਼ਾਲਸੇ ਨੇ ਇਸ ਇਲਾਕੇ ਨੂੰ ਆਪਣੇ ਅਧੀਨ ਕਰਕੇ ਵੈਰੀਆਂ ਦਾ ਨਾਸ਼ ਕੀਤਾ। ਖ਼ਾਲਸੇ ਦੇ ਹੱਥ ਉਹਨਾਂ ਦਾ ਬਹੁਤ ਸਾਰਾ ਮਾਲ ਮਤਾਹ ਤੇ ਸਮਾਨ ਆਇਆ, ਜਿਸ ਵਿਚ ਭੇਡਾਂ ਬੱਕਰੀਆਂ ਦੇ ਵੀ ਕਈ ਇੱਜੜ ਸਨ। ਇਉਂ ਖ਼ਾਲਸਾ ਫ਼ੌਜ ਫ਼ਤਿਹ ਦੇ ਜੈਕਾਰੇ ਗਜਾਉਂਦੀ ਹੋਈ ਹਰੀ ਪੁਰ ਪਹੁੰਚ ਗਈ, ਜਿੱਥੇ ਸਰਦਾਰ ਹਰੀ ਸਿੰਘ ਨਲਵੇ ਦੀ ਪੂਰੀ ਪੂਰੀ ਸੇਵਾ ਕੀਤੀ ਜਾ ਰਹੀ ਸੀ। ਬਾਅਦ ਵਿਚ ਸਰਦਾਰ ਹਰੀ ਸਿੰਘ ਨੇ ਨਾੜੇ ਦੇ ਇਸ ਇਲਾਕੇ ਦੀ ਰੱਖਿਆ ਲਈ ਵੀ ਕਿਲ੍ਹੇ ਬਣਵਾਏ ਜੋ ਕਿ ਬੜੇ ਇਤਿਹਾਸਿਕ ਸਨ। ਇਥੇ ਹੀ ਸਰਦਾਰ ਜੀ ਨੇ ਆਪਣੇ ਮਿਤ੍ਰ ਸਰਦਾਰ ਅਮਰ ਸਿੰਘ ਦੀ ਸਦੀਵੀ ਯਾਦ ਵਿਚ ਇਕ ਬਾਉਲੀ ਬਣਵਾਈ, ਜਿਸ ਦਾ ਜਲ ਬੜਾ ਠੰਢਾ ਤੇ ਸੀਤਲ ਮੰਨਿਆ ਗਿਆ।

## ਹਰੀ ਸਿੰਘ ਨਲਵੇ ਦੀ ਮੌਤ ਦੀ ਗ਼ਲਤ ਖ਼ਬਰ :

ਨਾੜੇ ਦੇ ਮੈਦਾਨ ਵਿਚ ਸਰਦਾਰ ਮਹਾਂ ਸਿੰਘ ਨੂੰ ਵਧੇਰੇ ਜੋਸ਼ ਨਾਲ ਲੜਦਿਆਂ ਵੇਖ ਕੇ ਗ਼ਾਜ਼ੀਆਂ ਨੇ ਇਹ ਖ਼ਬਰ ਸਾਰੇ ਇਲਾਕੇ ਵਿਚ ਧੁਮਾ ਦਿਤੀ ਕਿ ਨਲਵਾ ਸਰਦਾਰ ਮਾਰਿਆ ਗਿਆ ਹੈ। ਜਦੋਂ ਗਿੱਦੜ ਦੀ ਮੌਤ ਆਉਂਦੀ ਹੈ, ਤਾਂ ਉਹ ਪਿੰਡ ਵੱਲ ਨੂੰ ਆਉਂਦਾ ਹੈ ਤੇ ਜਿਥੋਂ ਉਹ ਫੇਰ ਸਹੀ ਸਲਾਮਤ ਨਹੀਂ ਪਰਤਦਾ। ਇਵੇਂ ਹੀ ਹੁਣ ਦੁਬਾਰਾ ਹਾਰੇ ਹੋਏ ਗ਼ਾਜ਼ੀ ਮੁੜ ਹੌਂਸਲੇ ਵਿਚ ਆਏ ਤੇ ਬਗੜਾ ਨਾਮੀ ਪਿੰਡ ਦੇ ਆਸ ਪਾਸ ਬੜੇ ਚਾਵਾਂ ਨਾਲ ਜੁੜਨ ਲਗੇ ਤੇ ਖ਼ਾਲਸੇ ਦੇ ਆਸ ਪਾਸ ਦਿਆਂ ਕਿਲ੍ਹਿਆਂ ਨੂੰ ਸਰ ਕਰਨ ਦੇ ਮਨਸੂਬੇ ਬਣਾਉਣ ਲੱਗੇ। ਪਰੰਤੂ ਉਨ੍ਹਾਂ ਦੀਆਂ ਇਹ ਸਕੀਮਾਂ ਕਿੱਥੇ ਪੂਰੀਆਂ ਹੋਣੀਆਂ ਸਨ। ਜਦ ਸਰਦਾਰ ਹਰੀ ਸਿੰਘ ਨੂੰ ਇਹ ਖ਼ਬਰ ਮਿਲੀ ਤਦ ਤੱਕ ਉਹ ਬਿਲਕੁਲ ਹੀ ਤੰਦਰੁਸਤ ਹੋ ਚੁੱਕੇ ਸਨ। ਉਸਨੇ ਇਨ੍ਹਾਂ ਹਵਾਈ ਕਿਲ੍ਹੇ ਬਣਾਉਣ ਵਾਲੇ ਗ਼ਾਜ਼ੀਆਂ ਨੂੰ ਜਾ ਦੱਬਿਆ। ਬੱਸ ਫੇਰ ਕੀ ਸੀ; ਇਸ ਪਰਲੋ ਅੱਗੇ ਬਾਗੀ ਚੰਗੀ ਤਰ੍ਹਾਂ ਕੁਚਲੇ ਗਏ ਤੇ ਸਾਰੇ ਲੋਕ ਨਲਵੇ ਨੂੰ ਜ਼ਿੰਦਾ ਵੇਖ ਕੇ ਸਹਿਮ ਗਏ। ਉਹ ਡਰਦੇ ਸਨ ਕਿ ਹੁਣ ਸਾਡੀ ਵੀ ਵਾਰੀ ਆਉਣ ਵਾਲੀ ਹੈ। ਪਰੰਤੂ ਨਲਵਾ ਸਰਦਾਰ ਆਮ ਜਨਤਾ ਨੂੰ ਤੰਗ ਨਹੀਂ



Digitized by Panjab Digital Library | www.panjabdigilib.org

ਸੀ ਕਰਦਾ,ਸਗੋਂ ਬਾਗ਼ੀਆਂ ਨੂੰ ਬੁਰੀ ਤਰ੍ਹਾਂ ਦਬਾਉਂਦਾ ਸੀ। ਬਾਗ਼ੀ ਅਜਿਹੇ ਸਹਿਮੇ ਕਿ ਉਨ੍ਹਾਂ ਦੇ ਦਿਲਾਂ ਉਤੇ ਇਹ ਭੈ ਸਦਾ ਲਈ ਛਾ ਗਿਆ ਤ ਇਲਾਕਾ ਹਜ਼ਾਰਾ ਵਿਚ ਅਮਨ ਦੇ ਅਸਾਰ ਪੈਦਾ ਹੋ ਗਏ।

## ਸ਼ੇਰਿ-ਪੰਜਾਬ ਦਾ ਹਜ਼ਾਰੇ ਪੁਜਣਾ :

ਇੰਨੇ ਨੂੰ ਸ਼ੇਰਿ-ਪੰਜਾਬ ਮਹਾਰਾਜ ਰਣਜੀਤ ਸਿੰਘ ਵੀ ਸ: ਹਰੀ ਸਿੰਘ ਦੀ ਖ਼ਬਰ ਲੈਣ ਲਈ ਹਜ਼ਾਰੇ ਪਹੁੰਚ ਚੁੱਕਿਆ ਸੀ। ਆਪ ਜੀ ਦੇ ਫੱਟੜ ਹੋ ਜਾਣ ਬਾਰੇ ਸਾਰੀ ਵਿੱਥਿਆ ਸੁਣ ਕੇ ਸ਼ੇਰਿ ਪੰਜਾਬ ਨੂੰ ਬਹੁਤ ਦੁਖ ਮਹਿਸੂਸ ਹੋਇਆ, ਪਰੰਤੂ ਜਦ ਮਹਾਰਾਜਾ ਉਥੇ ਪੁੱਜਿਆ ਤਾਂ ਨਲਵਾ ਉਦੋਂ ਤੱਕ ਬਿਲਕੁਲ ਠੀਕ ਠਾਕ ਹੋ ਚੁਕਿਆ ਸੀ ਤੇ ਬਾਗੀਆਂ ਨੂੰ ਕੁਚਲਨ ਵਿਚ ਕਾਮਯਾਬ ਹੋ ਚੁਕਿਆ ਸੀ। ਸਰਦਾਰ ਹਰੀ ਸਿੰਘ ਨੇ ਮਹਾਰਾਜੇ ਨੂੰ ਨਾਲ ਲੈਕੇ ਬਾਗ਼ੀਆਂ ਦਾ ਇਲਾਕਾ ਦਿਖਾਇਆ। ਖ਼ਾਲਸੇ ਦੇ ਇਸ ਫੇਰੇ ਨੇ ਸਾਰੇ ਇਲਾਕੇ ਵਿਚ ਆਪਣਾਂ ਅਜੇਹਾ ਰੋਹਬ ਜਮਾਇਆ ਕਿ ਲੋਕਾਂ ਨੇ ਆਪਣੇ ਆਪ ਹੀ ਗ਼ਲਤ ਰਾਹ ਦਰਸਾਉਣ ਵਾਲੇ ਲੋਕਾਂ ਨੂੰ ਲਾਹਨਤਾਂ ਪਾਈਆਂ ਤੇ ਅਨੇਕਾਂ ਲੋਕੀ ਮਹਾਰਾਜ਼ੇ ਦੇ ਹਵਾਲੇ ਕਰਵਾ ਕੇ ਇਲਾਕੇ ਵਿਚੋਂ ਕਢਵਾ ਦਿਤੇ ਗਏ। ਇਸ ਤਰ੍ਹਾਂ ਹਰ ਪਾਸੇ ਅਮਨ ਅਮਾਨ ਹੋ ਗਿਆ। ਲੋਕ ਅਨੰਦ ਮਈ ਜੀਵਨ ਬਤੀਤ ਕਰਨ ਲਗੇ।ਖ਼ਾਲਸੇ ਵਿਰੁੱਧ ਲੋਕਾਂਦੇ ਮਨਾਂ ਵਿਚ ਭਰਿਆ ਹੋਇਆ ਵਹਿਮ ਦੂਰ ਹੋ ਗਿਆ। ਇਉਂ ਖ਼ਾਲਸੇ ਨੇ ਲੋਕਾਂ ਦੀ ਵਫ਼ਾਦਾਰੀ ਹਾਸਲ ਕੀਤੀ। ਸਰਦਾਰ ਹਰੀ ਸਿੰਘ ਨਲਵਾ ਇਨ੍ਹਾਂ ਕੰਮਾਂ ਤੋਂ ਵਿਹਲਾ ਹੋ ਕੇ ਆਪਣੇ ਵਫ਼ਾਦਾਰ ਸਰਦਾਰ ਮਹਾਂ ਸਿੰਘ ਨੂੰ ਉਥੋਂ ਦੀ ਗਵਰਨਰੀ ਦਾ ਕੰਮ ਸੌਂਪ ਕੇ ਆਪ ਆਪਣੇ ਘਰੇਲੂ ਕੰਮਾਂ ਲਈ ਗੁੱਜਰਾਂ ਵਾਲੇ ਕੁਝ ਦੇਰ ਲਈ ਚਲੇ ਗਏ।

## ਸ੍ਰੀ ਕੋਟ ਵਿਚ ਬਗ਼ਾਵਤ :

ਗਾਜ਼ੀ ਲੋਕ ਹਮੇਸ਼ਾ ਖ਼ਾਲਸੇ ਦੇ ਨੇਕ ਸੁਭਾਅ ਤੋਂ ਫ਼ਾਇਦਾ ਉਠਾ ਕੇ ਜਹਾਦ ਲਈ ਤਿਆਰ ਰਹਿੰਦੇ ਸਨ। ਉਹ ਆਪਣੀਆਂ ਕਸਮਾਂ ਤੇ ਸੌਂਹਾਂ-ਸੁਗੰਦਾਂ ਨੂੰ ਭੁੱਲ ਜਾਂਦੇ ਸਨ। ਜਦੋਂ ਖ਼ਾਲਸਾ ਇਨ੍ਹਾਂ ਤੇ ਚੜ੍ਹਾਈ ਕਰਦਾ ਤਾਂ ਇਹ ਰਣ ਵਿਚ ਪਿੱਠ ਦਿਖਾਉਣ ਨੂੰ ਸਭ ਤੋਂ ਅੱਗੇ ਹੋਇਆ ਕਰਦੇ ਸਨ। ਹੁਣ ਫੇਰ ਜਦ ਸਰਦਾਰ ਹਰੀ ਸਿੰਘ ਨਲਵਾ ਗੁੱਜਰਾਂ ਵਾਲੇ ਚਲਿਆ ਗਿਆ ਸੀ ਤਾਂ ਇਹਨਾਂ ਜ਼ਾਲਮਾਂ ਦੇ ਮੁਖੀ ਮੁਹੰਮਦ ਖ਼ਾਨ ਤਰੀਨ ਦੇ ਭਤੀਜੇ ਬੋਸਤਾਨ ਖ਼ਾਨ ਨੇ ਦੁਬਾਰਾ ਫੇਰ ਸ੍ਰੀ ਕੋਟ ਦੇ ਇਲਾਕੇ ਵਿਚ,ਜਿਥੇ ਖ਼ਾਲਸੇ ਦੀ ਫ਼ੌਜ ਘੱਟ ਗਿਣਤੀ ਵਿਚ ਮੌਜੂਦ ਸੀ, ਬਗ਼ਾਵਤ ਦਾ ਝੰਡਾ ਖੜਾ ਕਰ ਦਿੱਤਾ। ਵਿਚੇ ਵਿਚ ਹੀ ਇਹ ਲੋਕ ਫੇਰ ਮੂਰਖਤਾ ਦਾ ਸ਼ਿਕਾਰ ਹੋਏ। ਸਰਦਾਰ ਨਲਵੇ ਨੂੰ ਇਸ ਹਾਲਤ ਬਾਰੇ ਪਤਾ ਭੇਜ ਦਿਤਾ ਗਿਆ। ਜਿਸ



Digitized by Panjab Digital Library | www.panjabdigilib.org

ਤੇ ਉਹ ਆਪਣੇ ਅਨੇਕਾਂ ਘਰੇਲੂ ਧੰਦਿਆਂ ਨੂੰ ਖ਼ਾਲਸੇ ਨਾਲੋਂ ਵੱਧ ਪਿਆਰਾ ਨਾ ਸਮਝਦਿਆਂ ਹੋਇਆਂ ਵਾਪਸ ਹਜ਼ਾਰੇ ਪਹੁੰਚ ਗਿਆ। ਅੰਤਕੀ ਖ਼ਾਲਸੇ ਨੇ ਦੁਸ਼ਮਨ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਠਾਣ ਲਈ। ਉਨ੍ਹਾਂ ਨੀਚਾਂ ਤੇ ਅਜਿਹੀ ਚੜ੍ਹਾਈ ਕੀਤੀ ਕਿ ਸਭ ਦਾ ਬੀ ਨਾਸ਼ ਕਰ ਦਿੱਤਾ ਕਿ ਉਹ ਕਈ ਪੀੜ੍ਹੀਆਂ ਤੱਕ ਇਸ ਦਾ ਅਸਰ ਭੁੱਲ ਨਹੀਂ ਸਕਦੇ ਸਨ।

ਹੁਣ ਵਾਰੀ ਆਈ ਮੁਹੰਮਦ ਖ਼ਾਨ ਦੀ, ਜਿਸ ਨੂੰ ਖ਼ਾਲਸੇ ਨੇ ਕੈਦ ਕਰ ਰੱਖਿਆ ਹੋਇਆ ਸੀ। ਜਦੋਂ ਉਸ ਨੂੰ ਮਹਾਰਾਜੇ ਅੱਗੇ ਦਰਬਾਰ ਵਿਚ ਪੇਸ਼ ਕੀਤਾ ਗਿਆ ਤਾਂ ਉਹ ਬੋਲਣੋਂ ਬਿਲਕੁਲ ਅਸਮਰਥ ਸੀ। ਉਸ ਨੂੰ ਪਤਾ ਸੀ ਕਿ ਹੁਣ ਉਸ ਨੂੰ ਉਸ ਦੀਆਂ ਕੀਤੀਆਂ ਹੋਈਆਂ ਭੁੱਲਾਂ ਦਾ ਹਰਜਾਨਾ ਜ਼ਰੂਰ ਹੀ ਭੁਗਤਣਾ ਪਵੇਗਾ।ਉਸਨੂੰ ਇਕ ਰਾਤਦੀ ਹੋਰ ਮੁਹਲਤ ਦੇ ਦਿੱਤੀ ਗਈ। ਜਦ ਅਗਲੇ ਦਿਨ ਉਸ ਨੂੰ ਫੇਰ ਦੁਬਾਰਾ ਦਰਬਾਰ ਵਿਚ ਪੇਸ਼ ਕਰਨਾ ਸੀ। ਤਾਂ ਉਸ ਨੇ ਪਹਿਲਾਂ ਹੀ ਜ਼ਹਿਰ ਖਾ ਕੇ ਆਤਮ ਹੱਤਿਆ ਕਰ ਲਈ। ਉਸ ਦੇ ਬਾਕੀ ਸਾਥੀਆਂ ਨੂੰ ਜੋ ਕਿ ਉਹ ਦੇ ਵਾਂਗ ਹੀ ਕੈਦੀ ਸਨ, ਭਰੇ ਹੋਏ ਪੰਡਾਲ ਦੇ ਸਾਹਮਣੇ ਤੋਪ ਅੱਗੇ ਉਡਾ ਦਿਤਾ ਗਿਆ। ਇਉਂ ਖ਼ਾਲਸੇ ਨੇ ਜਹਾਦ ਖ਼ਤਮ ਕਰ ਕੇ ਅਮਨ ਕਾਇਮ ਕਰ ਲਿਆ। ਸੁਲਤਾਨ ਮੁਹੰਮਦ ਦੀ ਥਾਂ ਹੁਣ ਕੰਵਰ ਨੌ ਨਿਹਾਲ ਸਿੰਘ ਨੂੰ ਪਿਸ਼ਾਵਰ ਦਾ ਗਵਰਨਰ ਨਿਯਤ ਕੀਤਾ ਗਿਆ।

## ਸਰਦਾਰ ਹਰੀ ਸਿੰਘ ਦੀ ਲਾਟ ਵਿਲੀਅਮ ਬੈਂਟਿੰਗ ਨਾਲ ਮੁਲਾਕਾਤ :

ਮਹਾਰਾਜਾ ਰਣਜੀਤ ਸਿੰਘ ਖ਼ਾਲਸਾ ਰਾਜ ਨੂੰ ਅਜੇ ਹੋਰ ਵਿਸਥਾਰ ਦੇਣਾ ਚਾਹੁੰਦਾ ਸੀ। ਮਹਾਰਾਜੇ ਦੀ ਨਿਗ੍ਹਾ ਵਿਚ ਉਹ ਇਲਾਕਾ ਉੱਤਰੀ ਅਫ਼ਗਾਨਿਸਤਾਨ ਅਤੇ ਪਿਸ਼ਾਵਰ ਦਾ ਸੀ। ਪਠਾਣ ਲੋਕ ਆਪਣੇ ਮਨਾਂ ਅੰਦਰ ਖ਼ਾਲਸੇ ਦੀ ਨੀਤੀ ਦੇ ਉਲਟ ਸੋਚੀ ਬੈਠੇ ਸਨ। ਉਹ ਸੋਚ ਦੇ ਸਨ ਕਿ ਪੰਜਾਬ ਦੇ ਮਹਾਰਾਜੇ ਦੀ ਕਿਸੇ ਨਾਲ ਵੀ ਦਾਲ ਨਹੀਂ ਗਲਦੀ ਤੇ ਉਸ ਦੀ ਅੰਗਰੇਜ਼ਾਂ ਨਾਲ ਵੀ ਖੜਕਦੀ ਹੈ। ਉਨ੍ਹਾਂ ਨੂੰ ਹੁਣ ਖ਼ਾਲਸਾ ਪ੍ਰਤੱਖ ਕਰਕੇ ਦਿਖਾਉਣਾ ਚਾਹੁੰਦਾ ਸੀ ਕਿ ਅੰਗਰੇਜ਼ਾਂ ਤੇ ਸਿੱਖਾਂ ਦੇ ਆਪਸ ਵਿਚ ਕਿਹੋ ਜਿਹੇ ਗੂਹੜੇ ਸੰਬੰਧ ਹਨ। ਸੋ ਇਹ ਜ਼ਰੂਰੀ ਸੀ ਕਿ ਗਵਰਨਰ ਜਨਰਲ ਹਿੰਦ ਲਾਰਡ ਵਿਲੀਅਮ ਬੈਂਟਿੰਗ ਨੂੰ ਇਸ ਬਾਰੇ ਮਿਲਿਆ ਜਾਵੇ। ਸੋ ਇਸ ਕਾਰਜ ਦੀ ਸੰਪੂਰਨਤਾ ਅਤੇ ਇਸ ਨੂੰ ਅਮਲੀ ਰੂਪ ਦੇਣ ਲਈ ਸਰਦਾਰ ਹਰੀ ਸਿੰਘ ਜੀ ਫਕੀਰ ਅਜ਼ੀਜ਼ੁੱਦੀਨ, ਦੀਵਾਨ ਮੋਤੀ ਰਾਮ, ਸਰਦਾਰ ਧੰਨਾ ਸਿੰਘ, ਸਰਦਾਰ ਅਜੀਤ ਸਿੰਘ ਸੰਧਾਵਾਲੀਆ ਤੇ ਸਰਦਾਰ ਲਹਿਣਾ ਸਿੰਘ ਮਜੀਠੀਆ ਸਮੇਤ ਕੁਝ ਚੋਣਵੇਂ ਤੇ ਫੁਰਤੀਲੇ ਨੌਜਵਾਨਾਂ ਨੂੰ, ਜਿਨ੍ਹਾਂ ਨੇ ਆਪਣੇ ਜੰਗੀ ਕਰਤੱਵ ਗਵਰਨਰ ਜਨਰਲ ਹਿੰਦ ਨੂੰ ਦਸਣੇ ਸਨ, ਨਾਲ ਲੈ ਕੇ ਤੇ ਮਹਾਰਾਜੇ ਦਾ ਸ਼ਾਹੀ ਫੁਰਮਾਨ ਲੈ ਕੇ ੧ ਅਪਰੈਲ,ਸੰਨ ੧੮੩੧



Digitized by Panjab Digital Library | www.panjabdigilib.org

ਈਸਵੀ ਨੂੰ ਸ਼ਿਮਲੇ ਪਹੁੰਚੇ । ਗਵਰਨਰ ਜਨਰਲ ਹਿੰਦ ਨੇ ਇਨ੍ਹਾਂ ਨੂੰ "ਜੀਉ ਆਇਆਂ" ਆਖਿਆ ਤੇ ਪੂਰਾ ਪੂਰਾ ਸਤਿਕਾਰ ਕੀਤਾ । ਸਰਦਾਰ ਹਰੀ ਸਿੰਘ ਨਲਵੇ ਦੇ ਬਹਾਦਰ ਜਰਨੈਲਾਂ ਨੇ ਯੂਰਪੀਨਾਂ ਨੂੰ ਆਪਣੇ ਅਲੌਕਿਕ ਕਰਤੱਵ ਦਿਖਾਕੇ ਹੈਰਾਨ ਕਰ ਦਿੱਤਾ । ਇਸ ਭਰੇ ਹੋਏ ਦਰਬਾਰ ਵਿਚ ਨਲਵੇ ਨੇ ਮਹਾਰਾਜੇ ਵਲੋਂ ਭੇਜੀਆਂ ਹੋਈਆਂ ਬਹੁਮੁੱਲੀਆਂ ਸੁਗਾਤਾਂ ਤੇ ਚਿੱਠੀ ਲਾਰਡ ਵਿਲੀਅਮ ਬੈਂਟਿੰਗ ਨੂੰ ਦਿੱਤੀ, ਜਿਸ ਨੂੰ ਦੇਖਕੇ ਉਹ ਬਹੁਤ ਖ਼ੁਸ਼ ਹੋਇਆ । ਖ਼ਾਲਸੇ ਲਈ ਉਸ ਦੇ ਮਨ ਅੰਦਰ ਬੜਾ ਪ੍ਰੇਮ ਸੀ । ਅੱਗੋਂ ਉਸ ਨੇ ਵੀ ਮਹਾਰਾਜੇ ਦੇ ਸਨਮਾਨ ਵਿਚ ਆਪਣੇ ਵਲੋਂ ਕਪਤਾਨ ਵੇਡ ਅਤੇ ਮੈਕਗ੍ਰੀਗਰ ਨੂੰ ਇਨ੍ਹਾਂ ਜਰਨੈਲਾਂ ਦੇ ਨਾਲ ਲਾਹੌਰ ਭੇਜਿਆ । ਮਹਾਰਾਜੇ ਨੇ ਉਨ੍ਹਾਂ ਦੀ ਦਿਲੋਂ ਆਉ-ਭਗਤ ਤੇ ਪ੍ਰਸ਼ੰਸਾ ਕੀਤੀ । ਉਦੋਂ ਹੀ ਮਹਾਰਾਜੇ ਨੇ ਦੋਹਾਂ ਹੁਕਮਰਾਨਾਂ ਦੀ ਮੁਲਾਕਾਤ ਲਈ ਸਰਦਾਰ ਹਰੀ ਸਿੰਘ ਨਲਵੇ ਦੀ ਸਲਾਹ ਨਾਲ ੧੯ ਅਕਤੂਬਰ ਦਾ ਦਿਨ ਤੇ ਰੋਪੜ ਦਾ ਅਸਥਾਨ ਇਸ ਕਾਰਜ ਲਈ ਯੋਗ ਸਮਝਕੇ ਉਨ੍ਹਾਂ ਕਪਤਾਨਾਂ ਹੱਥ ਲਿਖ ਭੇਜਿਆ । ਬਾਦ ਵਿਚ ਕੁਝ ਕਾਰਣ ਕਰ ਕੇ ਇਹ ਸਮਾਂ ੧੯ ਅਕਤੂਬਰ ਦੀ ਬਜਾਏ ੨੫ ਅਕਤੂਬਰ ਬਦਲ ਦਿੱਤਾ ਗਿਆ ।

ਮਹਾਰਾਜੇ ਨੇ ਦਸਹਿਰਾ ਮਨਾ ਕੇ ਰੋਪੜ ਵਿਖੇ ਪਹੁੰਚਣ ਲਈ ਆਪਣੇ ਨਾਲ ਦਸ ਹਜ਼ਾਰ ਸਵਾਰ ਅਤੇ ਛੇ ਹਜ਼ਾਰ ਪੈਦਲ ਜੁਆਨ ਸਮੇਤ ਦੋ ਤੋਪਖਾਨਿਆਂ ਦੇ ਲੈ ਜਾਣ ਲਈ ਤਿਆਰੀ ਕੀਤੀ ।੨੫ ਅਕਤੂਬਰ ਨੂੰ ਦੋਵੇਂ ਧਿਰਾਂ ਮਿਥੇ ਹੋਏ ਟਿਕਾਣੇ ਤੇ ਰੋਪੜ ਪਹੁੰਚ ਗਈਆਂ । ਪਹਿਲਾਂ ਲਾਰਡ ਵਿਲੀਅਮ ਬੈਂਟਿੰਗ ਵਲੋਂ ਮਹਾਰਾਜੇ ਦੇ ਪਹੁੰਚਣ ਤੇ ਮੇਜਰ ਜਨਰਲ ਰੈਮਜ਼ੀ ਤੇ ਗਵਰਨਰ ਜਨਰਲ ਦੇ ਚੀਫ਼ ਸਕੱਤਰ ਰਾਹੀਂ ਸਨਮਾਨ ਵਜੋਂ ਰਸਮ ਹੋਈ । ਫੇਰ ਮਹਾਰਾਜੇ ਵਲੋਂ ਸ਼ਹਿਜ਼ਾਦਾ ਖੜਗ ਸਿੰਘ, ਸਰਦਾਰ ਹਰੀ ਸਿੰਘ ਨਲੂਆ ਤੇ ਸਰਦਾਰ ਅਤਰ ਸਿੰਘ ਨੂੰ ਇਸੇ ਤਰ੍ਹਾਂ ਰਸਮ ਪੂਰੀ ਕਰਨ ਲਈ ਭੇਜਿਆ ਗਿਆ । ਇਸ ਗੱਲੋਂ ਗਵਰਨਰ ਜਨਰਲ ਬਹੁਤ ਖੁਸ਼ ਹੋਇਆ । ਅਗਲੇ ਹੀ ਦਿਨ ੨੬ ਅਕਤੂਬਰ ਨੂੰ ਸਵੇਰੇ ਅੱਠ ਸੌ ਸਵਾਰ, ਜਿਨ੍ਹਾਂ ਦੀ ਪੁਸ਼ਾਕ ਬੜੀ ਸ਼ਾਨਦਾਰ ਸੀ, ਸਤਲੁਜ ਤੋਂ ਪਾਰ ਕਤਾਰ ਬੰਨ੍ਹ ਕੇ ਖੜੋ ਗਏ । ਫੇਰ ਸ਼ੇਰਿ–ਪੰਜਾਬ ਸਣੇ ਆਪਣੇ ਦਰਬਾਰੀਆਂ ਦੇ, ਜਿਨ੍ਹਾਂ ਦੇ ਪੁਸ਼ਾਕਿਆਂ ਦੀ ਚਮਕ ਦਮਕ ਅਗੇ ਅੱਖ ਨਹੀਂ ਸੀ ਟਿਕ ਸਕਦੀ, ਹਾਥੀਆਂ ਦੇ ਇਕ ਲੰਮੇ ਜਲੂਸ ਦੀ ਸ਼ਕਲ ਵਿਚ ਗਵਰਨਰ ਜਨਰਲ ਦੇ ਕੈਂਪ ਵੱਲ ਵਧੇ । ਅਗੋਂ ਗਵਰਨਰ ਜਨਰਲ ਸਣੇ ਕਮਾਂਡਰ ਇਨ ਚੀਫ਼ ਦੇ ਤੇ ਸਕੱਤਰਾਂ ਦੇ ਮਹਾਰਾਜਾ ਸਾਹਿਬ ਦੀ ਅਗਵਾਈ ਲਈ ਆਏ । ਜਦ ਗਵਰਨਰ ਜਨਰਲ ਦਾ ਹਾਥੀ ਮਹਾਰਾਜਾ ਸਾਹਿਬ ਦੇ ਨੇੜੇ ਆਇਆ ਤਾਂ ਦੋਹਾਂ ਨੇ ਬੜੇ ਲਹਿਜ਼ੇ ਤੇ ਫੁਰਤੀ ਨਾਲ ਦਸਤਪੰਜਾ ਲੈ ਕੇ ਸੁਖ ਅਨੰਦ ਪੁਛਿਆ । ਉਸ ਤੋਂ ਬਾਅਦ ਦੋਵੇਂ ਹੀ ਹੁਕਮਰਾਨ ਬੜੀ ਸ਼ਾਨ ਨਾਲ ਸਜਾਏ ਗਏ ਪੰਡਾਲ ਵੱਲ ਹਾਥੀ ਤੋਂ ਉੱਤਰ ਕੇ ਵਧੇ, ਜਿੱਥੇ ਕਿ ਦਰਬਾਰੀਆਂ ਨੇ ਬੜੀ ਸ਼ਾਨ ਤੇ ਸ਼ਾਹੀ ਨਿਯਮਾਂ ਦੁਆਰਾ ਖੜੋ ਕੇ ਉਨ੍ਹਾਂ ਦਾ ਸਵਾਗਤ ਕੀਤਾ । ਦੋਵੇਂ ਹੁਕਮਰਾਨ ਸੁਨਹਿਰੀ ਕੁਰਸੀਆਂ ਤੇ ਸਜ ਗਏ । ਮਹਾਰਾਜਾ ਸਾਹਿਬ ਨੇ ਗਵਰਨਰ ਜਨਰਲ ਦਾ ਧੰਨਵਾਦ ਕੀਤਾ । ਅੰਗਰੇਜ਼ੀ



Digitized by Panjab Digital Library | www.panjabdigilib.org

ਫੌਜਾਂ ਵਲੋਂ ਕਈ ਪ੍ਰਕਾਰ ਦੇ ਕਰਤੱਵ ਦਿਖਾਏ ਗਏ। ਤੋਪਖਾਨੇ ਨੇ ਆਪਣੀਆਂ ਨਵੀਆਂ ਕਮਾਲਾਂ ਵਿਖਾਈਆਂ। ਇਸ ਤਰ੍ਹਾਂ ਦਰਬਾਰ ਦੀ ਕਾਰਵਾਈ ਚਲਦੀ ਰਹੀ ਜਿਸ ਵਿਚ ਮਹਾਰਾਜੇ ਨੂੰ ਅਤਿਅੰਤ ਖੁਸ਼ੀ ਪ੍ਰਾਪਤ ਹੋਈ।

ਅਗਲੇ ਹੀ ਦਿਨ ਲਾਰਡ ਵਿਲੀਅਮ ਬੈਂਟਿੰਗ ਮਹਾਰਾਜੇ ਦੇ ਦਰਬਾਰ ਵਿਚ ਬੜੀ ਸਜ ਧਜ ਨਾਲ ਗਿਆ। ਕਾਫ਼ੀ ਸਨਮਾਨ ਤੋਂ ਬਾਦ ਜਦ ਸਿੱਖ ਫ਼ੌਜਾਂ ਦੇ ਬਹਾਦਰ ਸਿਪਾਹੀਆਂ ਨੇ ਆਪੋ ਆਪਣੇ ਕਰਤੱਵਾਂ ਨਾਲ ਦੋਹਾਂ ਹੁਕਮਰਾਨਾਂ ਦੀ ਇਸ ਪ੍ਰੀਤ-ਮਿਲਣੀ ਨੂੰ ਚਾਰ ਚੰਨ ਲਾਏ, ਤਾਂ ਨਲਵੇ ਸਰਦਾਰ ਨੇ ਤਾਂ ਕਮਾਲ ਹੀ ਕਰ ਵਿਖਾਈ। ਜਦ ਉਸ ਨੇ ਆਪਣੀ ਘੋੜ ਸਵਾਰੀ, ਨੇਜ਼ਾਬਾਜ਼ੀ ਤੇ ਗੱਤਕੇ ਦੇ ਕਮਾਲ ਦਿਖਾਏ ਤਾਂ ਲਾਰਡ ਵਿਲੀਅਮ ਬੈਂਟਿੰਗ ਬਹੁਤ ਹੀ ਖ਼ੁਸ਼ ਹੋਇਆ। ਉਨ੍ਹਾਂ ਅਜੇਹੇ ਕਮਾਲ ਇਸ ਤੋਂ ਪਹਿਲਾਂ ਕਦੇ ਵੀ ਨਹੀਂ ਵੇਖੇ ਸਨ। ਫੇਰ ਖ਼ਾਲਸੇ ਦੇ ਤੋਪਖਾਨੇ ਨੇ ਆਪਣੇ ਚਮਤਕਾਰ ਦੱਸੇ ਜਿਸ ਨੂੰ ਦੇਖਕੇ ਯੂਰਪੀਨ ਲੋਕ ਬੜੇ ਹੈਰਾਨ ਰਹਿ ਗਏ। 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਗੂੰਜ ਨੇ ਅਕਾਸ਼ ਹਿਲਾ ਦਿੱਤਾ। ਇਸ ਤਰ੍ਹਾਂ ਫੇਰ ਇਕ ਦੂਜੇ ਨੂੰ ਤੁਹਫੇ ਅਤੇ ਪ੍ਰੀਤੀ ਭੋਜ ਦਿੱਤੇ ਗਏ। ਰਾਜਸੀ ਵਿਚਾਰ ਵਟਾਂਦਰਾ ਹੋਇਆ। ਕਈ ਅਹਿਦਨਾਮੇ ਖ਼ੁਸ਼ੀ ਖ਼ੁਸ਼ੀ ਮੰਨੇ ਗਏ। ਇਸ ਤੋਂ ਬਾਦ ਉਨ੍ਹਾਂ ਅਹਿਦਨਾਮਿਆਂ ਦੇ ਨਾਲ ਹੀ ਬੜੀ ਦੂਰ ਅੰਦੇਸ਼ੀ ਨੂੰ ਮੁੱਖ ਰੱਖਕੇ 'ਸਿੱਖ-ਅੰਗਰੇਜ਼' ਮਿੱਤ੍ਰਤਾ ਦਾ ਇਕਰਾਰ ਨਾਮਾ ੧ ਨਵੰਬਰ ਸੰਨ ੧੮੩੧ ਈ: ਨੂੰ ਲਿਖਕੇ ਦੋਵੇਂ ਹੁਕਮਰਾਨ ਆਪੋ ਆਪਣੇ ਇਲਾਕਿਆਂ ਨੂੰ ਵਾਪਸ ਪਰਤ ਗਏ।

## ਸ਼ਹਿਜ਼ਾਦਾ ਖੜਗ ਸਿੰਘ ਨੂੰ ਯੁਵਰਾਜ ਪਦਵੀ :

ਇਸੇ ਹੀ ਪ੍ਰੀਤ-ਮਿਲਣੀ ਸਮੇਂ ਸ਼ਹਿਜ਼ਾਦਾ ਖੜਗ ਸਿੰਘ ਨੂੰ ਮਹਾਰਾਜੇ ਤੋਂ ਬਾਦ ਖ਼ਾਲਸੇ ਦਾ ਜ ਨਸ਼ੀਨ ਠਹਿਰਾਉਣ ਲਈ ਫ਼ੈਸਲਾ ਕੀਤਾ ਗਿਆ। ਜਿੱਥੇ ਕਈਆਂ ਵਲੋਂ ਤਾਈਦ ਕੀਤੀ ਗਈ ਓਥੇ ਕੁਝ ਕੁ ਵਿਰੋਧਤਾ ਵੀ ਹੋਈ। ਸਰਦਾਰ ਹਰੀ ਸਿੰਘ ਨਲਵਾ ਉਨ੍ਹਾਂ ਵਿਚੋਂ ਇਕ ਸੀ, ਜਿਸਨੇ ਇਸ ਚੋਣ ਦੀ ਡਟ ਕੇ ਵਿਰੋਧਤਾ ਕੀਤੀ, ਕਿਉਂ ਜੋ ਇਹ ਚੋਣ ਖ਼ਾਲਸੇ ਲਈ ਭਵਿੱਖ ਵਿਚ ਹਾਨੀ ਕਾਰਕ ਸੀ। ਸਰਦਾਰ ਹਰੀ ਸਿੰਘ ਨਲਵਾ ਇਸ ਪੱਖੋਂ ਵਧੇਰੇ ਦੂਰ ਅੰਦੇਸ਼ ਸੀ। ਉਸ ਨੇ ਮਹਾਰਾਜੇ ਨੂੰ ਚਿਤਾਵਨੀ ਦਿੱਤੀ ਕਿ "ਖ਼ਾਲਸੇ ਦੀ ਵਾਗਡੋਰ ਸੰਭਾਲਣ ਲਈ ਅਜੇ ਹੋਰ ਵਧੇਰੇ ਸੋਚ ਦੀ ਲੋੜ ਹੈ।" ਪਰ ਇਸ ਗਲ ਦੀ ਪਰਵਾਹ ਨਾ ਕੀਤੀ ਗਈ ਜਿਸ ਦੇ ਨਤੀਜੇ ਦਾ ਪਤਾ ਸ਼ੇਰਿ ਪੰਜਾਬ ਤੋਂ ਪਿੱਛੋਂ ਸ਼ਹਿਜ਼ਾਦਾ ਖੜਗ ਸਿੰਘ ਦੇ ਤਖ਼ਤ ਤੇ ਬੈਠਣ ਤੇ ਥੋੜੀ ਦੇਰ ਬਾਦ ਹੀ ਲੱਗਾ ਜਦ ਕਿ ਖ਼ਾਲਸਾ ਰਾਜ ਢਹਿੰਦੀਆਂ ਕਲਾਂ ਵਲ ਜਾਣ ਲੱਗ ਪਿਆ।



Digitized by Panjab Digital Library | www.panjabdigilib.org

## ਸਰਦਾਰ ਹਰੀ ਸਿੰਘ ਨਲਵੇ ਵਲੋਂ ਸ੍ਰੀ ਪੰਜਾ ਸਾਹਿਬ ਦੀ ਸੇਵਾ :

ਸਰਦਾਰ ਹਰੀ ਸਿੰਘ ਨਲੂਏ ਦੇ ਮਨ ਅੰਦਰ ਗੁਰੂ ਘਰ ਅਤੇ ਧਾਰਮਿਕ ਅਸਥਾਨਾਂ ਲਈ ਅਤਿ ਸ਼ਰਧਾ ਸੀ। ਉਹ ਕਾਫ਼ੀ ਸਮੇਂ ਤੋਂ ਪੰਜਾ ਸਾਹਿਬ ਦੀ ਸੇਵਾ ਕਰਵਾਉਣ ਲਈ ਉਤਾਵਲਾ ਸੀ। ਪਰੰਤੂ ਇਲਾਕੇ ਵਿਚ ਗੜਬੜ ਦੇ ਸਦਕੇ ਇਹ ਪਵਿਤ੍ਰ ਸੇਵਾ ਕੁਝ ਸਮੇਂ ਤੋਂ ਮੁਲਤਵੀ ਹੁੰਦੀ ਜਾ ਰਹੀ ਸੀ। ਅੰਤ ਆਪ ਜੀ ਨੇ ਸੰਨ ੧੮੩੨ ਈਸਵੀ ਦਾ ਸਾਲ ਹੀ ਇਸ ਸੇਵਾ ਲਈ ਅਨੁਕੂਲ ਜਾਣਿਆ ਤੇ ਆਪਣੇ ਆਪ ਨੂੰ ਵਡਭਾਗਾ ਸਮਝਕੇ ਇਹ ਸੇਵਾ ਆਰੰਭ ਕਰਵਾਈ। ਹਸਨ ਅਬਦਾਲ ਦੀ ਇਸ ਜਗ੍ਹਾ ਤੇ, ਜੋ ਕਿ ਸਿੱਖ-ਇਤਿਹਾਸ ਵਿਚ ਇਕ ਖ਼ਾਸ ਮਹਾਨਤਾ ਰਖਦੀ ਹੈ, ਗੁਰੂ ਬਾਬਾ ਨਾਨਕ ਅਤੇ ਭਾਈ ਮਰਦਾਨਾ ਆਪਣੀ ਪੱਛਮ ਦੀ ਯਾਤਰਾ ਸਮੇਂ ਉਪਦੇਸ਼ ਦਿੰਦੇ ਹੋਏ ਪਹੁੰਚੇ ਸਨ। ਭਾਈ ਮਰਦਾਨੇ ਨੂੰ ਇਸ ਜਗ੍ਹਾ ਪਰ ਪਹੁੰਚ ਕੇ ਅਚਾਨਕ ਪਿਆਸ ਲੱਗੀ ਤਾਂ ਗੁਰੂ ਬਾਬੇ ਨੇ ਉਸਨੂੰ ਫ਼ਕੀਰ ਵਲੀ ਕੰਧਾਰੀ ਕੋਲ ਪਹਾੜੀ ਦੇ ਉੱਤੇ ਪਾਣੀ ਪੀਣ ਲਈ ਘੱਲਿਆ। ਪੀਰ ਵਲੀ ਕੰਧਾਰੀ ਨੂੰ ਆਪਣੀ ਤਪੱਸਿਆ ਤੇ ਬੜਾ ਮਾਣ ਸੀ। ਇਸ ਲਈ ਉਸ਼ ਨੇ ਹੰਕਾਰ ਵਿਚ ਆ ਕੇ ਮਰਦਾਨੇ ਨੂੰ ਉਥੋਂ ਪਿਆਸਾ ਹੀ ਵਾਪਸ ਮੋੜ ਦਿੱਤਾ ਤੇ ਕਿਹਾ ਕਿ ਜੇ ਤੇਰੇ ਪੀਰ ਵਿਚ ਤਾਕਤ ਹੈ ਤਾਂ ਉਹ ਪਾਣੀ ਖ਼ੁਦ ਹੀ ਮੰਗਵਾ ਲਵੇ। ਇਸ ਗਲੋਂ ਬਾਬੇ ਨੇ ਮਰਦਾਨੇ ਨੂੰ ਪੱਥਰ ਪੁੱਟਣ ਲਈ ਕਿਹਾ, ਜਿਸ ਨਾਲ ਪਾਣੀ ਦਾ ਚਸਮਾਂ ਫੁੱਟ ਪਿਆ ਤੇ ਮਰਦਾਨੇ ਨੇ ਆਪਣੀ ਪਿਆਸ ਬੁਝਾ ਲਈ। ਫ਼ਕੀਰ ਵਲੀ ਕੰਧਾਰੀ ਨੇ ਇਹ ਵੇਖਕੇ ਆਪਣੇ ਬਲ ਨਾਲ ਪਹਾੜ ਦਾ ਇਕ ਟੁਕੜਾ ਗੁਰੂ ਬਾਬੇ ਵੱਲ ਸੁੱਟਿਆ। ਅਗੋਂ ਗੁਰੂ ਬਾਬੇ ਨੇ ਆਪਣੇ ਪੰਜੇ ਨਾਲ ਉਸ ਟੁਕੜੇ ਨੂੰ ਰੋਕ ਲਿਆ। ਇਸ ਕਾਰਣ ਉਸ ਪੱਥਰ ਵਿਚ ਬਾਬੇ ਦਾ ਪੰਜਾ ਸਦਾ ਲਈ ਉਕਰਿਆ ਗਿਆ। ਉਸੇ ਦਿਨ ਤੋਂ ਇਸ ਜਗ੍ਹਾ ਦਾ ਨਾਂ ਪੰਜਾ ਸਾਹਿਬ ਕਰ ਕੇ ਪ੍ਰਸਿੱਧ ਹੋ ਗਿਆ। ਸਰਦਾਰ ਹਰੀ ਸਿੰਘ ਨਲਵੇ ਨੇ ਉਸ ਪਵਿਤ੍ਰ ਗੁਰਦਵਾਰੇ ਦੀ ਸੇਵਾ ਬੜੀ ਦਿਲੀ ਭਾਵਨਾ ਨਾਲ ਕਰਵਾਈ। ਗੁਰਦਵਾਰੇ ਦੀ ਕਾਰਸੇਵਾ ਮੁਕੰਮਲ ਹੋਣ ਤੇ, ਜਿਥੇ ਕਿ ਪਾਣੀ ਦਾ ਚਸ਼ਮਾ ਨਿਕਲਦਾ ਹੈ, ਓਥੇ ਇਕ ਸੁੰਦਰ ਸਰੋਵਰ ਵੀ ਬਣਵਾਇਆ, ਜਿਸ ਦੀਆਂ ਪੌੜੀਆਂ ਸੰਗ ਮਰਮਰ ਦੀਆਂ ਲਗਵਾਈਆਂ ਗਈਆਂ। ਇਸ ਤੋਂ ਬਿਨਾਂ ਗੁਰਦਵਾਰੇ ਦੇ ਨਾਂ ਤੇ ਪੱਕੀ ਜਾਗੀਰ ਵੀ ਲਗਵਾ ਦਿੱਤੀ ਤਾਂ ਕਿ ਗੁਰਦਵਾਰੇ ਦੀ ਰਖਵਾਲੀ ਹਮੇਸ਼ਾਂ ਠੀਕ ਢੰਗ ਨਾਲ ਹੁੰਦੀ ਰਹੇ। ਲੰਗਰ ਦੀ ਸੇਵਾ ਲਈ ਬਰਤਨ ਆਦਿ ਅਤੇ ਯਾਤਰੂਆਂ ਦੇ ਆਰਾਮ ਲਈ ਮੰਜੇ ਅਤੇ ਬਿਸਤਰਿਆਂ ਦਾ ਉਚਿਤ ਪ੍ਰਬੰਧ ਕਰਵਾ ਦਿੱਤਾ ਗਿਆ। ਗੁਰੂ ਘਰ ਦੇ ਨਿਤਨੇਮੀ ਸੇਵਕਾਂ ਨੂੰ ਇਸ ਸਥਾਨ ਦੇ ਪ੍ਰਬੰਧ ਲਈ ਮੁਕਰਰ ਕੀਤਾ। ਦਿਨੋ ਦਿਨ ਇਸ ਗੁਰਦਵਾਰੇ ਵਿਚ ਕਥਾ ਕੀਰਤਨ ਹੋਣ ਨਾਲ ਸੰਗਤਾਂ ਵਧ ਚੜ੍ਹ ਕੇ ਪੁੱਜਣ ਲੱਗ ਪਈਆਂ।



Digitized by Panjab Digital Library | www.panjabdigilib.org

## ਗੱਖੜ ਕੌਮ ਤੇ ਹਰੀ ਸਿੰਘ ਨਲੂਆ :

ਪੁਰਾਤਨ ਸਮੇਂ ਤੋਂ ਗੱਖੜ ਕੌਮ ਇਤਿਹਾਸ ਵਿਚ ਬੜੀ ਲੜਾਕੀ ਤੇ ਬਹਾਦਰ ਗਿਣੀ ਜਾਂਦੀ ਹੈ। ਗੱਖੜਾਂ ਨੇ ਸੱਯਦ ਅਹਿਮਦ ਦੀ ਸ਼ੋਰਸ਼ ਸਮੇਂ ਬਾਲਾਕੋਟ ਦੀ ਲੜਾਈ ਵਿਚ ਉਸ ਦਾ ਪੂਰੀ ਤਰਾਂ ਸਾਥ ਦਿੱਤਾ ਸੀ, ਇਸ ਲਈ ਹੁਣ ਸਰਦਾਰ ਹਰੀ ਸਿੰਘ ਨਲਵੇ ਨੇ ਹੋਰ ਪਾਸਿਓਂ ਨਿਪਟਕੇ ਇਸ ਪਾਸੇ ਵਲ ਧਿਆਨ ਦਿੱਤਾ। ਮਾਲੀਏ ਆਦਿ ਦੀ ਅਨਗਹਿਲੀ ਉਹ ਲੋਕ ਆਮ ਤੌਰ ਤੇ ਹਮੇਸ਼ਾਂ ਕਰੀ ਰਖਦੇ ਸਨ। ਇਸ ਲਈ ਸਰਦਾਰ ਹਰੀ ਸਿੰਘ ਨੇ ਸੰਨ ੧੮੩੩ ਵਿਚ ਉਨ੍ਹਾਂ ਨੂੰ ਸੁਧਾਰਨ ਦੀ ਤਜਵੀਜ਼ ਬਣਾਈ ਤੇ ਸਰਦਾਰ ਹੋਰਾਂ ਬਿਨਾਂ ਜੰਗ ਤੋਂ ਹੀ ਉਨ੍ਹਾਂ ਲੋਕਾਂ ਨੂੰ ਸਜ਼ਾਵਾਂ ਤੇ ਦੇਸ ਨਿਕਾਲੇ ਦੇ ਕੇ ਸੁਧਾਰਨ ਦਾ ਜਤਨ ਕੀਤਾ। ਇਸ ਤਰ੍ਹਾਂ ਬਾਗੀਆਂ ਨੂੰ ਖਿੰਡਾਉਣ ਦਾ ਢੰਗ ਬਹੁਤ ਲਾਭਦਾਇਕ ਸਿੱਧ ਹੋਇਆ। ਖਾਨਪੁਰ ਜੋ ਉਨ੍ਹਾਂ ਲੋਕਾਂ ਦਾ ਗੜ੍ਹ ਸੀ, ਉਥੇ ਖ਼ਾਲਸੇ ਨੇ ਇਕ ਮਜਬੂਤ ਕਿਲਾ ਬਣਵਾ ਕੇ ਫੌਜ ਰੱਖ ਦਿੱਤੀ। ਇਉਂ ਦੇਸ਼ ਨਿਕਾਲਾ ਦਿੱਤੇ ਹੋਏ ਲੋਕ ਤਰਸ ਤਰਸ ਕੇ ਆਪਣੇ ਕੀਤੇ ਤੇ ਪਛਤਾਉਣ ਲੱਗੇ। ਉਨ੍ਹਾਂ ਵਿਚੋਂ ਬਹੁਤ ਸਾਰੇ ਛੇਤੀ ਹੀ ਵਾਪਸ ਆ ਕੇ ਸਰਦਾਰ ਹੋਰਾਂ ਦੇ ਚਰਨੀਂ ਢਹਿ ਪਏ। ਸਰਦਾਰ ਹੋਰਾਂ ਆਪਣੇ ਖੁਲ੍ਹੇ ਡੁਲ੍ਹੇ ਸੁਭਾਅ ਅਨੁਸਾਰ ਉਨ੍ਹਾਂ ਦੇ ਕਸੂਰ ਮੁਆਫ਼ ਕਰ ਦਿੱਤੇ ਤੇ ਅੱਗੇ ਨੂੰ ਅਮਨ ਨਾਲ ਰਹਿਣ ਲਈ ਪ੍ਰਣ ਕਰਵਾ ਲਏ। ਇਸ ਇਲਾਕੇ ਵਿਚੋਂ ਸਰਦਾਰ ਪੈਂਦਾ ਖਾਨ ਤਨਾਵਲੀ ਖ਼ਾਲਸੇ ਦਾ ਬਹੁਤ ਵਫ਼ਾਦਾਰ ਸਿੱਧ ਹੋਇਆ। ਉਸ ਨੇ ਨਲਵੇ ਦੀ ਇਸ ਮੁਹਿੰਮ ਲਈ ਦਿਲੋਂ ਮਦਦ ਕੀਤੀ ਸੀ। ਇਸ ਲਈ ਖ਼ਾਲਸੇ ਦੇ ਮਨ ਅੰਦਰ ਇਸ ਤਨਾਵਲੀ ਲਈ ਬਹੁਤ ਸਤਿਕਾਰ ਸੀ। ਇਸ ਵਫ਼ਾਦਾਰੀ ਦੇ ਸਦਕੇ ਖ਼ਾਲਸੇ ਨੇ ਤਨਾਵਲ ਦਾ ਬਹੁਤ ਵਡਾ ਇਲਾਕਾ ਸਰਦਾਰ ਪੈਂਦਾ ਖ਼ਾਨ ਨੂੰ ਜਗੀਰ ਵਜੋਂ ਦੇ ਦਿੱਤਾ, ਜੋ ਬਾਅਦ ਵਿਚ ਅੰਬ ਦਰ ਬੰਦ ਦੀ ਰਿਆਸਤ ਕਰਕੇ ਪ੍ਰਸਿੱਧ ਹੋਈ। ਇਸ ਤਰ੍ਹਾਂ ਇਲਾਕਾ ਹਜ਼ਾਰਾ ਵਿਚ ਛੇਤੀ ਹੀ ਵਧੇਰੇ ਪੱਕਾ ਰਾਜ ਪ੍ਰਬੰਧ ਕਾਇਮ ਹੋ ਗਿਆ।

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਜਲਦੀ ਹੀ ਸਰਦਾਰ ਹਰੀ ਸਿੰਘ ਨੂੰ ਅਗਲਾ ਨਵਾਂ ਪਰੋਗਰਾਮ ਉਲੀਕਣ ਲਈ ਕੁਝ ਦਿਨਾਂ ਵਾਸਤੇ ਲਾਹੌਰ ਬੁਲਾਇਆ। ਉਥੇ ਪੁਜਦਿਆਂ ਹੀ ਮਹਾਰਾਜੇ ਨੇ ਨਲਵੇ ਦੀ ਉਨ੍ਹਾਂ ਕਾਮਯਾਬੀਆਂ ਤੇ ਦੂਰ ਅੰਦੇਸ਼ੀ ਦੀਆਂ ਤਜਵੀਜਾਂ ਦੀ ਬਹੁਤ ਸ਼ਲਾਘਾ ਕੀਤੀ ਜੋ ਉਸ ਨੇ ਤਨਾਵਲੀ ਲੋਕਾਂ ਨੂੰ ਖ਼ਿਲਾਰਨ ਅਤੇ ਕਮਜ਼ੋਰ ਕਰਨ ਲਈ ਵਰਤੀਆਂ ਸਨ। ਬਾਅਦ ਵਿਚ ਸ਼ੇਰਿ ਪੰਜਾਬ ਨੇ ਆਪਣੇ ਬਹਾਦਰ ਅਤੇ ਭਰੋਸੇ ਯੋਗ ਜਰਨੈਲਾਂ ਦੀ ਇਕ ਸਭਾ ਬੁਲਾਈ ਜਿਸ ਵਿਚ ਖ਼ਾਲਸੇ ਵਲੋਂ ਕਬਜ਼ੇ ਵਿਚ ਕੀਤੇ ਗਏ ਇਲਾਕਿਆਂ ਅਤੇ ਉਥੋਂ ਦੇ ਪ੍ਰਬੰਧ ਬਾਰੇ ਵਿਚਾਰ-ਵਟਾਂਦਰੇ ਤੋਂ ਬਾਅਦ ਉਨ੍ਹਾਂ ਨਵਿਆਂ



Digitized by Panjab Digital Library | www.panjabdigilib.org

ਇਲਾਕਿਆਂ ਉਤੇ ਹਮਲੇ ਲਈ ਵਿਚਾਰ ਕੀਤੀ ਜੋ ਖਾਲਸਾ ਰਾਜ ਤੋਂ ਅਜੇ ਬਾਹਰ ਸਨ ਅਤੇ ਜਿਨ੍ਹਾਂ ਨੂੰ ਜਿੱਤ ਕੇ ਖ਼ਾਲਸੇ ਨੇ ਅਜੇ ਆਪਣੇ ਰਾਜ ਵਿਚ ਸ਼ਾਮਲ ਕਰਨਾ ਸੀ । ਇਹ ਇਲਾਕੇ, ਜਿਨ੍ਹਾਂ ਵਿਚ ਅਟਕ ਤੋਂ ਪਾਰ ਦਾ ਇਲਾਕਾ ਪਿਸ਼ਾਵਰ ਤੇ ਜਲਾਲਾਬਾਦ ਵੀ ਸ਼ਾਮਲ ਸਨ, ਜਿੱਤ ਕੇ ਖ਼ਾਲਸਾ-ਰਾਜ ਨਾਲ ਮਿਲਾਉਣ ਬਾਰੇ ਆਦਿ ਤੋਂ ਅੰਤ ਤੀਕ ਦੀਆਂ ਸਾਰੀਆਂ ਹੀ ਵਿਉਂਤਾਂ ਬਾਰੇ ਕਾਫ਼ੀ ਕੁਝ ਸੋਚਿਆ ਗਿਆ, ਕਿਉਂਕਿ ਜਦ ਮਹਾਰਾਜਾ ਲਾਰਡ ਵਿਲੀਅਮ ਬੈਂਟਿੰਗ ਨੂੰ ਮਿਲਿਆ ਸੀ ਤਾਂ ਇਸ ਮਿਲਣੀ ਦਾ ਅਸਰ ਉਨ੍ਹਾਂ ਲੋਕਾਂ ਤੇ ਬਹੁਤ ਹੋਇਆ, ਜੋ ਖ਼ਾਲਸੇ ਨੂੰ ਹਮੇਸ਼ਾਂ ਸ਼ੱਕ ਦੀ ਨਿਗਾਹ ਨਾਲ ਦੇਖਦੇ ਸਨ । ਸੋ ਸਾਰੇ ਹੀ ਜਰਨੈਲਾਂ ਵਲੋਂ ਸਰਬ ਸੰਮਤੀ ਨਾਲ ਇਹ ਫ਼ੈਸਲਾ ਹੋਇਆ ਕਿ ਜਲਦੀ ਹੀ ਇਸ ਨਵੇਂ ਇਲਾਕੇ ਤੇ ਚੜ੍ਹਾਈ ਕੀਤੀ ਜਾਵੇ । ਖ਼ਾਲਸੇ ਵਲੋਂ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਇਹ ਇਕਤ੍ਰਤਾ ਸਮਾਪਤ ਹੋਈ ਤੇ ਮਹਾਰਾਜੇ ਨੇ ਇਸ ਦੇ ਨਾਲ ਹੀ ਖ਼ਾਲਸੇ ਨੂੰ ਫ਼ੌਜੀ ਤਿਆਰੀਆਂ ਦਾ ਹੁਕਮ ਜਾਰੀ ਕਰ ਦਿਤਾ ।

## ਪਿਸ਼ਾਵਰ ਦੀ ਜਿੱਤ :

ਪਿਸ਼ਾਵਰ ਦੀ ਜਿੱਤ ਹਰੀ ਸਿੰਘ ਨਲਵੇ ਦੇ ਜੀਵਨ ਦੀ ਇਕ ਪ੍ਰਸਿੱਧ ਘਟਨਾ ਹੈ । ਖ਼ਾਲਸਾ ਰਾਜ ਭਾਵੇਂ ਕਾਫ਼ੀ ਲੰਮਾਂ ਚੌੜਾ ਰਾਜ ਸੀ ਤੇ ਇਸਦੀਆਂ ਹੱਦਾਂ ਭਾਵੇਂ ਦੂਰ ਦੂਰ ਤਕ ਪਸਰੀਆਂ ਹੋਈਆਂ ਸਨ, ਪਰ ਫੇਰ ਵੀ ਕੁਝ ਇਲਾਕੇ ਅਜੇ ਅਧੀਨ ਕਰਨੇ ਬਾਕੀ ਸਨ । ਉਹ ਸਨ ਪਿਸ਼ਾਵਰ ਅਤੇ ਜਲਾਲਾਬਾਦ ਦੇ ਇਲਾਕੇ, ਜਿਨ੍ਹਾਂ ਬਾਰੇ ਮਹਾਰਾਜੇ ਤੇ ਸਰਦਾਰ ਹਰੀ ਸਿੰਘ ਨਲਵੇ ਨੇ ਬੜੀ ਲੰਮੀ ਚੌੜੀ ਤਜਵੀਜ਼ ਬਣਾ ਲਈ ਸੀ, ਜਿਸ ਦੇ ਅਨੁਸਾਰ ਉਹੋ ਹੀ ਪੰਜਾਬ ਦੀਆਂ ਪੁਰਾਣੀਆਂ ਚੰਦ੍ਰਗੁਪਤ ਵੇਲੇ ਦੀਆਂ ਹੱਦਾਂ ਮੁਕਰਰ ਕਰਨ ਦਾ ਫ਼ੈਸਲਾ ਹੋਇਆ, ਜੋ ਕਿ ਨਲਵੇ ਦੇ ਸਮੇਂ ਤੋਂ ਪਹਿਲਾਂ ਮੌਤ ਨੇ ਕਿਸੇ ਤਰ੍ਹਾਂ ਪੂਰਾ ਨਾ ਹੋਣ ਦਿੱਤਾ । ਇਸ ਲਈ ਸਭ ਤੋਂ ਪਹਿਲਾਂ ਖ਼ਾਲਸੇ ਨੇ ਪਿਸ਼ਾਵਰ ਦੀ ਪੁਰਾਤਨ ਤੇ ਇਤਿਹਾਸਕ ਧਰਤੀ ਤੇ ਕਬਜ਼ਾ ਕਰਨ ਲਈ ਤਿਆਰੀਆਂ ਅਰੰਭ ਦਿੱਤੀਆਂ ।

ਪਿਸ਼ਾਵਰ ਦੀ ਮਹਾਨਤਾ ਪ੍ਰਾਚੀਨ ਕਾਲ ਤੋਂ ਇਤਿਹਾਸ ਦੇ ਪੰਨੇ ਪੰਨੇ ਤੇ ਚਿਤ੍ਰੀ ਪਈ ਹੈ । ਇਹ ਉਹ ਧਰਤੀ ਹੈ ਜਿਥੇ ਸੰਸਾਰ ਭਰ ਦੇ ਮਹਾਨ ਪ੍ਰਤਾਪੀ ਤੇ ਸ਼ਹਿਨਸ਼ਾਹਾਂ ਨੇ ਆਪਣੇ ਚਰਨ ਪਾਏ । ਚੰਦ੍ਰਗੁਪਤ ਮੌਰਯ ਨੇ ਇਸ ਇਲਾਕੇ ਨੂੰ ਸਭ ਤੋਂ ਪਹਿਲਾਂ ਸਰਹੱਦ ਦਾ ਨਾਂ ਦਿਤਾ । ਫੇਰ ਬਿੰਦੂਸਾਰ ਤੇ ਉਸ ਦਾ ਪੁਤਰ ਅਸ਼ੋਕ,ਜੋ ਕਿ ਮਹਾਰਾਜਾ ਅਸ਼ੋਕ ਦੇ ਨਾਂ ਨਾਲ ਪ੍ਰਸਿੱਧ ਸੀ ਤੇ ਜਿਸਨੇ ਆਪਣੇ ਮਹਾਨ ਕਾਰਨਾਮੇ ਲੋਕਾਂ ਨੂੰ ਦਿਤੇ । ਉਸ ਧਰਮੀ ਮਹਾਰਾਜੇ ਨੇ ਬਹੁਤ ਸਾਰੀਆਂ ਯਾਦਗਾਰਾਂ,ਜੋ ਕਿ ਧਾਰਮਿਕ ਅਤੇ ਇਤਿਹਾਸਕ ਹਨ,ਬਣਵਾਈਆਂ,ਜਿਨ੍ਹਾਂ ਵਿਚੋਂ ਵਧੇਰੇ ਪਿਸ਼ਾਵਰ ਵਿਚ ਹੀ ਬਣਵਾਈਆਂ ਗਈਆਂ । ਆਪ ਬੁੱਧ ਮੱਤ ਦੇ ਅਨੁਆਈ ਸਨ । ਇਸ ਲਈ ਉਨ੍ਹਾਂ ਦੇ ਸ਼ਿਲਾ-ਲੇਖ ਇਸ ਇਲਾਕੇ ਵਿਚ ਕਾਫ਼ੀ ਪਾਏ ਜਾਂਦੇ ਸਨ । ਇਥੋਂ ਦੇ ਲੋਕ ਬੁੱਧ ਮੱਤ ਦੇ ਚੰਗੇ ਸ਼ਰਧਾਲੂ ਬਣ ਗਏ । ਮਹਾਰਾਜਾ ਅਸ਼ੋਕ ਤੋਂ ਮਗਰੋਂ ਕਨਿਸ਼ਕ



Digitized by Panjab Digital Library | www.panjabdigilib.org

ਆਇਆ; ਜਿਸ ਨੇ ਆਪਣੀ ਰਾਜਧਾਨੀ ਹੀ ਪੁਰ ਪੁਰਸ਼ (ਪਿਸ਼ਾਵਰ) ਨੂੰ ਬਣਾਇਆ। ਇਸ ਤਰ੍ਹਾਂ ਇਸ ਇਲਾਕੇ ਦੀ ਕਾਫ਼ੀ ਪ੍ਰਸਿੱਧੀ ਹੋ ਗਈ।

ਪਿਸ਼ਾਵਰ ਬੁੱਧ-ਮੱਤ ਦਾ ਗੜ੍ਹ ਬਣ ਗਿਆ ਸੀ, ਜਿਸ ਕਰ ਕੇ ਇਸ ਅਸਥਾਨ ਤੇ ਸੰਨ ੪੦੫ ਈਸਵੀ ਨੂੰ ਚੀਨ ਦਾ ਪ੍ਰਸਿੱਧ ਬੋਧੀ ਯਾਤਰੂ ਫਾਹੀਆਨ ਆਇਆ। ਇਸੇ ਤਰ੍ਹਾਂ ਸੰਨ ੬੩੦ ਈਸਵੀ ਵਿਚ ਪ੍ਰਸਿਧ ਯਾਤਰੂ ਹੀਊਨ ਸਾਂਗ ਵੀ ਪੁਜਿਆ। ਫੇਰ ਸਮੇਂ ਸਮੇਂ ਅਨੁਸਾਰ ਇਸ ਇਲਾਕੇ ਦੇ ਨਾਵਾਂ ਵਿਚ ਕੁਝ ਤਬਦੀਲੀ ਆਈ। ਇਉਂ ਇਤਿਹਾਸ ਨੇ ਇਸ ਧਰਤੀ ਤੇ ਕਈ ਵਾਰ ਮੋੜ ਖਾਧੇ। ਵੱਖੋ ਵੱਖ ਹੁਕਮਰਾਨਾਂ ਨੇ ਇਸ ਨੂੰ ਆਪਣੀ ਮਹੱਤਤਾ ਦਾ ਚਿੰਨ੍ਹ ਬਣਾਇਆ। ਸੰਨ ੧੫੯੫ ਈਸਵੀ ਦਾ ਜ਼ਿਕਰ ਹੈ ਕਿ ਅਕਬਰ ਬਾਦਸ਼ਾਹ ਜਦ ਕਸ਼ਮੀਰ ਤੋਂ ਪਰਤਦਾ ਹੋਇਆ ਇਧਰ ਆਇਆ ਤਾਂ ਉਹ ਘਣੇ ਇਲਾਕਿਆਂ ਤੇ ਜੰਗਲਾਂ ਵਿਚੋਂ ਦੀ ਹੁੰਦਾ ਹੋਇਆ ਇਸ ਰਮਣੀਕ ਸ਼ਹਿਰ ਵਿਚ ਪਹੁੰਚਿਆ। ਉਸ ਨੇ ਇਸ ਸ਼ਹਿਰ ਨੂੰ 'ਪੇਸ਼ਆਵਰ' ਕਿਹਾ, ਜਿਸ ਦੇ ਅਰਥ ਸਨ ਸਰਹੱਦ ਤੇ ਪਹੁੰਚਦਿਆਂ ਸਾਹਮਣੇ ਆਉਣ ਵਾਲਾ ਸ਼ਹਿਰ। ਅਸਲ ਵਿਚ ਪਿਸ਼ਾਵਰ ਦਾ ਇਹ ਸ਼ਹਿਰ ਰਾਜਾ ਪੋਰਸ ਨੇ ਅੱਜ ਤੋਂ ਤਿੰਨ ਹਜ਼ਾਰ ਵਰ੍ਹੇ ਪਹਿਲਾਂ 'ਪੁਰਸ ਪੁਰ' ਨਾਮ ਤੇ ਵਸਾਇਆ ਸੀ। ਪਿਛੋਂ ਵੱਖ ਵੱਖ ਸਮਿਆਂ ਦੇ ਅਨੁਸਾਰ ਇਸ ਦੇ ਨਾਂਵਾਂ ਵਿਚ ਤਬਦੀਲੀ ਆਉਂਦੀ ਰਹੀ :—

( ) ਪੁਰਸ ਪੁਰ (ਰਾਜਾ ਪੋਰਸ ਦੇ ਸਮੇਂ),
(੨) ਪੁਰਸ਼ੂ ਪੁਰਾ (ਮਹਾਰਾਜਾ ਅਸ਼ੋਕ ਦੇ ਸਮੇਂ),
(੩) ਪੁਰਸ ਪੁਰ (ਮਹਾਰਾਜਾ ਕਨਿਸ਼ਕ ਦੇ ਸਮੇਂ),
(੪) ਪਾਰਾਸਾਵਾਰਾ (ਫਾਹਿਆਨ ਦੇ ਸਮੇਂ),
(੫) ਪੋ-ਲੇ-ਸ਼ਹਾ-ਪੋ-ਲੋ (ਹੀਊਨ ਸਾਂਗ ਦੇ ਸਮੇਂ),
(੬) ਪਾਰਸ ਪੁਰ (ਪੁਟਾਲਨੀ ਦੇ ਸਮੇਂ),
(੭) ਪੁਰਸਾਵਰ (ਅਬੂ ਰਿਹਾਨ ਦੇ ਸਮੇਂ).
(੮) ਪਰਸ਼ਾਵਾਰ (ਮਸੂਦੀ ਦੇ ਸਮੇਂ),
(੯) ਪੇਸ਼ਆਵਰ (ਅਕਬਰ ਬਾਦਸ਼ਾਹ ਦੇ ਸਮੇਂ),
(੧੦) ਪੁਰਸ਼ੋਰ (ਅਖੂੰਨ ਦਰਵੇਜ਼ਾ ਦੇ ਸਮੇਂ),
(੧੧) ਪੇਖਾਵਰ (ਖ਼ੁਸ਼ਹਾਲ ਖ਼ਾਨ ਖਟਕ ਦੇ ਸਮੇਂ),
(੧੨) ਪਸ਼ੌਰ (ਮਹਾਰਾਜਾ ਰਣਜੀਤ ਸਿੰਘ ਦੇ ਸਮੇਂ),
(੧੩) ਪਿਸ਼ਾਵਰ (ਮੌਜੂਦਾ ਸਮੇਂ)।

ਖ਼ਾਲਸੇ ਦੀਆਂ ਸਾਰੀਆਂ ਫ਼ੌਜਾਂ ਇਉਂ ਮਾਰੋ ਮਾਰ ਕਰਦੀਆਂ ਮਹਾਰਾਜੇ ਦੇ ਹੁਕਮ ਅਨੁਸਾਰ ਅਟਕ ਵੱਲ ਨੂੰ ਹੋ ਤੁਰੀਆਂ। ਉਧਰ ਸਰਦਾਰ ਹਰੀ ਸਿੰਘ ਨਲੂਆ ਗੁੱਜਰਾਂਵਾਲੇ ਹੁੰਦਾ ਹੋਇਆ, ਹਜ਼ਾਰੇ ਦੇ ਇਲਾਕੇ ਵਿਚ ਜਾ ਪਹੁੰਚਿਆ। ਆਪਣੀ ਫ਼ੌਜ ਨੂੰ ਨਾਲ ਲੈ ਕੇ



Digitized by Panjab Digital Library | www.panjabdigilib.org

ਉਹ ਵੀ ਅਟਕ ਨੂੰ ਜਾਣ ਲਈ ਤਿਆਰ ਹੋ ਗਿਆ ਤਾਂ ਮਹਾਰਾਜਾ ਰਣਜੀਤ ਸਿੰਘ ਵਲੋਂ ਆਪ ਨੂੰ ਇਕ ਹੁਕਮਨਾਮਾ ਪੁੱਜਾ, ਜਿਸ ਵਿਚ ਲਿਖਿਆ ਸੀ :

"ਪਿਸ਼ਾਵਰ ਦੀ ਇਸ ਲੜਾਈ ਲਈ ਸਾਰੀਆਂ ਸਿੱਖ ਫ਼ੌਜਾਂ ਦਰਿਆ ਅਟਕ ਵੱਲ ਚਲ ਪਈਆਂ ਹਨ। ਆਪ ਨੂੰ ਇਸ ਸਾਰੀ ਫ਼ੌਜ ਦਾ ਸਿਪਾਹ ਸਾਲਾਰ (ਕਮਾਂਡਰ ਇਨ ਚੀਫ਼) ਜਾਂ ਸੈਨਾਪਤੀ ਮੁਕੱਰਰ ਕੀਤਾ ਜਾਂਦਾ ਹੈ। ਇਸ ਜੰਗ ਵਿਚ ਆਪਣੇ ਹੋਣਹਾਰ ਵਿਦਿਆਰਥੀ ਕੰਵਰ ਨੌਂ ਨਿਹਾਲ ਸਿੰਘ ਨੂੰ ਵੀ ਨਾਲ ਹੀ ਰੱਖਣਾ, ਤਾ ਕਿ ਉਹ ਆਪ ਤੋਂ ਕੁਝ ਸਿੱਖ ਸਕੇ। ਉਹ ਵੀ ਖ਼ਾਲਸਾ ਫ਼ੌਜਾਂ ਦੇ ਨਾਲ ਅਟਕ ਵੱਲ ਪੁੱਜ ਰਿਹਾ ਹੈ। ਹਜ਼ਾਰੇ ਦਾ ਕੰਮ ਆਪਣੇ ਨਾਇਬ ਨੂੰ ਸੰਭਾਲ ਦੇਣਾ। ਹੁਣ ਸਮੂਹ ਖ਼ਾਲਸਾ ਫ਼ੌਜ ਦੀ ਵਾਗ ਡੋਰ ਆਪ ਦੇ ਹੱਥ ਹੈ।"

ਸਰਦਾਰ ਹਰੀ ਸਿੰਘ ਨਲਵੇ ਨੇ ੨੦ ਅਪਰੈਲ ਸੰਨ ੧੮੩੪ ਈਸਵੀ ਨੂੰ ਹਜ਼ਾਰੇ ਦਾ ਸਾਰਾ ਕੰਮ-ਕਾਜ ਸਰਦਾਰ ਮਹਾਂ ਸਿੰਘ ਨੂੰ ਸੌਂਪ ਦਿੱਤਾ ਤੇ ਆਪ ਅਟਕ ਵੱਲ ਨੂੰ ਚਾਲੇ ਪਾ ਦਿੱਤੇ। ਉਥੇ ਪਹੁੰਚ ਕੇ ਨਲਵੇ ਸਰਦਾਰ ਨੇ ਸਾਰੀ ਹੀ ਖ਼ਾਲਸਾ ਫ਼ੌਜ ਨੂੰ ਆਪਣੀ ਸੌਂਪਣੀ ਵਿਚ ਲਿਆ। ਸਾਰੇ ਹੀ ਲੋੜੀਂਦੇ ਪ੍ਰਬੰਧ ਪਹਿਲਾਂ ਕਰ ਲਏ ਗਏ। ਬੇੜੀਆਂ ਦਾ ਇਕ ਚੰਗਾ ਪੁਲ ਬਣਾਇਆ ਗਿਆ ਤਾ ਕਿ ਦਰਿਆ ਆਸਾਨੀ ਨਾਲ ਪਾਰ ਹੋ ਸਕੇ। ੨੬ ਅਪਰੈਲ ਨੂੰ ਕੰਵਰ ਨੌਂ ਨਿਹਾਲ ਸਿੰਘ ਵੀ ਸਮੇਤ ਖ਼ਾਲਸਾ ਫ਼ੌਜਾਂ ਦੇ ਉਥੇ ਪਹੁੰਚ ਗਿਆ। ਸਰਦਾਰ ਹਰੀ ਸਿੰਘ ਨੇ ਕੰਵਰ ਦੀ ਸਤਿਕਾਰ ਨਾਲ ਅਗਵਾਈ ਕੀਤੀ। ਅਗਲੇ ਹੀ ਦਿਨ ਖ਼ਾਲਸਾ ਫ਼ੌਜਾਂ ਨੇ ਦਰਿਆ ਅਟਕ ਨੂੰ ਪਾਰ ਕਰ ਲਿਆ। ਖ਼ਾਲਸੇ ਦੀ ਇਸ ਚੜ੍ਹਾਈ ਨੇ ਤੇ ਨਗਾਰਿਆਂ ਦੀ ਗੂੰਜ ਨੇ ਪਿਸ਼ਾਵਰ ਦੇ ਬਾਰਕ-ਜ਼ਈਆਂ ਨੂੰ ਸੁਚੇਤ ਕਰ ਦਿੱਤਾ, ਜਿਨ੍ਹਾਂ ਇਸ ਬਲਾ ਨੂੰ ਟਾਲਣ ਲਈ ਸ਼ਹਿਰ ਦੇ ਸਾਰੇ ਹੀ ਦਰਵਾਜ਼ੇ ਬੰਦ ਕਰ ਲਏ ਤਾ ਕਿ ਖ਼ਾਲਸਾ ਇਕ ਦਮ ਉਨ੍ਹਾਂ ਤੇ ਕਾਬੂ ਨਾ ਪਾ ਸਕੇ ਤੇ ਉਹ ਲੱਗੇ ਅੰਦਰੇ ਅੰਦਰ ਤਜਵੀਜ਼ਾਂ ਸੋਚਣ।

ਬਾਰਕਜ਼ਈ ਸਰਦਾਰਾਂ ਨੇ ਵੀ ਆਪਣੇ ਪਾਸ ਕਾਫ਼ੀ ਫ਼ੌਜ ਤੇ ਲਸ਼ਕਰ ਰੱਖਿਆ ਹੋਇਆ ਸੀ, ਜਿਸ ਦੇ ਵਿਚ ਬਹੁ-ਗਿਣਤੀ ਸਵਾਰਾਂ ਦੀ ਸੀ। ਉਧਰ ਖ਼ਾਲਸਾ ਫ਼ੌਜ ਚਮਕਣੀ ਦੇ ਅਸਥਾਨ ਤੇ ਪਹੁੰਚ ਗਈ ਸੀ। ਉਨ੍ਹਾਂ ਇਸ ਸ਼ਹਿਰ ਨੂੰ ਬੜੀ ਸੋਚ ਸਮਝ ਦੇ ਨਾਲ ਆਪਣੇ ਕਬਜ਼ੇ ਵਿਚ ਕੀਤਾ ਕਿਉਂਕਿ ਮਹਾਰਾਜੇ ਦਾ ਇਹ ਹੁਕਮ ਸੀ ਕਿ ਚਮਕਨੀ ਦੀ ਪ੍ਰਸਿੱਧ ਲਾਇਬਰੇਰੀ ਬਚਾਈ ਜਾਵੇ ਜੋ ਕਿ ਬਹੁਤ ਪੁਰਾਣੀ ਲਾਇਬਰੇਰੀ ਹੈ। ਇਸ ਸ਼ਹਿਰ ਨੂੰ ਕਬਜ਼ੇ ਵਿਚ ਕਰਕੇ ਖ਼ਾਲਸਾ ਫ਼ੌਜ ਅੱਗੇ ਵਧੀ। ਅੱਗੇ ਸਰਦਾਰ ਹਾਜ਼ੀ ਖ਼ਾਨ ਅਤੇ ਖ਼ਾਨ ਮੁਹੰਮਦ ਦੋਵੇਂ ਸਮੇਤ ਆਪਣੇ ਲਸ਼ਕਰ ਦੇ ਖ਼ਾਲਸੇ ਨਾਲ ਲੋਹਾ ਲੈਣ ਲਈ ਤਿਆਰ ਬੈਠੇ ਸਨ। ਖ਼ਾਲਸੇ ਨੇ ਆਪਣੇ ਤੋਪਖ਼ਾਨਿਆਂ ਨੂੰ ਸੰਭਾਲਿਆ ਤੇ ਰਸਾਲਾ ਫ਼ੌਜ ਨੂੰ ਅੱਗੇ ਲਾਇਆ। ਖ਼ਾਲਸੇ ਦੇ ਤੋਪਖ਼ਾਨੇ ਨੇ ਜਾਂਦਿਆਂ ਹੀ ਵੈਰੀ ਦਲ ਦੀਆਂ ਧੱਜੀਆਂ ਉਡ ਦਿੱਤੀਆਂ। ਇਧਰੋਂ



Digitized by Panjab Digital Library | www.panjabdigilib.org

ਰਸਾਲਾ ਫ਼ੌਜ ਵੀ ਆਪਣੇ ਪੂਰੇ ਜ਼ੋਰ ਨਾਲ ਉਨ੍ਹਾਂ ਤੇ ਟੁੱਟ ਪਈ। ਵੈਰੀ ਵੀ ਇਸ ਵੇਲੇ ਪੂਰੀ ਬਹਾਦਰੀ ਨਾਲ ਲੜਿਆ, ਪਰ ਖ਼ਾਲਸੇ ਅੱਗੇ ਉਨ੍ਹਾਂ ਦੀ ਬਹਾਦਰੀ ਦੀ ਪੇਸ਼ ਨਾ ਗਈ। ਉਨ੍ਹਾਂ ਦੀਆਂ ਸਾਰੀਆਂ ਹੀ ਤਜਵੀਜ਼ਾਂ ਅਕਾਰਥ ਗਈਆਂ। ਇਧਰ ਖ਼ਾਲਸਾ ਫ਼ੌਜ ਦੇ ਵੀ ਕੁਝ ਜੋਧੇ ਸਿੰਘ ਮਾਰੇ ਗਏ। ਉਧਰੋਂ ਵੈਰੀ ਦੇ ਵੀ ਬਹੁ-ਗਿਣਤੀ ਵਿਚ ਸਿਪਾਹੀ ਮਾਰੇ ਗਏ, ਇਸ ਲਈ ਬਾਕੀ ਸਿਪਾਹੀ ਜਾਨ ਬਚਾ ਕੇ ਉੱਠ ਭਜੇ। ਅਖ਼ੀਰ ਹਾਜ਼ੀ ਖ਼ਾਨ ਤੇ ਖ਼ਾਨ ਮੁਹੰਮਦ ਖ਼ਾਨ ਇਸ ਲੜਾਈ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਇਉਂ ਖ਼ਾਲਸੇ ਨੇ ਅੱਗੇ ਵਧਦਿਆਂ ਵਧਦਿਆਂ ਪ੍ਰਸਿੱਧ ਕਿਲੇ ਬਾਲਾ ਹਿਸਾਰ (ਸੁਮੇਰਗੜ੍ਹ) ਤੇ ਕਬਜ਼ਾ ਕਰ ਲਿਆ। ਫੇਰ ਇਸ ਤਰ੍ਹਾਂ ੬ ਮਈ ਸੰਨ ੧੮੩੪ ਈਸਵੀ ਨੂੰ ਸਰਦਾਰ ਹਰੀ ਸਿੰਘ ਨਲਵੇ ਨੇ ਪੂਰਨ ਤੌਰ ਤੇ ਪਿਸ਼ਾਵਰ ਉਤੇ ਕਬਜ਼ਾ ਜਮਾ ਲਿਆ ਤੇ ਉਥੇ ਆਪਣੀ ਜਿੱਤ ਦੀ ਨਿਸ਼ਾਨੀ ਵਜੋਂ ਖ਼ਾਲਸਈ ਝੰਡਾ ਝੁਲਾ ਦਿੱਤਾ। ਫੇਰ ੭ ਮਈ ਵਾਲੇ ਦਿਨ ਪਿਸ਼ਾਵਰ ਦੇ ਇਲਾਕੇ ਨੂੰ ਖ਼ਾਲਸਾ ਰਾਜ ਨਾਲ ਮਿਲਾਉਣ ਦਾ ਐਲਾਨ ਕਰ ਦਿੱਤਾ ਗਿਆ। ਪਿਸ਼ਾਵਰ ਨੂੰ ਪੂਰਨ ਰੂਪ ਵਿਚ ਸੰਭਾਲ ਕੇ ਸਰਦਾਰ ਹਰੀ ਸਿੰਘ ਨਲਵੇ ਨੇ ਆਪ ਸਾਰੇ ਇਲਾਕੇ ਵਿਚ ਥਾਂ ਥਾਂ ਪਹੁੰਚ ਕੇ ਇਸ ਦੀ ਚੰਗੀ ਤਰ੍ਹਾਂ ਦੇਖ-ਰੇਖ ਕੀਤੀ। ਉਨ੍ਹਾਂ ਜਿੱਥੇ ਜਿੱਥੇ ਜ਼ਰੂਰੀ ਸਮਝਿਆ ਕਿਲੇ ਬਣਵਾਏ ਅਤੇ ਖ਼ਾਲਸਾ ਫ਼ੌਜ ਰੱਖੀ। ਸ਼ਹਿਰ ਦੇ ਆਲੇ ਦੁਆਲੇ ਚੰਗੀ, ਪੱਕੀ ਤੇ ਮਜ਼ਬੂਤ ਦੀਵਾਰ ਬਣਵਾਈ। ਕਿਲਾ ਸੁਮੇਰਗੜ੍ਹ ਦੀ ਦੇਖ-ਭਾਲ ਕਰਕੇ ਉਸ ਨੂੰ ਹੋਰ ਵੀ ਪੱਕਾ ਕੀਤਾ। ਕੰਵਰ ਨੌ ਨਿਹਾਲ ਸਿੰਘ ਇਸ ਸ਼ਹਿਰ ਦੀ ਸੈਰ ਕਰਕੇ ਬਹੁਤ ਖ਼ੁਸ਼ ਹੋਇਆ।

ਖ਼ਾਲਸੇ ਨੇ ਅੱਜ ਉਸ ਪਿਸ਼ਾਵਰ ਦੀ ਮਾਰ, ਮਾਰ ਲਈ ਸੀ, ਜਿਸ ਦੀ ਪ੍ਰਾਪਤੀ ਲਈ ਕਈ ਵਾਰੀ ਪਹਿਲਾਂ ਹਿੰਦ ਅਤੇ ਪੰਜਾਬ ਦੇ ਰਾਜਿਆਂ ਨੇ ਆਪਣੇ ਸਾਂਝੇ ਬਲ ਦੁਆਰਾ ਚੜ੍ਹਾਈਆਂ ਕੀਤੀਆਂ, ਪਰ ਉਹ ਵੀ ਇਸ ਨੂੰ ਨਾ ਹਥਿਆ ਸਕੇ। ਇਸ ਤਰ੍ਹਾਂ ਅਨੇਕਾਂ ਵਾਰ ਜਾਨ ਤੇ ਮਾਲ ਦਾ ਨੁਕਸਾਨ ਉਠਾ ਕੇ ਵੀ ਕੋਈ ਪਿਸ਼ਾਵਰ ਨੂੰ ਮੁੜ ਪੰਜਾਬ ਨਾਲ ਨਾ ਮਿਲਾ ਸਕਿਆ। ਪਿਸ਼ਾਵਰ ਨੂੰ ਪੰਜਾਬ ਦੇ ਇਸ ਇਲਾਕੇ ਤੋਂ ਵੱਖ ਹੋਇਆਂ ਲਗ ਪਗ ਅੱਠ ਸੌ ਵਰ੍ਹੇ ਹੋ ਗਏ ਸਨ। ਇਸ ਅਰਸੇ ਵਿਚ ਦੇਖਣ 'ਚ ਇਹ ਆਇਆ ਹੈ ਕਿ ਇਸ ਧਰਤ ਤੇ ਮੁਗ਼ਲਾਂ ਤੋਂ ਬਿਨਾਂ ਹੋਰ ਕੋਈ ਵੀ ਕੌਮ ਆਪਣਾ ਪੈਰ ਨਾ ਧਰ ਸਕੀ। ਇਨ੍ਹਾਂ ਹੀ ਆਪਸ ਵਿਚ ਦੀ ਅਦਲਾ ਬਦਲੀ ਨਾਲ ਰਾਜ ਕੀਤਾ। ਕਦੇ ਬਿਗਾਨੇ ਨੂੰ ਇਨ੍ਹਾਂ ਇਸ ਪਾਸੇ ਅੱਖ ਨਾ ਚੁੱਕਣ ਦਿੱਤੀ। ਕਦੀ ਪਿਸ਼ਾਵਰ ਖ਼ੁਰਾਸਾਨੀਆਂ ਦਾ ਰਾਜ ਅਖਵਾਉਂਦਾ ਸੀ ਤੇ ਕਦੇ ਮੌਰਯਾਂ ਦੇ ਕਬਜ਼ੇ ਵਿਚ ਸੀ, ਕਦੀ ਦਲਾਜ਼ਾਕ ਇਸ ਤੇ ਆਪਣੀ ਹਕੂਮਤ ਦੇ ਦਾਵੇ ਬੰਨ੍ਹਦੇ ਸਨ ਤੇ ਕਦੇ ਖ਼ਿਲਜੀ ਇਸ ਨੂੰ ਖੋਹ ਲੈ ਜਾਂਦੇ ਸਨ। ਇਥੇ ਤੁਗ਼ਲਕ ਆਏ, ਲੋਧੀ ਆਏ, ਮੁਗ਼ਲ, ਸੂਰੀ ਤੇ ਦੁੱਰਾਨੀ ਆਏ ਜਿਨ੍ਹਾਂ ਇੱਥੇ ਆਪਣਾ ਆਪਣਾ ਰਾਜ ਕੀਤਾ। ਬਾਰਕਜ਼ਈ ਤੇ ਮੁਜ਼ਾਹਦੀਨ ਵੀ ਇਸ ਧਰਤੀ ਦੇ ਹੁਕਮਰਾਨ ਬਣੇ। ਅਸਲ ਵਿਚ ਪਿਸ਼ਾਵਰ ਇਕ ਸਰਹੱਦੀ ਤੇ



Digitized by Panjab Digital Library | www.panjabdigilib.org

ਪੱਕਾ ਇਸਲਾਮੀ ਸੂਬਾ ਬਣ ਚੁਕਿਆ ਹੋਇਆ ਸੀ, ਜਿਸ ਤੋਂ ਗ਼ੈਰ ਮੁਸਲਿਮ ਰਾਜ ਭੈ ਖਾਂਦੇ ਸਨ।

ਅੱਜ ਅੱਠ ਸੌ ਸਾਲਾਂ ਤੋਂ ਬਾਅਦ ਉਹ ਪੱਕਾ ਤੇ ਸਰਹੱਦੀ ਇਲਾਕਾ ਪਿਸ਼ਾਵਰ ਜਿਸ ਦੀ ਧਾਕ ਦੁਨੀਆਂ ਭਰ ਵਿਚ ਬੈਠ ਚੁਕੀ ਹੋਈ ਸੀ, ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸਿੱਧ ਜਰਨੈਲ ਸਰਦਾਰ ਹਰੀ ਸਿੰਘ ਨਲੂਏ ਨੇ ਇਸ ਇਲਾਕੇ ਦੇ ਅਫ਼ਗਾਨਾਂ ਨੂੰ ਬੁਰੀ ਤਰ੍ਹਾਂ ਭਾਜ ਦੇ ਕੇ ਫ਼ਤਿਹ ਪਾਈ ਤੇ ਇਸ ਨੂੰ ਖ਼ਾਲਸਾ ਰਾਜ ਵਿਚ ਸ਼ਾਮਲ ਕਰਕੇ ਦੁਬਾਰਾ ਪੰਜਾਬ ਦਾ ਅੰਗ ਬਣਾਇਆ। ਇਸ ਤਰ੍ਹਾਂ ਸਰਦਾਰ ਹਰੀ ਸਿੰਘ ਦਾ ਪਿਸ਼ਾਵਰ ਦੀ ਇਸ ਇਤਿਹਾਸਿਕ ਧਰਤੀ ਤੇ ਕਬਜ਼ਾ ਕਰਨਾ ਸੰਸਾਰ ਦੇ ਇਤਿਹਾਸ ਵਿਚ ਮਹਾਨ ਕਾਰਨਾਮਿਆਂ ਵਿਚੋਂ ਇਕ ਮਹੱਤਵ ਪੂਰਣ ਕਾਰਨਾਮਾ ਗਿਣਿਆ ਜਾ ਸਕਦਾ ਹੈ।

## ਮਹਾਰਾਜੇ ਨੇ ਬਸੰਤ ਪੰਚਮੀ ਦੀ ਖ਼ੁਸ਼ੀ ਪਿਸ਼ਾਵਰ ਮਨਾਉਣੀ :

ਜਦ ਮਹਾਰਾਜਾ ਰਣਜੀਤ ਸਿੰਘ ਨੂੰ ਪਿਸ਼ਾਵਰ ਦੀ ਇਸ ਮਹਾਨ ਜਿੱਤ ਬਾਰੇ ਪਤਾ ਭੇਜਿਆ ਗਿਆ ਤਾਂ ਉਹ ਬਹੁਤ ਹੀ ਜ਼ਿਆਦਾ ਖ਼ੁਸ਼ ਹੋਏ। ਇਸ ਜੰਗ ਦੀ ਜਿੱਤ ਬਾਰੇ ਖ਼ੁਸ਼ੀ ਵਿਚ ਮਹਾਰਾਜਾ ਆਪ ਪਿਸ਼ਾਵਰ ਆ ਕੇ ਮਨਾਉਣੀ ਚਾਹੁੰਦਾ ਸੀ. ਕਿਉਂਕਿ ਉਸ ਨੂੰ ਇਸ ਮਹਾਨ ਜਿੱਤ ਦਾ ਬੜਾ ਚਾਅ ਸੀ। ਇਸ ਲਈ ਨਵੇਂ ਸਾਲ ਦੀ ਬਸੰਤ ਪੰਚਮੀ ਸਮੇਂ ਮਹਾਰਾਜਾ ਰਣਜੀਤ ਸਿੰਘ ਵਲੋਂ ਫ਼ੁਰਮਾਨ ਜਾਰੀ ਕੀਤੇ ਗਏ ਕਿ ਇਹ ਖ਼ੁਸ਼ੀ ਪਿਸ਼ਾਵਰ ਵਿਚ ਹੀ ਮਨਾਈ ਜਾਵੇਗੀ। ਇਸ ਨਵੀਂ ਅਤੇ ਇਤਿਹਾਸਿਕ ਥਾਂ ਤੇ ਦੂਰੋਂ ਦੂਰੋਂ ਲੋਕ ਬੜੇ ਚਾਅ ਅਤੇ ਉਤਸਾਹ ਨਾਲ ਪੁੱਜੇ। ਸਰਦਾਰ ਹਰੀ ਸਿੰਘ ਨਲਵੇ ਨੇ ਮਹਾਰਾਜਾ ਰਣਜੀਤ ਸਿੰਘ ਦੇ ਪਿਸ਼ਾਵਰ ਪਹੁੰਚਣ ਤੋਂ ਪਹਿਲਾਂ ਹੀ ਸਾਰੇ ਇਲਾਕੇ ਵਿਚ ਵਧ ਚੜ੍ਹ ਕੇ ਇੰਤਜ਼ਾਮ ਕਰ ਲਿਆ ਸੀ। ਇਲਾਕੇ ਦੇ ਲੋਕਾਂ ਨੂੰ ਮਹਾਰਾਜੇ ਦੇ ਸਨਮਾਨ ਵਿਚ ਪੁੱਜਣ ਲਈ ਸਰਦਾਰ ਹਰੀ ਸਿੰਘ ਨੇ ਥਾਂ ਥਾਂ ਜਾ ਕੇ ਬੜੀ ਪ੍ਰੇਰਣਾ ਕੀਤੀ ਤੇ ਪਿਛਲੇ ਵੈਰ ਵਿਰੋਧ ਨੂੰ ਭੁੱਲ ਜਾਣ ਲਈ ਕਿਹਾ। ਇਸ ਤਰ੍ਹਾਂ ਜਦ ਮਹਾਰਾਜਾ ਰਣਜੀਤ ਸਿੰਘ ਪਿਸ਼ਾਵਰ ਪਹੁੰਚਿਆ ਤਾਂ ਹਰ ਪਾਸੇ ਸਜਾਵਟਾਂ ਹੀ ਸਜਾਵਟਾਂ ਕੀਤੀਆਂ ਗਈਆਂ। ਐਨਾ ਮਾਣ ਤਾਣ ਅਤੇ ਉਹ ਇਲਾਕਾ ਜੋ ਖ਼ਾਲਸੇ ਦਾ ਵੈਰੀ ਇਲਾਕਾ ਕਹਾਉਂਦਾ ਸੀ, ਅੱਜ ਉਸ ਦੇ ਮਨ ਅੰਦਰ ਖ਼ਾਲਸੇ ਲਈ ਐਨੀ ਸ਼ਰਧਾ ਦੇਖ ਕੇ ਮਹਾਰਾਜੇ ਨੂੰ ਬੇਹੱਦ ਖ਼ੁਸ਼ੀ ਹੋਈ। ਬੜੀ ਸ਼ਾਨ ਨਾਲ ਆਪ ਹਰੀ ਸਿੰਘ ਵਲੋਂ ਪੂਰੀ ਤਰ੍ਹਾਂ ਸਜਾਏ ਹੋਏ ਦਰਬਾਰ ਵਿਚ ਪਹੁੰਚਿਆ। ਇਲਾਕੇ ਦੇ ਲੋਕਾਂ ਵਲੋਂ ਆਪ ਨੂੰ 'ਜੀਉ ਆਇਆਂ' ਆਖਿਆ ਗਿਆ। ਉਥੋਂ ਦੇ ਪਤਵੰਤੇ ਲੋਕਾਂ ਨੇ ਮਹਾਰਾਜੇ ਨੂੰ ਆਪਣੀਆਂ ਆਪਣੀਆਂ ਸੁਗਾਤਾਂ ਅਤੇ ਨਜ਼ਰਾਨੇ ਭੇਟ ਕੀਤੇ। ਮਹਾਰਾਜੇ ਨੇ ਵੀ ਇਨ੍ਹਾਂ ਲੋਕਾਂ ਦੇ ਮਾਨ ਲਈ ਵੀ ਆਪਣੇ ਦਿਲੋਂ ਕੋਈ ਕਸਰ ਬਾਕੀ ਨਾ ਛੱਡੀ। ਬਾਅਦ ਵਿਚ ਮਹਾਰਾਜੇ ਨੇ ਇਸ ਭਰੇ ਹੋਏ ਦਰਬਾਰ ਵਿਚ ਸਰਦਾਰ ਹਰੀ ਸਿੰਘ ਨਲਵੇ ਦੀ ਬਹਾਦਰੀ ਅਤੇ ਦੂਰ ਅੰਦੇਸ਼ੀ ਦੀ



Digitized by Panjab Digital Library | www.panjabdigilib.org

ਕਰਾਮਾਤ, ਜੋ ਉਨ੍ਹਾਂ ਪਿਸ਼ਾਵਰ ਦੀ ਜਿੱਤ ਵਿਚ ਦਿਖਾਈ ਸੀ, ਬੜੀ ਸਲਾਹੀ ਗਈ ਤੇ ਇਸ ਬਹਾਦਰੀ ਬਦਲੇ ਸਰਦਾਰ ਹਰੀ ਸਿੰਘ ਨੂੰ ਬੜੀ ਅੱਛੀ ਜਾਗੀਰ ਦਿੱਤੀ ਗਈ ।

## ਸਰਦਾਰ ਹਰੀ ਸਿੰਘ ਨਲੂਏ ਦਾ ਮੁਲਕੀ ਪ੍ਰਬੰਧ :

ਸਰਦਾਰ ਹਰੀ ਸਿੰਘ ਨਲਵੇ ਨੇ ਪਿਸ਼ਾਵਰ ਦਾ ਸਾਰਾ ਇਲਾਕਾ ਚੰਗੀ ਤਰ੍ਹਾਂ ਦੇਖ ਲਿਆ ਸੀ । ਉਸ ਨੇ ਜਿੱਥੇ ਜਿੱਥੇ ਲੋੜ ਸਮਝੀ, ਕਿਲ੍ਹੇ ਬਣਵਾਏ ਤੇ ਫ਼ੌਜ ਰੱਖ ਦਿੱਤੀ ਗਈ । ਹੁਣ ਉਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਦਿੱਤਾ ਤੇ ਵੱਧ ਤੋਂ ਵੱਧ ਸਹੂਲਤਾਂ ਦੇਣ ਲਈ ਕਦਮ ਚੁੱਕੇ ਗਏ । ਸਭ ਤੋਂ ਪਹਿਲਾ ਕਦਮ, ਜੋ ਨਲੂਏ ਵਲੋਂ ਚੁੱਕਿਆ ਗਿਆ, ਉਹ ਸੀ—ਜਜ਼ੀਆ ਹਟਾਣਾ । ਇਹ ਜਜ਼ੀਆ ਸੰਨ ੧੬੫੮ ਈਸਵੀ ਵਿਚ ਔਰੰਗਜ਼ੇਬ ਬਾਦਸ਼ਾਹ ਨੇ ਹਿੰਦੂਆਂ ਉਤੇ ਲਾਇਆ ਸੀ । ਇਹ ਹਰ ਇਕ ਬਾਲਗ਼ ਹਿੰਦੂ ਤੋਂ ਉਗਰਾਹਿਆ ਜਾਂਦਾ ਸੀ, ਜੋ ਕਿ ਬੜਾ ਹਾਨੀਕਾਰਕ ਤੇ ਹੱਤਕ ਭਰਿਆ ਸੀ । ਜੋ ਇਸ ਟੈਕਸ ਨੂੰ ਸਮੇਂ ਸਿਰ ਨਹੀਂ ਤਾਰਦਾ ਸੀ ਉਸ ਨੂੰ ਭਿਆਨਕ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ । ਸਰਦਾਰ ਹਰੀ ਸਿੰਘ ਨਲਵੇ ਨੇ ਇਸ ਘਟੀਆ ਕਿਸਮ ਦੇ ਟੈਕਸ ਨੂੰ ਲੋਕਾਂ ਦੇ ਗਲੋਂ ਲਾਹਿਆ । ਇਸੇ ਤਰ੍ਹਾਂ ਹੋਰ ਵੀ ਕਈ ਨਿੱਕੇ ਨਿੱਕੇ ਟੈਕਸ ਹਟਾਏ । ਸਰਦਾਰ ਹਰੀ ਸਿੰਘ ਨਲਵੇ ਨੇ ਆਪਣੀ ਸਿਆਸਤ ਅਤੇ ਦੂਰ ਅੰਦੇਸ਼ੀ ਨਾਲ ਪਿਸ਼ਾਵਰ ਨੂੰ ਪੰਜਾਂ ਪਰਗਣਿਆਂ ਵਿਚ ਵੰਡ ਕੇ ਅਜਾਰੇ ਤੇ ਦੇ ਦਿੱਤਾ ਜੋ ਕਿ ਇਸ ਪ੍ਰਕਾਰ ਸਨ :—

(ੳ) ਪਰਗਣਾ ਖ਼ਾਲਸਾ, ਪਬੀ, ਅਕਰਪੁਰਾ ਆਦਿ—ਸਾਈਂ ਦਿੱਤਾ ਮੱਲ ਪਿਸ਼ੌਰੀਏ ਕੋਲ ਅਜਾਰੇ ਤੇ ਸੀ ।

(ਅ) ਪਰਗਣਾ ਦਾਊਦ ਜ਼ਈ–ਸੁੰਦਰ ਦਾਸ, ਗੋਪਾਲ ਦਾਸ ਪਿਸ਼ੌਰੀਏ ਨੂੰ ਦਿੱਤਾ ।

(ੲ) ਪਰਗਣਾ ਮੁਹੰਮਦ ਮਲਤ੍ਰ ਅਮੀਨ ਉੱਲਾ ਖ਼ਾਨ—ਹਜ਼ਾਰ ਖ਼ਾਨੀ ਨੂੰ ।

(ਸ) ਪਰਗਣਾ ਹਸ਼ਤ ਨਗਰ—ਸਰਦਾਰ ਸੈਦ ਮੁਹੰਮਦ ਖ਼ਾਨ ਤੇ ਸੁਲਤਾਨ ਮੁਹੰਮਦ ਖ਼ਾਨ ਬਾਰਕਜ਼ਈਆਂ ਨੂੰ ਗੁਜ਼ਾਰੇ ਲਈ ਜਾਗੀਰ ਵਜੋਂ ਦੇ ਦਿੱਤਾ ਗਿਆ ।

(ਹ) ਇਲਾਕਾ ਖ਼ਲੀਲ—ਅਰਬਾਬ ਮੁਹੰਮਦ ਖ਼ਾਨ ਖ਼ਲੀਲ ਨੂੰ ।

ਇਨ੍ਹਾਂ ਪਰਗਣਿਆਂ ਤੋਂ ਖ਼ਾਲਸੇ ਨੂੰ ਬਾਰਾਂ ਲੱਖ, ਇਕੀ ਹਜ਼ਾਰ, ਛੇ ਸੌ ਤੀਹ ਰੁਪਏ ਸਾਲਾਨਾ ਆਮਦਨ ਸੀ । ਹਰ ਇਕ ਪਰਗਣੇ ਦੇ ਠੇਕੇਦਾਰ ਤੋਂ ਜ਼ਮੀਨ ਦੀ ਪੈਦਾਵਾਰ ਦੇ ਅੰਦਾਜ਼ੇ ਤੇ ਪੰਜਵਾਂ ਤੇ ਚੌਥਾ ਹਿੱਸਾ, ਕਦੀ ਅੱਠਵਾਂ ਹਿੱਸਾ ਸਰਕਾਰ ਲਈ ਲੀਤਾ ਜਾਂਦਾ ਸੀ । ਅਰਥਾਤ—ਚਾਰ ਹਿੱਸੇ ਜ਼ਿਮੀਂਦਾਰ ਦੇ ਅਤੇ ਪੰਜਵਾਂ ਹਿੱਸਾ ਸਰਕਾਰੀ । ਜ਼ਮੀਨਾਂ ਦੀ ਦੇਖ ਭਾਲ ਬਾਕਾਇਦਾ ਕਰਵਾਈ ਗਈ । ਕਿਸਾਨਾਂ ਨੂੰ ਸਰਕਾਰ ਵਲੋਂ ਸਹਾਇਤਾ ਦਿੱਤੀ ਗਈ ।



Digitized by Panjab Digital Library | www.panjabdigilib.org

ਉੱਚੀਆਂ ਜ਼ਮੀਨਾਂ ਲਈ, ਜਿਥੇ ਪਾਣੀ ਨਹੀਂ ਚੜ੍ਹਦਾ ਸੀ, ਸਰਕਾਰੀ ਖ਼ਰਚ ਨਾਲ ਖੂਹ ਪੁਟਵਾ ਦਿੱਤੇ ਗਏ। ਪਾਣੀ ਦੀ ਹੋਰ ਲੋੜ ਨੂੰ ਪੂਰਾ ਕਰਨ ਲਈ ਦਰਿਆ ਵਿਚੋਂ ਨਹਿਰਾਂ ਕਢਵਾ ਦਿੱਤੀਆਂ ਗਈਆਂ, ਜਿਸ ਨਾਲ ਪਿਸ਼ਾਵਰ ਦੇ ਇਸ ਸੂਬੇ ਦੀ ਪੈਦਾਵਾਰ ਬਹੁਤ ਵਧ ਗਈ। ਹਰ ਪਾਸੇ ਹਰਿਆਵਲ ਹੀ ਹਰਿਆਵਲ ਨਜ਼ਰੀਂ ਆਉਣ ਲੱਗ ਪਈ। ਕੁਝ ਕੁ ਨਹਿਰੀ ਜ਼ਮੀਨਾਂ, ਜੋ ਕਿ ਬਹੁਤ ਹੀ ਉਪਜਾਊ ਸਨ, ਜਿਨ੍ਹਾਂ ਵਿਚ ਨੀਲ, ਗੰਨਾ, ਫੁਟੀ ਅਤੇ ਸਬਜ਼ੀਆਂ ਬੀਜੀਆਂ ਜਾਂਦੀਆਂ ਸਨ, ਉਨ੍ਹਾਂ ਤੋਂ ਨਕਦੀ ਤਰੀਕੇ ਨਾਲ ਲਗਾਨ ਲਿਆ ਜਾਂਦਾ ਸੀ ਜੋ ਕਿ ਪਹਿਲੇ ਹੁਕਮਰਾਨਾਂ ਤੋਂ ਕਾਫ਼ੀ ਘੱਟ ਮਾਤ੍ਰਾ ਵਿਚ ਸੀ। ਇਸ ਤੋਂ ਛੁੱਟ ਆਮਦਨ ਦੇ ਹੋਰ ਸਾਧਨ, ਜਿਹਾ ਕਿ ਮੋਹਰਾਨਾ, ਮਸੂਲ ਚੂੰਗੀ ਆਦਿ, ਜਿਸ ਤੋਂ ਸਰਕਾਰ ਨੂੰ ਚਾਰ ਲੱਖ ਰੁਪਏ ਦੇ ਲਗ ਪਗ ਆਮਦਨ ਸੀ।

## ਪਿਸ਼ਾਵਰ ਵਿਚ ਹਰੀ ਸਿੰਘ ਨਲਵੇ ਦੇ ਨਾਂ ਦਾ ਸਿੱਕਾ :

ਮਹਾਰਾਜਾ ਰਣਜੀਤ ਸਿੰਘ ਜਦ ਬਸੰਤ ਪੰਚਮੀ ਦੀ ਖ਼ੁਸ਼ੀ ਮਨਾਉਣ ਲਈ ਪਿਸ਼ਾਵਰ ਪਹੁੰਚਿਆ ਤਾਂ ਉਹ ਹਰੀ ਸਿੰਘ ਨਲਵੇ ਦਾ ਸਾਰਾ ਸੁਚੱਜਾ ਰਾਜ ਪ੍ਰਬੰਧ ਦੇਖ ਕੇ ਅਤਿਅੰਤ ਪ੍ਰਸੰਨ ਹੋਇਆ। ਉਹ ਖ਼ਾਲਸਾ ਰਾਜ ਦੀ ਵੱਡੀ ਤੋਂ ਵੱਡੀ ਇੱਜ਼ਤ ਹਰੀ ਸਿੰਘ ਨੂੰ ਇਸ ਇਲਾਕੇ ਵਿਚ ਬਖਸ਼ਣੀ ਚਾਹੁੰਦਾ ਸੀ, ਜੋ ਕਿ ਪਹਿਲਾਂ ਕਸ਼ਮੀਰ ਦੇ ਇਲਾਕੇ ਵਿਚ ਬਖ਼ਸ਼ੀ ਗਈ ਸੀ। ਉਹ ਸੀ ਪਿਸ਼ਾਵਰ ਵਿਚ ਸਰਦਾਰ ਹਰੀ ਸਿੰਘ ਨਲੂਏ ਦੇ ਨਾਂ ਦਾ ਸਿੱਕਾ, ਸੋ ਐਤਕੀਂ ਮਹਾਰਾਜੇ ਨੇ ਹਰੀ ਸਿੰਘ ਨਲੂਏ ਨੂੰ ਪਿਸ਼ਾਵਰ ਦੇ ਇਸ ਇਲਾਕੇ ਵਿਚ ਆਪਣੇ ਨਾਂ ਦਾ ਸਿੱਕਾ ਚਲਾਉਣ ਲਈ ਹੁਕਮ ਜਾਰੀ ਕਰ ਦਿੱਤਾ, ਜੋ ਸਰਦਾਰ ਹਰੀ ਸਿੰਘ ਨੇ ਖ਼ੁਸ਼ੀ ਖ਼ੁਸ਼ੀ ਸਵੀਕਾਰ ਕੀਤਾ। ਇਹ ਸਿੱਕਾ ਆਪਣੀ ਮਿਸਾਲ ਆਪ ਸੀ। ਇਨ੍ਹਾਂ ਸਿੱਕਿਆਂ ਦੇ ਨਮੂਨੇ ਅਜੇ ਤੀਕ ਵੀ ਕਈ ਜਗ੍ਹਾ ਤੋਂ ਮਿਲਦੇ ਹਨ। ਲਾਹੌਰ ਦੇ ਅਜਾਇਬ ਘਰ ਵਿਚ ਸਰਦਾਰ ਹਰੀ ਸਿੰਘ ਨਲਵੇ ਦਾ ਪਿਸ਼ਾਵਰ ਦੀ ਟਕਸਾਲ ਦਾ ਸਿੱਕਾ ਵੰਡ ਤੋਂ ਪਹਿਲਾਂ ਮੌਜੂਦ ਸੀ, ਜਿਸ ਦੇ ਉੱਪਰ ਫ਼ਾਰਸੀ ਅੱਖਰਾਂ ਵਿਚ ਇਹ ਸ਼ਬਦ ਲਿਖੇ ਹੋਏ ਸਨ :—

ਇਕ ਪਾਸੇ : "ਦੇਗ ਤੇਗ ਫਤਹਿ ॥<br>
ਨੁਸਰਤ ਬੇਦਰੰਗ। ਯਾਫਤ ਅਜ<br>
ਗੁਰੂ ਗੋਬਿੰਦ ਸਿੰਘ ॥"

ਦੂਜੇ ਪਾਸੇ : "ਪਿਸ਼ਾਵਰ ਜਲੂਸ ਜ਼ਰਬ<br>
੧੮੯੦ ਬਿਕਰਮੀ"

ਇਸ ਰੁਪਏ ਦਾ ਵਜ਼ਨ ੧੩੫ ਗਰੇਨ ਯਾ ਸਾਢੇ ਅੱਠ ਮਾਸ਼ੇ ਦੇ ਬਰਾਬਰ ਸੀ। ਕੁਝ ਰੁਪਏ ਪਿਸ਼ਾਵਰ ਦੀ ਟਕਸਾਲ ਦੇ ਐਸੇ ਭੀ ਮਿਲਦੇ ਹਨ, ਜਿਨ੍ਹਾਂ ਤੇ ਸੰਮਤ ੧੮੯੨ ਦਰਜ ਹੈ। ਇਹ ਰੁਪਿਆ ਕਾਫ਼ੀ ਪ੍ਰਸਿੱਧ ਸੀ।



Digitized by Panjab Digital Library | www.panjabdigilib.org

# ਪ੍ਰਸਿੱਧ ਕਿਲਾ ਜਮਰੋਦ (ਫ਼ਤਿਹਗੜ੍ਹ) ਦਾ ਬਣਾਉਣਾ

ਸਰਦਾਰ ਹਰੀ ਸਿੰਘ ਨਲਵੇ ਨੇ ਪਿਸ਼ਾਵਰ ਦਾ ਪ੍ਰਬੰਧ ਕਾਫ਼ੀ ਸੋਚ ਵਿਚਾਰ ਨਾਲ ਕਰ ਲਿਆ ਸੀ। ਸਾਰੇ ਸਰਕਾਰੀ ਕਾਰਜ ਠੀਕ ਠਾਕ ਚੱਲਣ ਲੱਗੇ ਸਨ। ਲੋਕ ਖ਼ਾਲਸੇ ਦੇ ਪੂਰੇ ਪੂਰੇ ਵਫ਼ਾਦਾਰ ਬਣ ਗਏ ਸਨ। ਹੁਣ ਆਪ ਦੀ ਤਮੰਨਾ ਸਰਹੱਦ ਨੂੰ ਹੋਰ ਮਜ਼ਬੂਤ ਕਰਨ ਦੀ ਸੀ। ਸੋ ਆਪ ਨੇ ਕੁਝ ਸਿਆਣੇ ਸਿਆਣੇ ਆਗੂਆਂ ਤੇ ਜਰਨੈਲਾਂ ਨੂੰ ਨਾਲ ਲੈ ਕੇ ਦੱਰਾ ਖ਼ੈਬਰ ਵੱਲ ਕਦਮ ਵਧਾਇਆ। ਉਥੇ ਪੁਜ ਕੇ ਆਪ ਨੇ ਉਨ੍ਹਾਂ ਰਸਤਿਆਂ ਅਤੇ ਦੱਰਿਆਂ ਨੂੰ ਚੰਗੀ ਤਰ੍ਹਾਂ ਦੇਖਿਆ ਅਤੇ ਉਨ੍ਹਾਂ ਦੀ ਛਾਣ-ਬੀਣ ਕੀਤੀ, ਜਿਹੜੇ ਕਾਬਲ ਤੋਂ ਪਿਸ਼ਾਵਰ ਵੱਲ ਆਉਂਦੇ ਸਨ। ਇਸ ਤਰ੍ਹਾਂ ਨਲਵੇ ਨੇ ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਆਪਣੀ ਦਿਲੀ ਤਮੰਨਾ ਅਨੁਸਾਰ ਇਕ ਥੇਹ ਨੂੰ ਪਸੰਦ ਕੀਤਾ, ਜਿਸ ਦੇ ਉਪਰ ਇਕ ਕੱਚੀ ਗੜ੍ਹੀ ਬਣੀ ਹੋਈ ਸੀ ਜੋ ਕਿ ਜਮਰੋਦ ਦੇ ਨਾਮ ਨਾਲ ਪ੍ਰਸਿੱਧ ਸੀ। ਇਸ ਜਗ੍ਹਾ ਤੇ ਆਪ ਨੇ ਇਕ ਬਹੁਤ ਵੱਡੇ ਕਿਲੇ ਦੇ ਬਣਾਉਣ ਦਾ ਫ਼ੈਸਲਾ ਕੀਤਾ। ਅੰਤ ੧੭ ਅਕਤੂਬਰ ਸੰਨ ੧੮੩੬ ਈਸਵੀ ਦੀ ਸਵੇਰ ਨੂੰ, ਜਦ ਕਿ ਇਸ ਕਿਲ੍ਹੇ ਦੇ ਬਣਾਉਣ ਲਈ ਕਈ ਹਜ਼ਾਰ ਰਾਜ, ਮਜ਼ਦੂਰ, ਕਾਰੀਗਰ ਅਤੇ ਬਹੁਤ ਸਾਰਾ ਪੱਥਰ ਤੇ ਲੋੜੀਂਦੇ ਮਸਾਲਾ ਆਦਿ ਦਾ ਪ੍ਰਬੰਧ ਹੋ ਚੁੱਕਾ ਸੀ ਤੇ ਦੋ ਰਜਮਟਾਂ ਬੇਲਦਾਰਾਂ ਦੀਆਂ ਪਹੁੰਚ ਚੁੱਕੀਆਂ ਸਨ, ਅਰਦਾਸਾ ਸੋਧ ਕੇ ਸ਼ਾਹੀ ਫ਼ੌਜ ਨਾਲ ਇਸ ਕਿਲੇ ਦੀ ਨੀਂਹ ਆਪਣੇ ਹੱਥ ਨਾਲ ਰੱਖੀ। ਇਸ ਸਮੇਂ ਤੋਪਾਂ ਦੀ ਭਾਰੀ ਸਲਾਮੀ ਦਿੱਤੀ ਗਈ। ਫ਼ੌਜੀ ਵਾਜਿਆਂ ਨੇ ਆਪਣੇ ਕਮਾਲ ਵਿਖਾਏ। ਕਿਲੇ ਦੀ ਉਸਾਰੀ ਦਾ ਕੰਮ ਜ਼ੋਰਾਂ ਤੇ ਸ਼ੁਰੂ ਹੋ ਗਿਆ। ਇਸ ਦਿਨ ਰਾਤ ਦੀ ਮਿਹਨਤ ਨੂੰ ਫੱਲ ਲੱਗੇ। ਇਹ ਕਿਲਾ ਇਕ ਮਹੀਨਾ ਤੇ ਪੱਚੀ ਦਿਨਾਂ ਵਿਚ ਪੂਰੀ ਤਰ੍ਹਾਂ ਮੁਕੰਮਲ ਹੋ ਗਿਆ। ਇਸ ਕਿਲੇ ਦੀਆਂ ਕੰਧਾਂ ਚਾਰ ਗਜ਼ ਚੌੜੀਆਂ ਅਤੇ ਬਾਰਾਂ ਗਜ਼ ਉੱਚੀਆਂ ਤਿਆਰ ਕੀਤੀਆਂ ਗਈਆਂ, ਜਿਸ ਵਿਚ ਦੂਹਰੇ ਦਰਵਾਜ਼ੇ ਲਾਏ ਗਏ। ਇਸ ਕਿਲੇ ਦੀ ਮੁਕੰਮਲ ਤਿਆਰੀ ਤੋਂ ਬਾਅਦ ਕਿਲੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਪ੍ਰਾਰੰਭ ਕਰਵਾਇਆ ਗਿਆ। ਅਤੁੱਟ ਲੰਗਰ ਚੱਲੇ ਤੇ ਸ੍ਰੀ ਅਖੰਡ ਪਾਠ ਦੇ ਭੋਗ ਪੈਣ ਤੋਂ ਉਪਰੰਤ ਕਿਲੇ ਦੀ ਰਸਮ ਫ਼ੌਜੀ ਸ਼ਾਨ ਨਾਲ ਅਦਾ ਕੀਤੀ ਗਈ। ਸਰਦਾਰ ਹਰੀ ਸਿੰਘ ਨੇ ਕਿਲੇ ਦਾ ਨਾਂ 'ਫ਼ਤਿਹ ਗੜ੍ਹ' ਰਖਿਆ। ਇਸ ਕਿਲੇ ਵਿਚ ਅੱਠ ਸੌ ਪੈਦਲ ਜੁਆਨ, ਦੋ ਸੌ ਸਵਾਰ, ਅੱਸੀ ਤੋਪਖ਼ਾਨੇ ਦੇ ਗੋਲੰਦਾਜ਼, ਦਸ ਵੱਡੀਆਂ ਤੋਪਾਂ ਅਤੇ ਬਾਰਾਂ ਹਲਕੀਆਂ ਤੋਪਾਂ ਦੇ ਰੱਖਣ ਦਾ ਹੁਕਮ ਦਿੱਤਾ। ਜਲਦੀ ਹੀ ਆਪਣੇ ਲਾਇਕ ਅਤੇ ਭਰੋਸੇ ਯੋਗ ਨਾਇਬ ਸਰਦਾਰ ਮਹਾਂ ਸਿੰਘ ਨੂੰ ਹਜ਼ਾਰੇ ਤੋਂ ਬੁਲਾ ਕੇ ਜਮਰੌਦ (ਫਤਿਹ ਗੜ੍ਹ) ਦੇ ਕਿਲ੍ਹੇ ਦਾ ਕਿਲ੍ਹੇਦਾਰ ਅਤੇ ਸਰਹੱਦ ਦਾਰ ਦਾ ਉੱਚਾ ਪਦ ਬਖ਼ਸ਼ਿਆ।



Digitized by Panjab Digital Library | www.panjabdigilib.org

ਕਿਲ੍ਹੇ ਦੇ ਅੰਦਰ ਲੋੜੀਂਦੀਆਂ ਚੀਜ਼ਾਂ ਇਕੱਠੀਆਂ ਕਰਕੇ ਇਕ ਖੂਹ ਭੀ ਪੁਟਵਾ ਦਿੱਤਾ ਗਿਆ ਤਾਕਿ ਪਾਣੀ ਦੀ ਜ਼ਰੂਰੀ ਲੋੜ ਅੰਦਰੇ ਅੰਦਰ ਹੀ ਪੂਰੀ ਹੋ ਸਕੇ। ਇਸ ਦੀ ਬਜਾਇ ਆਮ ਪਾਣੀ ਦੀ ਵਰਤੋਂ ਦਾ ਕੰਮ ਦਰਿਆ ਜਮਰੌਦ ਵਿਚੋਂ ਨਿਕਲਦੀ ਨਹਿਰ ਤੋਂ ਜੋ ਕਿ ਇਸ ਕਿਲ੍ਹੇ ਵੱਲ ਦੀ ਹੋ ਕੇ ਵਗਦੀ ਸੀ, ਲਿਆ ਜਾਂਦਾ ਸੀ। ਇਸ ਕਾਰਜ ਲਈ ਅਫ਼ਰੀਦੀਆਂ ਨੂੰ ਬਾਰਾਂ ਸੌ ਰੁਪਿਆ ਜਗੀਰ ਦੇ ਤੌਰ ਤੇ ਦਿੱਤਾ ਜਾਂਦਾ ਸੀ। ਇਸ ਤੋਂ ਛੁੱਟ ਅਨਾਜ ਦਾ ਭਾਰੀ ਜ਼ਖ਼ੀਰਾ, ਲੜਾਈ ਦਾ ਕਾਫ਼ੀ ਸਾਰਾ ਸਾਮਾਨ, ਜਿਸ ਵਿਚ ਗੋਲਾ ਬਰੂਦ, ਤਲਵਾਰਾਂ ਤੇ ਨੇਜ਼ੇ ਆਦਿ ਸੀ, ਰਖਵਾ ਦਿਤਾ ਗਿਆ ਤਾਕਿ ਲੋੜ ਪੈਣ ਤੇ ਇਨ੍ਹਾਂ ਚੀਜ਼ਾਂ ਦੀ ਵਰਤੋਂ ਅੰਦਰੇ ਅੰਦਰ ਹੀ ਕੀਤੀ ਜਾ ਸਕੇ। ਇਸ ਤਰ੍ਹਾਂ ਕਿਲ੍ਹੇ ਦੀ ਹਰ ਲੋੜੀਂਦੀ ਵਸਤੂ ਜਮ੍ਹਾ ਰੱਖੀ ਗਈ।

ਇਸ ਤੋਂ ਬਾਅਦ ਇਸ ਇਲਾਕੇ ਵਿਚ ਕਈ ਹੋਰ ਵੀ ਕਿਲ੍ਹੇ ਬਣਵਾਏ ਗਏ। ਕਿਲ੍ਹਾ ਸ਼ੰਕਰਗੜ੍ਹ, ਜੋ ਕਿ ਜਮਰੌਦ ਦੇ ਕਿਲ੍ਹੇ ਵਾਂਗ ਹੀ ਪ੍ਰਸਿੱਧ ਸੀ, ਸਰਦਾਰ ਹਰੀ ਸਿੰਘ ਨਲਵੇ ਨੇ ਉਨ੍ਹਾਂ ਤਿੰਨਾਂ ਰਸਤਿਆਂ ਤੇ ਕਾਬੂ ਪਾਉਣ ਲਈ ਬਣਵਾਇਆ, ਜਿਸ ਵਿਚ ਇਕ ਬਿਜੋੜ ਦਾ ਰਸਤਾ, ਦੂਜਾ ਦੱਰਾ ਗੰਧਾਵ ਅਤੇ ਤੀਜਾ ਇਲਾਕਾ ਕਾਬਲ ਤੋਂ ਦੁਆਬੇ ਗਸ਼ਤ ਤਕ ਦਾ ਸੀ। ਇਸ ਕਿਲ੍ਹੇ ਵਿਚ ਪੰਜ ਸੌ ਪੈਦਲ, ਤਿੰਨ ਸੌ ਸਵਾਰ, ਪੈਂਤੀ ਤੋਪਚੀ, ਦੋ ਵਡੀਆਂ ਅਤੇ ਦਸ ਛੋਟੀਆਂ ਤੋਪਾਂ ਰੱਖੀਆਂ ਗਈਆਂ ਸਨ। ਇਸ ਦਾ ਕਿਲੇਦਾਰ ਸਰਦਾਰ ਲਹਿਣਾ ਸਿੰਘ ਸੰਧਾਵਾਲੀਆ ਖ਼ਾਲਸੇ ਦਾ ਇਕ ਪ੍ਰਸਿੱਧ ਜਰਨੈਲ ਸੀ। ਪਿਸ਼ਾਵਰ ਤੋਂ ਜਮਰੌਦ (ਫਤਹਿਗੜ੍ਹ) ਦੇ ਕਿਲ੍ਹੇ ਨੂੰ ਜਾਣ ਵਾਲੀ ਸੜਕ ਦੀ ਰਾਖੀ ਲਈ ਇਸ ਦੇ ਅੱਧ ਵਿਚ ਇਕ ਛੋਟਾ ਕਿਲ੍ਹਾ ਬਣਵਾਇਆ ਜਿਸ ਦਾ ਨਾਂ ਹਰੀ ਸਿੰਘ ਨੇ ਆਪਣੇ ਨਾਂ ਤੇ 'ਬੁਰਜ ਹਰੀ ਸਿੰਘ' ਰੱਖਿਆ ਤੇ ਜਿਸ ਵਿਚ ਸੌ ਕੁ ਜੁਆਨ ਰੱਖੇ ਗਏ। ਇਸ ਤਰ੍ਹਾਂ ਹੋਰ ਵੀ ਕਿਲ੍ਹੇ ਬਣਵਾਏ ਗਏ। ਕਿਲ੍ਹਾ ਬਾੜਾ ਵੀ ਕਾਫ਼ੀ ਪ੍ਰਸਿੱਧ ਸੀ। ਇਸ ਨਾਲ ਤੀਰਾਈ ਅਫਰੀਦੀਆਂ ਦਾ ਰਸਤਾ ਆਪਣੇ ਕਬਜ਼ੇ ਵਿਚ ਆ ਗਿਆ। ਇਸ ਕਿਲ੍ਹੇ ਵਿਚ ਤਿੰਨ ਸੌ ਪੈਦਲ ਜੁਆਨ, ਇਕ ਸੌ ਸਵਾਰ, ਤਿੰਨ ਤੋਪਾਂ ਤੇ ਹੋਰ ਲੋੜੀਂਦਾ ਸਮਾਨ ਰੱਖ ਕੇ ਸਰਦਾਰ ਝੰਡਾ ਸਿੰਘ ਨੂੰ ਇਸ ਦੀ ਸੌਂਪਣੀ ਕੀਤੀ ਗਈ। ਕਿਲ੍ਹਾ ਮਿਚਨੀ ਕਾਬਲ ਦੀ ਕੰਧੀ ਤੇ ਬਣਵਾਇਆ ਗਿਆ। ਇਹ ਕਿਲ੍ਹਾ ਕਾਬਲ ਦੇ ਦੋ ਰਸਤਿਆਂ ਨੂੰ ਕਾਬੂ ਵਿਚ ਰਖਦਾ ਸੀ। ਇਸ ਦਾ ਕਿਲੇਦਾਰ ਸਰਦਾਰ ਨਛੱਤਰ ਸਿੰਘ ਸੀ। ਇਸ ਕਿਲ੍ਹੇ ਵਿਚ ਵੀ ਤਿੰਨ ਸੌ ਪੈਦਲ ਜਆਨ, ਇਕ ਸੌ ਸਵਾਰ, ਦਸ ਤੋਪਖ਼ਾਨੇ ਦੇ ਜੁਆਨ, ਦੋ ਛੋਟੀਆਂ ਤੇ ਦੋ ਵਡੀਆਂ ਤੋਪਾਂ ਤੇ ਹੋਰ ਜ਼ਰੂਰੀ ਸਾਮਾਨ ਰੱਖਿਆ ਗਿਆ ਤਾਂਕਿ ਲੋੜ ਵੇਲੇ ਵਰਤੋਂ ਵਿਚ ਲਿਆਂਦਾ ਜਾ ਸਕੇ। ਇਸ ਤਰ੍ਹਾਂ ਸਰਦਾਰ ਹਰੀ ਸਿੰਘ ਨਲਵੇ ਨੇ ਅਫ਼ਗਾਨਿਸਤਾਨ ਦੇ ਸਾਰੇ ਹੀ ਰਸਤਿਆਂ ਅਤੇ ਦਰਿਆਂ ਤੇ ਕਾਬੂ ਪਾਉਣ ਲਈ ਤੇ ਦੁਸ਼ਮਣ ਤੋਂ ਬਚਣ ਲਈ ਇਹ ਪ੍ਰਸਿੱਧ ਤੇ ਇਤਿਹਾਸਿਕ ਕਿਲ੍ਹੇ ਬਣਵਾਏ। ਇਉਂ ਸਰਦਾਰ ਹਰੀ ਸਿੰਘ ਨਲਵਾ ਸਾਰਾ ਹੀ ਪ੍ਰਬੰਧ ਕਰਕੇ ਪਿਸ਼ਾਵਰ ਵਾਪਸ ਪਰਤ ਆਇਆ।



Digitized by Panjab Digital Library | www.panjabdigilib.org

# ਕਾਬਲ ਦੇ ਹਾਕਮ ਦੀਆਂ ਚਾਲਾਂ

ਕਾਬਲ ਦਾ ਉਹ ਇਲਾਕਾ, ਜੋ ਅਜੇ ਖ਼ਾਲਸਾ ਰਾਜ ਤੋਂ ਬਾਹਰ ਸੀ, ਜਿਸ ਦਾ ਮੌਜੂਦਾ ਹਾਕਮ ਅਮੀਰ ਦੋਸਤ ਮੁਹੰਮਦ ਖ਼ਾਨ ਸੀ, ਉਸ ਨੂੰ ਜਦ ਪਿਸ਼ਾਵਰ ਦੇ ਇਲਾਕੇ ਦਾ ਕਬਜ਼ਾ ਖ਼ਾਲਸੇ ਦੇ ਹੱਥ ਆ ਜਾਣ ਬ ਰੇ ਪਤਾ ਲਗਿਆ ਤਾਂ ਉਹ ਬਹੁਤ ਈਰਖਾ ਦੀਆਂ ਨਜ਼ਰਾਂ ਨਾਲ ਦੇਖ ਰਿਹਾ ਸੀ, ਕਿਉਂਕਿ ਉਸ ਨੂੰ ਪਤਾ ਸੀ ਕਿ ਹੁਣ ਪਿਸ਼ਾਵਰ ਦੇ ਇਲਾਕੇ ਤੋਂ ਬਾਅਦ ਖ਼ਾਲਸਾ ਕਾਬਲ ਵੱਲ ਵੀ ਵਧੇਗਾ। ਇਹ ਜਾਣ ਕੇ ਉਸ ਨੂੰ ਬਹੁਤ ਚਿੰਤਾ ਲੱਗੀ। ਉਹ ਹੁਣ ਪਿਸ਼ਾਵਰ ਨੂੰ ਖ਼ਾਲਸੇ ਦੇ ਹੱਥੋਂ ਛੁਡਾਉਣ ਲਈ ਇਕ ਨਵੀਂ ਮੁਹਿੰਮ ਤਿਆਰ ਕਰ ਰਿਹਾ ਸੀ। ਉਹ ਦਿਨ ਰਾਤ ਇਸੇ ਤਿਆਰੀ ਵਿਚ ਲੱਗਿਆ ਹੋਇਆ ਸੀ। ਇਸ ਕਾਰਜ ਦੀ ਪੂਰਤੀ ਲਈ ਉਸ ਨੇ ਬਹੁਤ ਸਾਰੀ ਫ਼ੌਜ ਵੀ ਤਿਆਰ ਕਰ ਲਈ। ਇਥੋਂ ਤੀਕ ਕਿ ਅਖ਼ੂਨ ਸਾਹਿਬ ਅਬਦੁਲ ਗ਼ਫ਼ੂਰ, ਜੋ ਇਲਾਕਾ ਸੇਵਾਤ ਅਤੇ ਬਿਜੌੜ ਦਾ ਮੰਨਿਆ ਹੋਇਆ ਗ਼ੌਸ ਸੀ, ਸਣੇ ਆਪਣੇ ਹਜ਼ਾਰਾਂ ਮੁਰੀਦਾਂ ਦੇ ਇਸ ਜੰਗ ਵਿਚ ਸ਼ਾਮਲ ਹੋਣ ਲਈ ਕਾਬਲ ਦੇ ਹਾਕਮ ਨਾਲ ਜਾ ਰਲਿਆ।

ਉਧਰ ਖ਼ਾਲਸਾ ਵੀ ਇਸ ਹੋਣ ਵਾਲੀ ਜੰਗ ਤੋਂ ਸੁਚੇਤ ਸੀ। ਸੋ ਸਰਦਾਰ ਹਰੀ ਸਿੰਘ ਨਲਵੇ ਨੇ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਕਰਾਰੀ ਚੋਟ ਦੇਣ ਲਈ ਆਪਣੀਆਂ ਬਹਾਦਰ ਫ਼ੌਜਾਂ ਨੂੰ ਤਿਆਰੀ ਲਈ ਹੁਕਮ ਦੇ ਦਿੱਤਾ। ਇਸ ਤਰ੍ਹਾਂ ਸੰਨ ੧੮੩੫ ਈਸਵੀ ਦੀਆਂ ਬਰਫ਼ਾਂ ਦੇ ਪਿਘਲਣ ਤੋਂ ਬਾਅਦ ਅਮੀਰ ਦਸਤ ਮੁਹੰਮਦ ਖ਼ਾਨ ਸਣੇ ਆਪਣੀਆਂ ਫ਼ੌਜਾਂ ਤੇ ਬਹੁ-ਗਿਣਤੀ ਲਸ਼ਕਰ ਦੇ ਦੱਰਾ ਖ਼ੈਬਰ ਵਿਚ ਪੁੱਜਣ ਲਈ ਤੁਰ ਪਿਆ। ਉਥੇ ਪੁਜਦਿਆਂ ਹੀ ਉਸ ਨੇ ਖ਼ਾਲਸੇ ਦੇ ਵਿਰੁੱਧ ਪ੍ਰਚਾਰ ਅਰੰਭ ਦਿੱਤਾ ਤੇ ਇਸ ਜੰਗ ਨੂੰ ਮਜ਼ਬੀ ਰੰਗਣ ਚਾੜ੍ਹ ਦਿੱਤੀ, ਜਿਸ ਨਾਲ ਭਾਰੀ ਗਿਣਤੀ ਵਿਚ ਅਫ਼ਰੀਦੀ ਅਤੇ ਮਹਮੰਦ ਲੋਕ ਉਨ੍ਹਾਂ ਦੇ ਝਾਂਸੇ ਵਿਚ ਆ ਗਏ। ਇਉਂ ਭਾਰੀ ਲਸ਼ਕਰ ਲੈ ਕੇ ਅਮੀਰ ਦੋਸਤ ਮੁਹਮੰਦ ਖਾਨ ੧੧ ਮਈ ਸੰਨ ੧੮੩੫ ਈਸਵੀ ਦੀ ਸਵੇਰ ਦੀ ਨਿਮਾਜ਼ ਤੋਂ ਉਪਰੰਤ ਵਾਹੋ ਦਾਹੀ ਦੱਰਾ ਖ਼ੈਬਰ ਵਿਚੋਂ ਨਿਕਲ ਕੇ ਪਿਸ਼ਾਵਰ ਵੱਲ ਅੱਗੇ ਵਧਿਆ।

ਸਰਦਾਰ ਹਰੀ ਸਿੰਘ ਨਲੂਏ ਨੇ ਆਪਣੀਆਂ ਜੰਗੀ ਤਿਆਰੀਆਂ ਤੋਂ ਬਾਅਦ ਕ ਬਲ ਦੇ ਉਹ ਸਾਰੇ ਹੀ ਰਸਤੇ ਜਿਧਰੋਂ ਦੀ ਹਮਲਾ ਹੋਣ ਦੀ ਸੰਭਾਵਨਾ ਸੀ, ਖ਼ਾਲਸਾ ਫ਼ੌਜ ਰੱਖ ਕੇ ਉਸ ਇਲਾਕੇ ਨੂੰ ਪੱਕਿਆਂ ਕੀਤਾ। ਖ਼ਾਲਸੇ ਨੇ ਆਪਣੇ ਤੋਪਖ਼ਾਨੇ ਨੂੰ ਅੱਗੇ ਵਧਣ ਲਈ ਸੁਚੇਤ ਕੀਤਾ। ਸਰਦਾਰ ਹਰੀ ਸਿੰਘ ਨੇ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਮੱਤ ਦੇਣ ਲਈ ਤੈਹਕਾਲ ਬਾਲਾ ਦੇ ਨੇੜੇ ਦਾ ਮੈਦਾਨ ਹੀ ਯੋਗ ਸਮਝਿਆ। ਨਲਵੇ ਨੇ ਆਪਣੀ ਫ਼ੌਜ ਨੂੰ ਇਥੇ ਮੋਰਚੇ ਬਣਾਉਣ ਦਾ ਹੁਕਮ ਦੇ ਦਿੱਤਾ। ਉਹ ਮੋਰਚੇ ਘੋੜੇ ਦੇ ਨਾਲ ਦੀ ਸ਼ਕਲ



Digitized by Panjab Digital Library | www.panjabdigilib.org

ਵਿਚ ਬਣਾਏ ਗਏ ਸਨ। ਉਸ ਸਮੇਂ ਇਸ ਤਰੀਕੇ ਦੇ ਮੋਰਚਿਆਂ ਵਿਚ ਵੈਰੀ ਨੂੰ ਸੌਖਾ ਹੀ ਘੇਰੇ ਵਿਚ ਫਸਾਣ ਲਈ ਕਾਮਯਾਬ ਹੋ ਗਏ ਸਨ। ਖ਼ਾਲਸੇ ਨੇ ਵੈਰੀ ਦੇ ਪੁਜਦਿਆਂ ਹੀ ਤੋਪਾਂ ਦਾ ਮੂੰਹ ਉਨ੍ਹਾਂ ਵੱਲ ਫੇਰ ਦਿੱਤਾ। ਖ਼ੂਬ ਗੋਲਾ ਬਾਰੀ ਕੀਤੀ ਗਈ। ਦੋਹਾਂ ਪਾਸਿਆਂ ਤੋਂ ਵਧ ਚੜ੍ਹ ਕੇ ਤੇਗਾਂ ਮਾਰੀਆਂ ਗਈਆਂ। ਹਰ ਪਾਸੇ ਤਲਵਾਰਾਂ ਹੀ ਤਲਵਾਰਾਂ ਚਮਕ ਰਹੀਆਂ ਸਨ। ਇਸ ਮੁੱਠ ਭੇੜ ਵਿਚ ਉਹ ਖ਼ੂਨ ਡੁਲਿਆ ਕਿ ਦੇਖ ਕੇ ਦਿਲ ਹੱਲ ਜਾਂਦਾ ਸੀ। ਹਰ ਪਾਸੇ ਲੋਥਾਂ ਹੀ ਲੋਥਾਂ ਦੇ ਢੇਰ ਲੱਗ ਗਏ। ਅਮੀਰ ਦੋਸਤ ਮੁਹੰਮਦ ਖ਼ਾਨ ਜਾਨ ਤੋਂ ਹੱਥ ਧੋ ਕੇ ਬੜੇ ਮਜ਼ਬੀ ਜੋਸ਼ ਵਿਚ ਅੱਗੇ ਵਧ ਕੇ ਦਲੇਰੀ ਨਾਲ ਲੜਿਆ। ਹੌਲੀ ਹੌਲੀ ਖ਼ਾਲਸੇ ਨੇ ਉਸ ਨੂੰ ਆਪਣੇ ਘੇਰੇ ਵਿਚ ਲੈ ਲਿਆ। ਇਸ ਤਰ੍ਹਾਂ ਖ਼ਾਲਸੇ ਦੇ ਕਮਾਨਗੋਸ਼ਾ ਮੋਰਚੇ ਬੜੇ ਸਹਾਈ ਸਿੱਧ ਹੋਏ, ਜਿਨ੍ਹਾਂ ਨਾਲ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਉਲਟਾ ਲੈਣੇ ਦੇ ਦੇਣੇ ਪੈ ਗਏ। ਸਾਰਾ ਦਿਨ ਲੜਾਈ ਜਾਰੀ ਰੋਹੀ। ਦੋਸਤ ਮੁਹੰਮਦ ਖ਼ਾਨ ਜਾਨ ਤਲੀ ਤੇ ਰੱਖ ਕੇ ਥਾਂ ਥਾਂ ਪਹੁੰਚ ਕੇ ਹੱਲਾ ਸ਼ੇਰੀ ਦੇ ਰਿਹਾ ਸੀ। ਜਿਉਂ ਜਿਉਂ ਦਿਨ ਲਥਦਾ ਗਿਆ ਖ਼ਾਲਸੇ ਦੇ ਜੋਸ਼ ਉਤਾਵਲੇ ਹੁੰਦੇ ਗਏ। ਉਹ ਵੈਰੀ ਨੂੰ ਦੱਬੀ ਜਾ ਰਹੇ ਸਨ। ਜਿਉਂ ਜਿਉਂ ਖ਼ਾਲਸਾ ਅਗ੍ਹਾਂਹ ਵਧ ਰਿਹਾ ਸੀ, ਵੈਰੀ ਪਿਛਾਂਹ ਹਟਦਾ ਜਾ ਰਿਹਾ ਸੀ, ਪਰੰਤੂ ਹੁਣ ਘੇਰੇ ਵਿਚ ਆ ਜਾਣ ਕਰ ਕੇ ਵੈਰੀ ਕਿਸੇ ਪਾਸੇ ਵੀ ਹਿੱਲ ਨਹੀਂ ਸਕਦਾ ਸੀ। ਖ਼ਾਨ ਦੇ ਦਿਲ ਵਿਚ ਅਜੇ ਵੀ ਅਥਾਹ ਜੋਸ਼ ਸੀ। ਉਹ ਆਪਣੇ ਆਪ ਨੂੰ ਖ਼ਾਲਸੇ ਦੇ ਹਵਾਲੇ ਕਰਨਾ ਸ਼ਾਨ ਦੇ ਉਲਟ ਸਮਝਦਾ ਸੀ। ਉਸ ਨੇ ਬਾਂਹ ਉਲਾਰਦਿਆਂ ਆਪਣੀ ਫ਼ੌਜ ਨੂੰ ਮੁੜ ਹੱਲਾ ਸ਼ੇਰੀ ਦਿੱਤੀ ਤੇ ਉਸ ਦੀ ਫ਼ੌਜ ਖ਼ਾਲਸੇ ਤੇ ਫੇਰ ਟੁੱਟ ਪਈ। ਇਉਂ ਮੈਦਾਨ ਮੁੜ ਗਰਮ ਹੋ ਗਿਆ ਜੋ ਰਾਤ ਦੇ ਹਨੇਰੇ ਨੇ ਹੀ ਠੰਡਾ ਕੀਤਾ। ਅਮੀਰ ਦੋਸਤ ਮੁਹੰਮਦ ਖ਼ਾਨ ਤੇ ਉਸ ਦੀਆਂ ਫ਼ੌਜਾਂ ਨੇ ਰਾਤ ਵੇਲੇ ਖਿਸਕ ਜਾਣਾ ਹੀ ਠੀਕ ਸਮਝਿਆ। ਹੁਣ ਮੈਦਾਨ ਖ਼ਾਲਸੇ ਦੇ ਹੱਥ ਸੀ।

ਸਰਦਾਰ ਹਰੀ ਸਿੰਘ ਦੀਆਂ ਫ਼ੌਜਾਂ ਨੇ ਅਮੀਰ ਦੀਆਂ ਫ਼ੌਜਾਂ ਨੂੰ ਅਜੇਹੀ ਲੱਕ-ਤੋੜਵੀਂ ਭਾਂਜ ਦਿੱਤੀ ਜੋ ਕਿ ਉਹ ਉਮਰ ਭਰ ਭੁੱਲਣ ਜੋਗ ਨਹੀਂ ਸੀ। ਇਸ ਤਰ੍ਹਾਂ ਦੋਸਤ ਮੁਹੰਮਦ ਖ਼ਾਨ ਮੈਦਾਨ ਛੱਡ ਕੇ ਕਾਬਲ ਪਹੁੰਚ ਗਿਆ। ਇਸ ਲੜਾਈ ਵਿਚ ਖ਼ਾਲਸੇ ਦੇ ਹੱਥ ਅਮੀਰ ਦੋਸਤ ਮੁਹੰਮਦ ਖ਼ਾਨ ਦੀਆਂ ਦੋ ਵਡੀਆਂ ਤੋਪਾਂ ਤੇ ਹੋਰ ਕਾਫ਼ੀ ਮਾਤ੍ਰਾ ਵਿਚ ਜੰਗੀ ਸਾਮਾਨ ਆਇਆ। ਇਸ ਮਹਾਨ ਜਿੱਤ ਦੇ ਬਾਅਦ ਮਹਾਰਾਜਾ ਰਣਜੀਤ ਸਿੰਘ ਖ਼ੁਸ਼ੀ ਖ਼ੁਸ਼ੀ ਇਸ ਇਲਾਕੇ ਵਿਚ ਪਹੁੰਚੇ। ਉਨ੍ਹਾਂ ਨੇ ਸਰਹੱਦ ਦੇ ਇਸ ਇਲਾਕੇ ਦਾ ਦੌਰਾ ਕੀਤਾ ਤੇ ਅੱਗੇ ਨੂੰ ਪਿਸ਼ਾਵਰ ਦੇ ਪ੍ਰਬੰਧ ਲਈ ਸਰਦਾਰ ਹਰੀ ਸਿੰਘ ਨਲੂਏ ਦੇ ਅਧੀਨ ਫ਼ੌਜਿ ਆਈਨ ਦੀਆਂ ਅੱਠ ਕਵਾਇਦਦਾਨ ਪਲਟਣਾਂ ਅਤੇ ਪੰਦਰਾਂ ਵਡੀਆਂ ਤੋਪਾਂ, ਘੋੜਿਆਂ ਤੇ ਰਸਾਲਿਆਂ ਦੇ ਰਹਿਣ ਦਾ ਹੁਕਮ ਦਿੱਤਾ, ਜਿਸ ਤੇ ਉਸ ਸਮੇਂ ਅੱਠ ਲੱਖ ਰੁਪਿਆ ਸਾਲਾਨਾ ਖ਼ਰਚ ਆਉਂਦਾ ਸੀ।

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੇ ਹਰੀ ਸਿੰਘ ਨਲੂਏ ਨੇ ਕਾਬਲ ਤੇ



Digitized by Panjab Digital Library | www.panjabdigilib.org

ਜਲਾਲਾਬਾਦ ਦੇ ਇਲਾਕਿਆਂ ਨੂੰ ਖ਼ਾਲਸਾ ਰਾਜ ਨਾਲ ਮਿਲਾਉਣ ਬਾਰੇ ਸਲਾਹ ਮਸ਼ਵਰਾ ਕਰ ਲਿਆ ਜੋ ਹੌਲੀ ਹੌਲੀ ਹੀ ਸੰਪੂਰਣ ਹੋਣਾ ਸੀ। ਜਦੋਂ ਸਰਦਾਰ ਹਰੀ ਸਿੰਘ ਨਲਵੇ ਨੇ ਇਨ੍ਹਾਂ ਰਸਤਿਆਂ ਵਿਚ ਨਵੇਂ ਅਤੇ ਮਜ਼ਬੂਤ ਕਿਲ੍ਹੇ ਬਣਵਾਉਣੇ ਅਰੰਭ ਦਿੱਤੇ ਤਾਂ ਉਸ ਇਲਾਕੇ ਦੇ ਹੁਕਮਰਾਨ ਇਹ ਦੇਖ ਕੇ ਭੈ-ਭੀਤ ਹੋ ਗਏ। ਅਮੀਰ ਦੋਸਤ ਮੁਹੰਮਦ ਖ਼ਾਨ, ਜੋ ਕਈ ਵਾਰ ਨਲਵੇ ਸਰਦਾਰ ਦੇ ਕਰਾਰੇ ਹੱਥ ਦੇਖ ਚੁੱਕਿਆ ਹੋਇਆ ਸੀ, ਆਪ ਤਾਂ ਇਸ ਨਵੀਂ ਮੁਹਿੰਮ ਦਾ ਆਗੂ ਬਣਨੋਂ ਕੰਨੀ ਕਤਰਾਉਂਦਾ ਸੀ। ਇਸ ਲਈ ਉਸ ਨੇ ਆਪਣੇ ਪੁੱਤ੍ਰਾਂ ਨੂੰ ਅੱਗੇ ਲਾ ਕੇ ਲੋਕਾਂ ਨੂੰ ਇਸ ਮੁਹਿੰਮ ਲਈ ਉਕਸਾਇਆ। ਅਮੀਰ ਨੇ ਆਪਣੇ ਪੰਜੇ ਹੀ ਪੁੱਤ੍ਰ ਇਸ ਜੰਗ ਲਈ ਅੱਗੇ ਲਾਏ ਤੇ ਕਿਹਾ, "ਮੈਂ ਆਪਣੇ ਪੰਜੇ ਹੀ ਪੁੱਤ੍ਰ ਇਸਲਾਮ ਦੀ ਇੱਜ਼ਤ ਨੂੰ ਕਾਫ਼ਰਾਂ ਤੋਂ ਬਚਾਉਣ ਲਈ ਸੌਂਪਦਾ ਹਾਂ। ਇਹ ਕੌਮ ਦੇ ਅਧੀਨ ਹਨ; ਹੁਣ ਇਹ ਮੇਰੇ ਬੱਚੇ ਨਹੀਂ। ਕੌਮ ਜੋ ਇਨ੍ਹਾਂ ਤੋਂ ਕੁਰਬਾਨੀ ਕਰਵਾਉਣੀ ਚਾਹੇ, ਕਰਵਾ ਸਕਦੀ ਹੈ।" ਜਦ ਅਫ਼ਗਾਨੀ ਮਾਵਾਂ ਅਮੀਰ ਦੇ ਪੰਜਾਂ ਪੁੱਤ੍ਰਾਂ ਨੂੰ ਇਸ ਜੰਗ ਵਿਚ ਸ਼ਾਮਲ ਹੋਣ ਬਾਰੇ ਸੁਣਦੀਆਂ ਤਾਂ ਉਹ ਆਪਣੇ ਪੁੱਤ੍ਰਾਂ ਨੂੰ ਮੱਲੋ ਜ਼ੋਰੀ ਇਸ ਜੰਗ ਵਿਚ ਭੇਜਦੀਆਂ ਸਨ। ਕੋਈ ਘਰ ਐਸਾ ਨਾ ਰਿਹਾ, ਜਿਸ ਦਾ ਜੁਆਨ ਇਸ ਮੁਹਿੰਮ ਵਿਚ ਸ਼ਾਮਲ ਨਾ ਹੋਇਆ ਹੋਵੇ। ਇਸ ਤਰ੍ਹਾਂ ਅਣਗਿਣਤ ਲੋਕ ਅਮੀਰ ਦੇ ਪੁੱਤ੍ਰਾਂ ਦੇ ਝੰਡੇ ਥੱਲੇ ਆ ਜਮ੍ਹਾਂ ਹੋਏ ਤੇ ਇਉਂ ਅਮੀਰ ਦੋਸਤ ਮੁਹੰਮਦ ਖ਼ਾਨ ਦੀ ਚਾਲ ਕਾਮਯਾਬ ਹੋ ਗਈ ਤੇ ਉਹ ਆਪ ਇਸ ਜੰਗ ਤੋਂ ਪਰੇ ਰਿਹਾ।

## ਕਿਲ੍ਹਾ ਜਮਰੋਦ ਉਤੇ ਅਫ਼ਗਾਨਾਂ ਦੀ ਚੜ੍ਹਾਈ

ਅਫ਼ਗਾਨਾਂ ਦੀਆਂ ਜਦ ਇਸ ਤਰ੍ਹਾਂ ਸਾਰੀਆਂ ਹੀ ਜੰਗੀ ਤਿਆਰੀਆਂ ਹੋ ਗਈਆਂ ਤਾਂ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਆਪਣੇ ਇਸ ਲਸ਼ਕਰ ਦਾ ਮਿਰਜ਼ਾ ਸ਼ਮੀ ਖ਼ਾਨ ਨੂੰ ਆਗੂ ਥਾਪਿਆ, ਜੋ ਕਿ ਅਫ਼ਗਾਨਿਸਤਾਨ ਦਾ ਬੜਾ ਚੰਗਾ ਰਾਜ-ਪ੍ਰਬੰਧਕ ਸੀ। ਮਿਰਜ਼ਾ ਸ਼ਮੀ ਖ਼ਾਨ ਅਮੀਰ ਦੇ ਪੁੱਤ੍ਰਾਂ ਸਮੇਤ ਲਸ਼ਕਰ ਲੈ ਕੇ ਸ਼ੁਰੂ ਅਪਰੈਲ ਸੰਨ ੧੮੩੭ ਈਸਵੀ ਨੂੰ ਕਿਲ੍ਹਾ ਜਮਰੌਦ (ਫਤਿਹ ਗੜ੍ਹ) ਤੇ ਹਮਲਾ ਕਰਨ ਲਈ ਤੁਰ ਪਏ। ਉਸ ਨੇ ਆਪਣੀ ਫ਼ੌਜ ਨੂੰ ਦੋ ਭਾਗਾਂ ਵਿਚ ਵੰਡ ਲਿਆ। ਪਹਿਲੇ ਭਾਗ ਵਿਚ ਤੀਹ ਹਜ਼ਾਰ ਫ਼ੌਜ ਤੇ ਚਾਲੀ ਵੱਡੀਆਂ ਤੋਪਾਂ ਅਤੇ ਹੋਰ ਜੰਗੀ ਸਾਮਾਨ ਸੀ, ਜੋ ਕਿ ਦੱਰਾ ਖ਼ੈਬਰ ਵੱਲ ਤੋਰਿਆ ਗਿਆ। ਦੂਜੇ ਭਾਗ ਵਿਚ ਕਈ ਨਵਾਬ ਤੇ ਮੰਨੇ ਪ੍ਰਮੰਨੇ ਖ਼ਾਨ ਸਰਦਾਰ ਸਨ, ਜਿਨ੍ਹਾਂ ਦੇ ਨਾਲ ਹਜ਼ਾਰਾਂ ਸਿਪਾਹੀ ਸਨ ਤੇ ਦੋ ਹਜ਼ਾਰ ਕਲਮੀ ਰਸਾਲਾ ਫ਼ੌਜ, ਛੇ ਤੋਪਾਂ ਤੇ ਹੋਰ ਮੁਲਕਈਆ ਲਸ਼ਕਰ ਸੀ, ਇਹ ਕਿਲ੍ਹਾ ਸ਼ੰਕਰ ਗੜ੍ਹ ਅਤੇ ਮਿਚਨੀ ਤੇ ਧਾਵਾ ਕਰਨ ਲਈ ਤੁਰ ਪਏ। ਅਮੀਰ ਦੋਸਤ ਮੁਹੰਮਦ ਖ਼ਾਨ ਦੀਆਂ ਇਹ ਫ਼ੌਜਾਂ ਕਾਬਲ ਤੋਂ ਚੱਲ ਕੇ ੪ ਅਪਰੈਲ ਸੰਨ ੧੮੩੭ ਈਸਵੀ ਨੂੰ ਮਾਰੋ ਮਾਰ ਕਰਦੀਆਂ ਹੋਈਆਂ ਲੰਡੀਖ਼ਾਨੇ ਪਹੁੰਚ ਗਈਆਂ।



Digitized by Panjab Digital Library | www.panjabdigilib.org

ਸਰਦਾਰ ਹਰੀ ਸਿੰਘ ਨਲਵੇ ਨੂੰ ਖ਼ਬਰ ਪਹੁੰਚਾਣ ਵਾਲਿਆਂ ਪਹਿਲਾਂ ਹੀ ਕਾਬਲ ਵੱਲੋਂ ਹੋ ਰਹੀਆਂ ਤਿਆਰੀਆਂ ਬਾਰੇ ਸੁਚੇਤ ਕਰ ਦਿੱਤਾ ਸੀ। ਪਰੰਤੂ ਉਨ੍ਹਾਂ ਦਿਨਾਂ ਵਿਚ ਸਰਦਾਰ ਹਰੀ ਸਿੰਘ ਕਿਲੇ ਬਣਵਾਉਣ ਤੇ ਹੋਰ ਪ੍ਰਬੰਧ ਪੱਕਾ ਕਰਨ ਲਈ ਦਿਨ ਰਾਤ ਦੀ ਮਿਹਨਤ ਕਾਰਣ ਬੀਮਾਰ ਹੋ ਗਏ ਸਨ। ਵੈਦਾਂ, ਹਕੀਮਾਂ ਦੇ ਕਹਿਣ ਅਨੁਸਾਰ ਆਪ ਦੀ ਸਿਹਤ ਕਾਫ਼ੀ ਕਮਜ਼ੋਰ ਹੋ ਗਈ ਸੀ; ਜਿਸ ਕਰ ਕੇ ਅਧਿਕ ਆਰਾਮ ਦੀ ਲੋੜ ਸੀ।

## ਕੰਵਰ ਨੌਂ ਨਿਹਾਲ ਸਿੰਘ ਦੀ ਸ਼ਾਦੀ ਅਤੇ ਦਰਬਾਰ ਲਾਹੌਰ ਵਲੋਂ ਵੇਲੇ ਸਿਰ ਸਹਾਇਤਾ ਨਾ ਪੁੱਜਣੀ :

ਮਾਰਚ ਸੰਨ ੧੮੩੭ ਈਸਵੀ ਵਿਚ ਕੰਵਰ ਨੌਂ ਨਿਹਾਲ ਸਿੰਘ ਦੀ ਸ਼ਾਦੀ ਬੜੀ ਧੂਮ ਧਾਮ ਨਾਲ ਲਾਹੌਰ ਵਿਖੇ ਹੋਈ। ਇਸ ਸ਼ਾਦੀ ਤੇ ਦੂਰੋਂ ਦੂਰੋਂ ਰਾਜੇ ਮਹਾਰਾਜੇ ਤੇ ਨਵਾਬ ਬੁਲਾਏ ਗਏ ਸਨ। ਅੰਗਰੇਜ਼ਾਂ ਵਲੋਂ ਵੀ ਇਸ ਸ਼ਾਦੀ ਵਿਚ ਸਰ ਹੈਨਰੀ ਫ਼ੇਨ ਕਮਾਂਡਰ ਇਨ-ਚੀਫ਼ ਪਹੁੰਚਿਆ। ਸੋ ਕੁਦਰਦੀ ਹੀ ਇਸ ਵੇਲੇ ਸ਼ਾਨ ਨੂੰ ਉਚੇਰਾ ਬਨਾਣ ਲਈ ਪਿਸ਼ਾਵਰ ਤੋਂ ਕਾਫ਼ੀ ਫ਼ੋਜ ਲਾਹੌਰ ਬੁਲਾ ਲਈ ਗਈ। ਸਰਦਾਰ ਹਰੀ ਸਿੰਘ ਨਲਆ ਪਿਸ਼ਾਵਰ ਦੇ ਰਾਜ ਪ੍ਰਬੰਧ ਦੀਆਂ ਔਕੜਾ ਕਾਰਣ ਇਸ ਸ਼ਾਦੀ ਵਿਚ ਸ਼ਾਮਲ ਨਾ ਹੋ ਸਕਿਆ, ਜਿਸ ਕਰ ਕੇ ਉਸ ਨੇ ਵਾਜਿਬ ਭੇਟਾ ਤੇ ਨਜ਼ਰ-ਨਿਆਜ਼ ਆਪਣੇ ਪੁੱਤ੍ਰ ਸ: ਜਵਾਹਰ ਸਿੰਘ ਰਾਹੀਂ ਲਾਹੌਰ ਭੇਜ ਦਿੱਤੀ। ਪਿਸ਼ਾਵਰੋਂ ਇਸ ਸ਼ਾਦੀ ਸਮੇਂ ਭੇਜੀ ਗਈ ਬਹੁਤ ਸਾਰੀ ਫ਼ੌਜ ਅਜੇ ਲਾਹੌਰ ਹੀ ਮੌਜੂਦ ਸੀ। ਸੋ ਜਦੋਂ ੪ ਅਪ੍ਰੈਲ ੧੮੩੭ ਨੂੰ ਸਰਦਾਰ ਹਰੀ ਸਿੰਘ ਨਲਵੇ ਨੂੰ ਅਫ਼ਗਾਨਾਂ ਵਲੋਂ ਕੀਤੀ ਜਾ ਰਹੀ ਚੜ੍ਹਾਈ ਦਾ ਪਤਾ ਲਗਿਆ ਤਾਂ ਉਨ੍ਹਾਂ ਜਲਦੀ ਹੀ ਇਕ ਚਿੱਠੀ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਲਾਹੌਰ ਭੇਜ ਦਿੱਤੀ. ਜਿਸ ਵਿਚ ਸਰਦਾਰ ਹੋਰਾਂ ਆਪਣੀ ਬੀਮਾਰੀ ਬਾਰੇ ਅਤੇ ਕਾਬਲ ਦੇ ਅਫ਼ਗਾਨਾਂ ਵਲੋਂ ਕੀਤੀ ਜਾ ਰਹੀ ਚੜ੍ਹਾਈ ਬਾਰੇ ਵਿਸਥਾਰ ਨਾਲ ਲਿਖਿਆ ਸੀ ਤੇ ਅਖ਼ੀਰ ਵਿਚ ਇਹ ਮੰਗ ਕੀਤੀ ਗਈ ਸੀ ਕਿ ਜਲਦੀ ਹੀ ਪਿਸ਼ਾਵਰ ਦੀਆਂ ਫ਼ੌਜਾਂ ਲਾਹੌਰੋਂ ਵਾਪਸ ਘੱਲੀਆਂ ਜਾਣ, ਤੇ ਇਸ ਦੇ ਨਾਲ ਹੀ ਹੋਰ ਵੀ ਫ਼ੌਜੀ ਤਿਆਰੀ ਦੀ ਜ਼ਰੂਰਤ ਹੈ, ਕਿਉਂਕਿ ਦੁਸ਼ਮਨ ਬਹੁ-ਗਿਣਤੀ ਵਿਚ ਅਫ਼ਗਾਨਾਂ ਦਾ ਲਸ਼ਕਰ ਤਿਆਰ ਕਰੀ ਆ ਰਿਹਾ ਹੈ। ਇਹ ਜ਼ਰੂਰੀ ਚਿੱਠੀ ਲੈ ਜਾਣ ਵਾਲਾ ਪੈਰੋਕਾਰ ਅਪਰੈਲ ਦੇ ਪਹਿਲੇ ਹਫ਼ਤੇ ਲਾਹੌਰ ਪਹੁੰਚ ਚੁਕਿਆ ਸੀ, ਜੋ ਕਿ ਪਹਿਲਾਂ ਰਾਜਾ ਧਿਆਨ ਸਿੰਘ ਨੂੰ ਮਿਲਿਆ। ਰਾਜਾ ਧਿਆਨ ਸਿੰਘ ਨੇ ਇਹ ਚਿੱਠੀ ਆਪਣੇ ਹੀ ਪਾਸ ਰੱਖ ਛਡੀ, ਜਿਸ ਦੇ ਨਤੀਜੇ ਵਜੋਂ ਕੋਈ ਉੱਤਰ ਨਾ ਮਿਲਿਆ ਤੇ ਖ਼ਾਲਸੇ ਨੂੰ ਕਾਫ਼ੀ ਨੁਕਸਾਨ ਝੱਲਣਾ ਪਿਆ। ਸਰਦਾਰ ਹਰੀ ਸਿੰਘ ਨਲੂਆ ਲਾਹੌਰ ਵਲੋਂ ਆਉਣ ਵਾਲੀਆਂ ਸਹਾਇਕ ਫ਼ੌਜਾਂ ਦੀ ਉਡੀਕ ਕਰ ਰਹਿਆ ਸੀ। ਕਾਫ਼ੀ ਉਡੀਕ ਤੋਂ ਬਾਅਦ ਨਲਵੇ ਨੇ



Digitized by Panjab Digital Library | www.panjabdigilib.org

ਉਥੋਂ ਦੀ ਮੌਜੂਦਾ ਫ਼ੌਜ ਨੂੰ ਹੀ ਤਿਆਰੀ ਦਾ ਹੁਕਮ ਦੇ ਦਿੱਤਾ। ਖ਼ਾਲਸਾ ਫ਼ੌਜਾਂ ਨੇ ਆਪਣੀਆਂ ਤਿਆਰੀਆਂ ਅਰੰਭ ਕਰ ਦਿਤੀਆਂ। ਅਖ਼ੀਰ ੨੭ ਅਪਰੈਲ ਤਕ ਨਲਵੇ ਨੂੰ ਸ਼ੇਰੇ ਪੰਜਾਬ ਵਲੋਂ ਨਾ ਕੋਈ ਉੱਤਰ ਹੀ ਪੁੱਜਾ ਤੇ ਨਾ ਫ਼ੌਜ ਹੀ ਪਹੁੰਚੀ। ਨਲਵੇ ਨੂੰ ਡਾਢਾ ਫ਼ਿਕਰ ਲੱਗਾ ਹੋਇਆ ਸੀ। ਨਲਵੇ ਲਈ ਇਹ ਘੜੀ ਡਾਢੀ ਪਰੀਖਿਆ ਵਾਲੀ ਸੀ।

ਉਧਰ ਅਫ਼ਗਾਨੀ ਫ਼ੌਜ ਮਾਰੋ ਮਾਰ ਕਰਦੀ ਅੱਗੇ ਵਧਦੀ ਆ ਰਹੀ ਸੀ। ਉਨ੍ਹਾਂ ੨੭ ਅਪਰੈਲ ਨੂੰ ਲੰਡੀਖਾਨੇ ਤੋਂ ਕੂਚ ਕਰ ਦਿੱਤਾ ਸੀ। ਅਫ਼ਗਾਨੀਆਂ ਨੇ ਇਹ ਵੀ ਸੂੰਧਕ ਲਾ ਲਈ ਸੀ ਕਿ ਕਿਲ੍ਹਾ ਜਮਰੌਦ ਵਿਖੇ ਸਰਦਾਰ ਹਰੀ ਸਿੰਘ ਨਲਵਾ ਆਪ ਹਾਜ਼ਰ ਨਹੀਂ, ਜਿਸ ਨਾਲ ਅਫ਼ਗਾਨਾਂ ਦੇ ਹੌਸਲੇ ਹੋਰ ਵੀ ਵਧ ਗਏ। ਉਹ ਹੁਣ ਖ਼ੁਸ਼ੀ ਖ਼ੁਸ਼ੀ ਕਿਲ੍ਹਾ ਜਮਰੌਦ ਵੱਲ ਵਧਣ ਲੱਗੇ। ਉਨ੍ਹਾਂ ੨੮ ਅਪਰੈਲ ਨੂੰ ਆਪਣੀਆਂ ਤੋਪਾਂ ਦਾ ਮੂੰਹ ਕਿਲ੍ਹੇ ਵੱਲ ਫੇਰਿਆ ਤੇ ਲੱਗੇ ਗੋਲਾ ਬਾਰੀ ਕਰਨ। ਉਧਰ ਸਰਦਾਰ ਮਹਾਂ ਸਿੰਘ ਨੇ ਵੀ, ਜੋ ਕਿ ਕਿਲ੍ਹੇ ਦੀ ਰਖਵਾਲੀ ਲਈ ਆਪਣੀ ਪੂਰੀ ਪੂਰੀ ਤਿਆਰੀ ਕਰ ਚੁੱਕਿਆ ਸੀ, ਕਿਲ੍ਹੇ ਦੀਆਂ ਕੰਧਾਂ ਉਤੇ ਬੀੜੀਆਂ ਗਈਆਂ ਤੋਪਾਂ ਨੂੰ ਚਲਾਉਣ ਦਾ ਹੁਕਮ ਦੇ ਦਿੱਤਾ। ਬੱਸ ਫੇਰ ਕੀ ਸੀ, ਕਾੜ ਕਾੜ ਗੋਲਿਆਂ ਦੀ ਅਵਾਜ਼ ਨੇ ਆਕਾਸ਼ ਗੂੰਜਾ ਦਿੱਤਾ। ਉਧਰ ਬੰਦੂਕਾਂ ਵਾਲਿਆਂ ਨੇ ਆਪਣੇ ਨਿਸ਼ਾਨੇ ਨਾ ਉੱਕਣ ਦਿੱਤੇ। ਇਉਂ ਵੈਰੀ ਨੂੰ ਖ਼ਾਲਸੇ ਨੇ ਠੱਲ੍ਹਿਆ ਤੇ ਇਕ ਕਦਮ ਵੀ ਅੱਗੇ ਨਾ ਵਧਣ ਦਿੱਤਾ। ਵੈਰੀ ਦਾ ਕਾਫ਼ੀ ਨੁਕਸਾਨ ਹੋਇਆ। ਮੈਦਾਨ ਵਿਚ ਕਾਫ਼ੀ ਲੋਥਾਂ ਇਧਰ ਉਧਰ ਫੈਲ ਗਈਆਂ। ਦੋਹਾਂ ਧਿਰਾਂ ਨੇ ਸਾਰਾ ਦਿਨ ਦਿਲ ਖੋਲ੍ਹਕੇ ਗੋਲਾਬਾਰੀ ਕੀਤੀ, ਬਾਰੂਦ ਫੂਕਿਆ ਤੇ ਫ਼ੌਜਾਂ ਆਪੋ ਆਪਣੇ ਟਿਕਾਣਿਆਂ ਤੇ ਜੰਮੀਆਂ ਰਹੀਆਂ। ਤ੍ਰਿਕਾਲਾਂ ਤੋਂ ਬਾਅਦ ਲੜਾਈ ਬੰਦ ਹੋ ਗਈ। ਦੋਵੇਂ ਧਿਰਾਂ ਆਪੋ ਆਪਣੇ ਫੱਟੜਾਂ ਅਤੇ ਲਾਸ਼ਾਂ ਨੂੰ ਸੰਭਾਲਣ ਲੱਗੀਆਂ। ਇਸ ਦਿਨ ਦੀ ਲੜਾਈ ਵਿਚ ਖ਼ਾਲਸੇ ਦਾ ਸੂਰਬੀਰ ਯੋਧਾ ਸਰਦਾਰ ਅਜਬ ਸਿੰਘ ਰੰਧਾਵਾ ਸ਼ਹੀਦੀ ਪਾ ਗਿਆ।

ਅਗਲੇ ਦਿਨ ਵੈਰੀ ਨੇ ਬੜੇ ਜੋਸ਼ ਨਾਲ ਕਿਲ੍ਹੇ ਤੇ ਧਾਵਾ ਕੀਤਾ। ਅੱਜ ਉਨ੍ਹਾਂ ਦਾ ਉਤਸਾਹ ਪਹਿਲਾਂ ਤੋਂ ਕਿਤੇ ਜ਼ਿਆਦਾ ਦਿਖਾਈ ਦਿੰਦਾ ਸੀ। ਉਨ੍ਹਾਂ ਨੇ ਤੇਜ਼ੀ ਨਾਲ ਕਿਲ੍ਹੇ ਤੇ ਗੋਲੇ ਵਰ੍ਹਾਣੇ ਅਰੰਭ ਦਿੱਤੇ। ਖ਼ਾਲਸੇ ਨੇ ਵੀ ਬਾਜਾਂ ਵਾਲੇ ਦੀ ਓਟ ਲੈ ਕੇ ਇੰਨੀ ਬਹਾਦਰੀ ਅਤੇ ਦ੍ਰਿੜ੍ਹਤਾ ਨਾਲ ਗੋਲਾਬਾਰੀ ਕੀਤੀ ਕਿ ਦੁਸ਼ਮਣ ਦੇ ਛੱਕੇ ਛੁਡਾ ਦਿੱਤੇ। ਪਰ ਵੈਰੀ ਦੀ ਬਹੁ-ਗਿਣਤੀ ਨੇ ਕੋਈ ਪੇਸ਼ ਨਾ ਜਾਣ ਦਿੱਤੀ। ਖ਼ਾਲਸਾ ਜਿੰਨਿਆਂ ਸਿਪਾਹੀਆਂ ਨੂੰ ਆਪਣਾ ਗੋਲੀ ਦਾ ਨਿਸ਼ਾਨਾ ਬਣਾਉਂਦਾ ਸੀ,ਉੱਨੇ ਹੀ ਹੋਰ ਉਸ ਜਗ੍ਹਾ ਪੁੱਜ ਜਾਂਦੇ ਸਨ। ਇਉਂ ਕਦੇ ਵੈਰੀ ਅੱਗੇ ਵਧ ਜਾਂਦਾ ਤੇ ਕਦੇ ਖ਼ਾਲਸੇ ਦੀਆਂ ਕਹਿਰ ਭਰੀਆਂ ਗੋਲੀਆਂ ਨਾਲ ਪਿੱਛੇ ਹੱਟ ਜਾਂਦਾ ਸੀ। ਅਖੀਰ ਜਦ ਮਿਰਜ਼ਾ ਸ਼ਮੀ ਖ਼ਾਨ ਨੇ ਆਪਣੇ ਲਸ਼ਕਰ ਤੇ ਫ਼ੌਜਾਂ ਨੂੰ ਹੱਲਾ ਸ਼ੇਰੀ ਦਿੱਤੀ ਤਾਂ ਉਹ ਗੋਲੀਆਂ ਦੀ ਪਰਵਾਹ ਨਾ ਕਰਦੇ ਹੋਏ ਆਪਣੀ ਜਾਨ ਤਲੀ ਤੇ ਰੱਖ ਕੇ ਕਿਲ੍ਹੇ ਵੱਲ ਨੂੰ ਹੋ ਤੁਰੇ। ਇਸ ਤਰ੍ਹਾਂ ਖਾਲਸੇ ਦੀ ਇਕ ਹਜ਼ਾਰ ਫ਼ੌਜ ਵੈਰੀ ਦੀ ਤੀਹ



Digitized by Panjab Digital Library | www.panjabdigilib.org

ਹਜ਼ਾਰ ਫ਼ੌਜ ਨੂੰ ਠੱਲ ਨਾ ਸਕੀ। ਉਨ੍ਹਾਂ ਆਪਣਾ ਭਾਰੀ ਨੁਕਸਾਨ ਉਠਾ ਕੇ ਵੀ ਕਿਲ੍ਹੇ ਨੂੰ ਘੇਰੇ ਵਿਚ ਲੈ ਲਿਆ। ਖ਼ਾਲਸਾ ਫ਼ੌਜਾਂ ਆਖ਼ਰੀ ਦਮ ਤੱਕ ਲੜਦੀਆਂ ਹੋਈਆਂ ਕਿਲ੍ਹੇ ਵਿਚ ਘਿਰ ਗਈਆਂ, ਪਰੰਤੂ ਦੁਸ਼ਮਨ ਦੀਆਂ ਫ਼ੌਜਾਂ ਕਿਲ੍ਹੇ ਅੰਦਰ ਦਾਖ਼ਲ ਹੋਣ ਲਈ ਅੱਗੇ ਵਧਣ ਦਾ ਹੌਸਲਾ ਨਾ ਕਰ ਸਕੀਆਂ, ਉਨ੍ਹਾਂ ਨੂੰ ਖ਼ਾਲਸੇ ਤੋਂ ਇੰਨਾ ਭੈ ਸੀ। ਜਦ ਮੁਹੰਮਦ ਅਫ਼ਜ਼ਲ ਖ਼ਾਨ ਆਪਣ ਸਵਾਰਾਂ ਸਮੇਤ ਕਿਲ੍ਹੇ ਵਿਚ ਵੜਨ ਲਈ ਅੱਗੇ ਵਧਿਆ ਤਾਂ ਮਿਰਜ਼ਾ ਸ਼ਮੀ ਖ਼ਾਨ ਨੇ ਉਸ ਨੂੰ ਰੋਕ ਦਿੱਤਾ ਤੇ ਕਿਹਾ ਕਿ ਐਵੇਂ ਮੌਤ ਨਾ ਖ਼ਰੀਦੋ, ਸਿੱਖਾਂ ਨਾਲ ਹੱਥੋ ਹੱਥੀ ਲੜਨ ਨਾਲ ਕਾਫ਼ੀ ਨੁਕਸਾਨ ਹੋਵੇਗਾ। ਇਸ ਲਈ ਉਨ੍ਹਾਂ ਨੂੰ ਘੇਰੇ ਵਿਚ ਰੱਖ ਕੇ ਤਸੀਹੇ ਦੇ ਕੇ ਭੁਖੇ ਮਾਰਨਾ ਜ਼ਿਆਦਾ ਸਹਾਈ ਹੋਵੇਗਾ। ਅਫ਼ਗਾਨੀ ਫ਼ੌਜ, ਜੋ ਕਿ ਪਹਿਲਾਂ ਹੀ ਲੜ ਲੜ ਕੇ ਤੰਗ ਹੋਈ ਪਈ ਸੀ, ਇਸ ਗੱਲ ਲਈ ਸਹਿਮਤ ਹੋ ਗਈ।

ਸਰਦਾਰ ਮਹਾਂ ਸਿੰਘ ਅਤੇ ਉਸ ਦੇ ਸਾਥੀ ਕਾਫ਼ੀ ਕੁੜਿੱਕੀ ਵਿਚ ਫਸ ਗਏ ਸਨ, ਕਿਉਂਕਿ ਉਨ੍ਹਾਂ ਨੂੰ ਬਾਹਰੋਂ ਸਿੱਖਾਂ ਦੀ ਹਾਲਾਂ ਤੀਕ ਕੋਈ ਸਹਾਇਤਾ ਨਹੀਂ ਸੀ ਪੁੱਜ ਰਹੀ। ਅੰਤ ਸਰਦਾਰ ਮਹਾਂ ਸਿੰਘ ਨੇ ਆਪਣੇ ਚਿੰਤਾਤੁਰ ਬਹਾਦਰ ਸਿਖਾਂ ਨੂੰ ਇਕ ਥਾਂ ਤੇ ਇਕੱਠੇ ਹੋਣ ਲਈ ਸੱਦਿਆ ਤੇ ਬੜੇ ਪ੍ਰੇਮ ਭਰੇ ਤੇ ਹੌਸਲੇ ਵਾਲੇ ਸ਼ਬਦਾਂ ਨਾਲ ਸੰਬੋਧਨ ਕਰਨਾ ਅਰੰਭ ਦਿੱਤਾ ਕਿ "ਜੇ ਇਸ ਵੇਲੇ ਤੱਕ ਬਾਹਰੋਂ ਕੋਈ ਵੀ ਸਹਾਇਤਾ ਨਹੀਂ ਪੁੱਜੀ ਹੈ ਤਾਂ ਇਸ ਦਾ ਅਸਲੀ ਮਨੋਰਥ ਸਹੀ ਅਰਥਾਂ ਵਿਚ ਕੇਵਲ ਇਹੋ ਹੀ ਹੈ ਕਿ ਪਰਮਾਤਮਾਂ ਨੂੰ ਇਹੋ ਹੀ ਅੱਛਾ ਲਗਦਾ ਹੈ ਕਿ ਅਸੀਂ ਸਾਰੇ ਹੀ ਸ਼ਹੀਦੀਆਂ ਪਾ ਕੇ ਗੁਰ ਚਰਨਾਂ ਵਿਚ ਪਹੁੰਚੀਏ। ਸਾਡੀ ਇਸੇ ਵਿਚ ਹੀ ਸੋਭਾ ਹੈ ਕਿ ਅਸੀਂ ਦੇਸ਼ ਤੇ ਕੌਮ ਦੇ ਲਈ ਆਪਣਾ ਆਪ ਕੁਰਬਾਨ ਕਰ ਦੇਈਏ। ਗੁਰੂ-ਸੰਗਤ ਦੇ ਮਾਣ ਖ਼ਾਲਸਾ ਜੀ! ਅੱਜ ਸਾਡੇ ਸਾਰਿਆਂ ਲਈ ਇਹ 'ਚਮਕੌਰ ਦੀ ਰਾਤ' ਹੈ। ਸੋ ਗੁਰੂ ਕਲਗ਼ੀਧਰ ਸੱਚੇ ਪਾਤਸ਼ਾਹ ਦੀ ਓਟ ਲੈ ਕੇ ਇਨ੍ਹਾਂ ਮੁਸ਼ਕਲਾਂ ਦਾ ਠੰਢੇ ਦਿਲ ਨਾਲ ਸਾਮ੍ਹਣਾ ਕਰਦੇ ਚੱਲੋ।" ਅੰਤ ਵਿਚ ਆਪ ਜੀ ਨੇ ਕਿਹਾ, "ਖ਼ਾਲਸਾ ਜੀ ਅੱਜ ਇਸ ਮੁਸ਼ਕਲ ਦੀ ਘੜੀ ਵੇਲੇ ਮੇਰੀਆਂ ਆਪ ਜੀ ਤੋਂ ਦੋ ਹੀ ਮੰਗਾਂ ਹਨ:

(ੳ) ਪਹਿਲੀ ਮੰਗ ਇਹ ਹੈ ਕਿ ਤੁਹਾਡੇ ਵਿਚੋਂ ਮੈਨੂੰ ਕੁਝ ਅਜੇਹੇ ਹੌਸਲੇ ਵਾਲੇ ਸਿੰਘਾਂ ਦੀ ਲੋੜ ਹੈ, ਜੋ ਕਿ ਰਾਤੋ ਰਾਤ ਹੀ ਕਿਲ੍ਹੇ ਦੀ ਕੰਧ ਦਾ ਪਾੜ ਰੇਤ ਦੀਆਂ ਬੋਰੀਆਂ ਨਾਲ ਭਰ ਕੇ ਪੂਰ ਸਕਣ।

(ਅ) ਦੂਜੀ ਮੰਗ ਇਹ ਹੈ ਕਿ ਕੋਈ ਸਿਰਲੱਥ ਬਹਾਦਰ ਸੂਰਮਾ ਮੈਦਾਨ ਵਿਚ ਆਵੇ, ਜੋ ਕਿ ਰਾਤੋ ਰਾਤ ਹੀ ਕਿਲੇ ਦੇ ਖ਼ਾਲਸੇ ਦੇ ਗੁਰਮਤੇ ਵਾਲੀ ਚਿੱਠੀ ਪਿਸ਼ਾਵਰ ਵਿਖੇ ਬਹੁਤ ਜਲਦੀ ਪਹੁੰਚਾ ਸਕੇ।"

ਸਰਦਾਰ ਮਹਾਂ ਸਿੰਘ ਦੇ ਇਨ੍ਹਾਂ ਬਚਨਾਂ ਦਾ ਖ਼ਾਲਸਾ ਫ਼ੌਜ ਤੇ ਬਹੁਤ ਅਸਰ



Digitized by Panjab Digital Library | www.panjabdigilib.org

ਟੋਇਆ। ਉਨ੍ਹਾਂ ਸਾਰਿਆਂ ਹੀ ਕੁਰਬਾਨੀ ਲਈ ਭਰੋਸਾ ਦਿਵਾਇਆ ਤੇ ਕਿਲੇ ਅਤੇ ਖ਼ਾਲਸੇ ਦੇ ਪਵਿੱਤ੍ਰ ਝੰਡੇ ਦੀ ਰਖਵਾਲੀ ਲਈ ਯਾਦ ਕਰਕੇ ਉਨ੍ਹਾਂ ਵਿਚ ਹੋਰ ਵੀ ਜੋਸ਼ ਵਧਿਆ। ਸਿਘਾਂ ਨੇ ਸਰਦਾਰ ਮਹਾਂ ਸਿੰਘ ਦੀਆਂ ਦੋਵੇਂ ਹੀ ਮੰਗਾਂ ਉਤੇ ਫੁਲ ਚੜ੍ਹਾਏ। ਉਨ੍ਹਾਂ ਵਿਚੋਂ ਕੁਝ ਸਿੰਘ ਜਲਦੀ ਹੀ ਕਿਲੇ ਦੀ ਕੰਧ ਦਾ ਪਾੜ ਪੂਰਨ ਲੱਗ ਪਏ। ਕਈਆਂ ਨੇ ਕੁਰਬਾਨੀ ਵਜੋਂ ਆਪਣੇ ਆਪ ਨੂੰ ਪਿਸ਼ਾਵਰ ਚਿੱਠੀ ਪਹੁੰਚਾਉਣ ਲਈ ਪੇਸ਼ ਕੀਤਾ। ਪਰੰਤੂ ਇਸ ਵੇਲੇ ਕਿਲ੍ਹੇ ਵਿਚ ਵੀ ਸਿੰਘਾਂ ਦੀ ਡਾਢੀ ਲੋੜ ਸੀ, ਤੇ ਚਿੱਠੀ ਵੀ ਪਿਸ਼ਾਵਰ ਜ਼ਰੂਰੀ ਪਹੁੰਚਾਣੀ ਸੀ।

## ਬੀਬੀ ਹਰਿਸ਼ਰਨ ਕੌਰ ਦੀ ਕੁਰਬਾਨੀ :

ਇਸ ਅਤਿ ਜ਼ਰੂਰੀ ਚਿੱਠੀ ਨੂੰ ਪਿਸ਼ਾਵਰ ਪਹੁੰਚਾਉਣ ਲਈ ਇਕ ਬੀਬੀ, ਜਿਸ ਦਾ ਨਾਂ ਹਰਿਸ਼ਰਨ ਕੌਰ ਸੀ; ਮੈਦਾਨ ਵਿਚ ਨਿੱਤਰੀ। ਕਿਲ੍ਹੇ ਦੇ ਦੁਆਲੇ ਤਾਂ ਚੰਦਰਮਾਂ ਦੇ ਦੁਆਲੇ ਮੰਡਲ ਦੀ ਤਰ੍ਹਾਂ ਅਫ਼ਗ਼ਾਨ ਲੋਕ ਘੇਰਾ ਪਾਈ ਬੈਠੇ ਸਨ। ਕਿਤੇ ਵੀ ਜ਼ਰਾ ਜਿੰਨੀ ਲੰਘਣ ਨੂੰ ਥਾਂ ਨਹੀਂ ਸੀ। ਕਿਲ੍ਹੇ ਦੇ ਬਾਹਰ ਪੈਰ ਧਰਨ ਨੂੰ ਕਿਸੇ ਦਾ ਹੀਆ ਨਹੀਂ ਸੀ ਪੈਂਦਾ; ਪਰੰਤੂ ਖ਼ਾਲਸਾ ਅਜੇਹੀਆਂ ਮੁਸ਼ਕਲਾਂ ਅੱਗੇ ਘਬਰਾਉਂਦਾ ਨਹੀਂ ਸੀ। ਇਨ੍ਹਾਂ ਵਿਚੋਂ ਹੀ ਇਕ ਦਲੇਰ ਬੀਬੀ, ਜੋ ਕਿ ਰਸੋਈ ਘਰ ਦੀ ਸੇਵਾ ਕਰਦੀ ਸੀ, ਹੱਥ ਜੋੜ ਕੇ ਬੋਲੀ :

"ਪਿਆਰੇ ਭਾਈਓ, ਤੁਹਾਡੇ ਯਤਨਾਂ ਨੂੰ ਦੇਖ ਕੇ ਕੌਣ ਐਹੋ ਜਿਹਾ ਗੁਰੂ ਦਾ ਸਿੰਘ ਜਾਂ ਸਿੰਘਣੀ ਹੈ ਜੋ ਆਪ ਦੇ ਨਾਲ ਨਾ ਰਲ ਕੇ ਹੱਥ ਵਟਾਏ। ਮੇਰੀ ਬਦਕਿਸਮਤੀ ਹੈ ਕਿ ਮੈਨੂੰ—ਅਬਲਾ (ਔਰਤ) ਦਾ ਜਨਮ ਮਿਲਿਆ ਹੈ, ਇਸ ਲਈ ਭਾਵੇਂ ਮਰਦਾਂ ਵਾਂਗੂ ਮੈਂ ਕੁਝ ਨਹੀਂ ਕਰ ਸਕਦੀ, ਪਰ ਤਦ ਵੀ ਆਪ ਦੀ ਇਸ ਵੇਲੇ ਇਹ ਹਾਲਤ ਵੇਖ ਕੇ ਮੇਰਾ ਮਨ ਉਛਾਲੇ ਖਾ ਰਿਹਾ ਹੈ। ਇਸ ਲਈ ਮੇਰੀ ਬੇਨਤੀ ਸ੍ਵੀਕਾਰ ਕਰ ਕੇ ਮੈਨੂੰ ਸੇਵਾ ਦਾ ਮੌਕਾ ਦਿਓ ਤਾਂ ਕਿ ਮੈਂ ਵੀ ਆਪਣਾ ਜੀਵਨ ਸਫਲ ਕਰ ਸੱਕਾਂ। ਮੇਰੀ ਸਾਰੇ ਭਾਈਆਂ ਅੱਗੇ ਇਹੋ ਅਰਜ਼ ਹੈ ਕਿ ਜੇ ਇਹ ਚਿੱਠੀ ਪਹੁੰਚਾਉਣ ਦਾ ਕੰਮ ਮੈਨੂੰ ਸੌਂਪਿਆ ਜਾਵੇ ਤਾਂ ਮੈਂ ਕਰਨ ਨੂੰ ਤਿਆਰ ਹਾਂ। ਇੰਨੀ ਭੀੜ ਨੂੰ ਚੀਰ ਕੇ ਟਿਕਾਣੇ ਤੇ ਪਹੁੰਚਣਾ ਪਰਮਾਤਮਾਂ ਉਤੇ ਡੋਰੀ ਹੈ, ਪਰ ਇਸ ਸੇਵਾ ਦੇ ਲਈ ਮੈਂ ਆਪਣੇ ਆਪ ਨੂੰ ਅਰਪਣ ਕਰਦੀ ਹਾਂ।"

ਸਰਦਾਰ ਮਹਾਂ ਸਿੰਘ ਅਤੇ ਉਸ ਦੇ ਸਾਥੀ ਇਸ ਦਲੇਰ ਹਰਿਸ਼ਰਨ ਕੌਰ ਦੀ ਬਹਾਦਰੀ ਤੇ ਉਤਸਾਹ ਨੂੰ ਦੇਖ ਕੇ ਦੰਗ ਰਹਿ ਗਏ। ਇਸ ਲਈ ਉਨ੍ਹਾਂ ਨੂੰ ਇਸ ਕਾਰਜ ਲਈ ਕੋਈ ਹਿਚਕਿਚਾਹਟ ਨਹੀਂ ਸੀ। ਸਾਰੇ ਹੀ ਵਾਹਵਾ ਕਰਨ ਲੱਗੇ—"ਭੈਣ ! ਧੰਨ ਹੈਂ, ਤੂੰ. ਪਰਮਾਤਮਾ ਤੇਰੀ ਸੇਵਾ ਸ੍ਵੀਕਾਰ ਕਰੇ। ਪਰੰਤੂ ਤੇਰੇ ਪਿਸ਼ਾਵਰ ਪਹੁੰਚ ਜਾਣ ਦਾ ਸਾਨੂੰ ਕਿਵੇਂ ਯਕੀਨ ਹੋਵੇਗਾ ?

ਹਰਿਸ਼ਰਨ ਕੌਰ—"ਜੇ ਤਾਂ ਚਾਰ ਵਜੇ ਤੜਕੇ ਹੀ ਪਿਸ਼ਾਵਰ ਤੋਂ ਤੋਪ ਦੀ ਅਵਾਜ਼



Digitized by Panjab Digital Library | www.panjabdigilib.org

ਆ ਜਾਏ ਤਾਂ ਸਮਝ ਲੈਣਾ ਕਿ ਮੈਂ ਪਹੁੰਚ ਗਈ ਹਾਂ ਅਤੇ ਥੋੜੇ ਸਮੇਂ ਅੰਦਰ ਮਦਦ ਵੀ ਪਹੁੰਚ ਜਾਵੇਗੀ, ਜੇ ਤੋਪ ਦੀ ਆਵਾਜ਼ ਸੁਣਾਈ ਨਾ ਦੇਵੇ ਤਾਂ ਸਮਝ ਲੈਣਾ ਕਿ ਮੈਂ ਮਰ ਗਈ ਹਾਂ।"

ਸਰਦਾਰ ਮਹਾਂ ਸਿੰਘ ਦਾ ਖ਼ਤ, ਜਿਹੜਾ ਉਨ੍ਹਾਂ ਸਰਦਾਰ ਹਰੀ ਸਿੰਘ ਨਲਵੇ ਨੂੰ ਲਿਖਿਆ—ਬਹੁਤਾ ਲੰਬਾ ਨਹੀਂ ਸੀ, ਜੋ ਇਸ ਪ੍ਰਕਾਰ ਅਰੰਭ ਹੁੰਦਾ ਸੀ :—

"ਜੀ ਨਹੀਂ ਸੀ ਚਾਹੁੰਦਾ ਕਿ ਆਪ ਜੀ ਨੂੰ ਬੀਮਾਰੀ ਦੀ ਇਸ ਗੰਭੀਰ ਹਾਲਤ ਵਿਚ, ਇਸ ਬਿਪਤਾ ਵਿਚ ਆਪਣੇ ਨਾਲ ਰਲਾਇਆ ਜਾਵੇ। ਅਸੀਂ ਇਸ ਹਾਲਤ ਤੋਂ ਵੀ ਚੰਗੀ ਤਰ੍ਹਾਂ ਜਾਣੂ ਹਾਂ ਕਿ ਪਿਸ਼ਾਵਰ ਵਿਖੇ ਫ਼ੌਜ ਦੀ ਗਿਣਤੀ ਇਸ ਵੇਲੇ ਬਹੁਤ ਘੱਟ ਹੈ ਤੇ ਲਾਹੌਰੋਂ ਫ਼ੌਜ ਪਹੁੰਚ ਨਹੀਂ ਸਕਦੀ, ਪਰ ਕਿਲ੍ਹੇ ਦੇ ਖ਼ਾਲਸੇ ਦਾ ਇਹ ਫ਼ੈਸਲਾ ਹੈ ਕਿ ਅੱਜ ਦੇ ਹਾਲ ਆਪ ਜੀ ਤੱਕ ਪਹੁੰਚਾਏ ਜਾਣ। ਕਿਲ੍ਹਾ ਫ਼ਤਿਹ ਗੜ੍ਹ ਦੀ ਬਾਹਰਲੀ ਕੰਧ ਦਾ ਜੋ ਭਾਗ ਤੋਪਾਂ ਨਾਲ ਡਿੱਗ ਪਿਆ ਸੀ, ਉਸ ਨੂੰ ਬਹਾਦਰ ਸਿੰਘ ਬੜੀ ਹਿੰਮਤ ਤੇ ਦਲੇਰੀ ਨਾਲ ਰੇਤ ਭਰੀਆਂ ਬੋਰੀਆਂ ਨਾਲ ਪੂਰ ਰਿਹਾ ਹੈ, ਆਸ਼ਾ ਹੈ ਇਹ ਖੱਪਾ ਜਲਦੀ ਹੀ ਠੀਕ ਹੋ ਜਾਵੇਗਾ। ਅੱਜ ਉਸ ਸਮੇਂ ਦਾਤੇ ਨੇ ਖ਼ਾਲਸ ਦੀ ਪੈਜ ਰੱਖ ਲਈ ਜਦ ਕਿ ਵੈਰੀ ਇਸ ਖੱਪੇ ਦੇ ਹੋ ਜਾਣ ਤੇ ਵੀ ਕਿਲ੍ਹੇ ਅੰਦਰ ਵੜ ਆਉਣ ਦਾ ਹੀਆ ਨਾ ਕਰ ਸਕਿਆ, ਨਹੀਂ ਤਾਂ ਇਹ ਅੰਤਮ ਸੰਦੇਸਾ ਸ਼ਾਇਦ ਆਪ ਜੀ ਦੀ ਸੇਵਾ ਵਿਚ ਭੇਟਾ ਨਾ ਹੋ ਸਕਦਾ। ਮਾਲੂਮ ਹੁੰਦਾ ਹੈ ਕਿ ਸਵੇਰ ਸਾਰ ਅਫ਼ਗ਼ਾਨਾਂ ਨੇ ਕਿਲ੍ਹੇ ਤੇ ਧਾਵਾ ਬੋਲਣਾ ਹੈ। ਖ਼ਾਲਸੇ ਦਾ ਤੇ ਆਪ ਦਾ ਅਤਿ ਪਿਆਰਾ 'ਫ਼ਤਿਹ ਗੜ੍ਹ' ਜ਼ਮੀਨ ਨਾਲ ਮਿਲਾ ਦਿੱਤਾ ਜਾਣਾ ਹੈ, ਪਰ ਆਪ ਇਹ ਗੱਲ ਸੁਣ ਕੇ ਅਤਿ ਪ੍ਰਸੰਨ ਹੋਵੋਂਗੇ ਕਿ ਆਪ ਨੇ ਜਿਨ੍ਹਾਂ ਜੁਆਨਾਂ ਤੇ ਭਰੋਸਾ ਕਰ ਕੇ ਇਸ ਕਿਲ੍ਹੇ ਦੀ ਇੱਜ਼ਤ ਉਨ੍ਹਾਂ ਦੇ ਹੱਥ ਸੌਂਪੀ ਸੀ। ਉਨ੍ਹਾਂ ਵਿਚੋਂ ਇਕ ਵੀ ਐਸਾ ਨਹੀਂ ਨਿਕਲਿਆ, ਜਿਸ ਨੇ ਕੌਮ ਦੀ ਇੱਜ਼ਤ ਦੇ ਟਾਕਰੇ ਤੇ ਆਪਣੀ ਜਾਨ ਨੂੰ ਵਧੇਰੇ ਪਿਆਰਾ ਸਮਝਿਆ ਹੋਵੇ। ਇਸ ਸਮੇਂ ਫ਼ੱਟੜਾਂ ਤੇ ਬੀਮਾਰਾਂ ਤੋਂ ਛੁੱਟ ਸੱਤ ਕੁ ਸੌ ਦਾ ਟਿਕਾਣਾ ਸੂਰਮੇ ਕਿਲ੍ਹੇ ਵਿਚ ਹਨ। ਇਨ੍ਹਾਂ ਸਾਰਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪ੍ਰਣ ਕੀਤਾ ਹੈ ਕਿ ਜਦ ਤੀਕ ਸਾਡੀਆਂ ਰਗਾਂ ਵਿਚ ਲਹੂ ਦਾ ਛੇਕੜਲਾ ਤੁਬਕਾ ਬਾਕੀ ਹੈ,ਖ਼ਾਲਸਈ ਝੰਡੇ ਦੀ ਕੋਈ ਬੇਇੱਜ਼ਤੀ ਨਹੀਂ ਕਰ ਸਕੇਗਾ। ਇਸ ਦੇ ਪਿਛੋਂ ਸ਼ਾਇਦ ਸਾਡੇ ਵਲੋਂ ਆਪ ਨੂੰ ਕੋਈ ਖ਼ਤ ਨਾ ਪਹੁੰਚ ਸਕੇਗਾ। ਹੁਣ ਕਿਲ੍ਹੇ ਦੇ ਸਰਬੱਤ ਖ਼ਾਲਸੇ ਵਲੋਂ ਸਤਿਕਾਰ ਭਰੇ ਦਿਲ ਨਾਲ ਅੰਤਮ—

"ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ਪ੍ਰਵਾਨ ਹੋਵੇ।"

ਆਪ ਜੀ ਵਲੋਂ ਨਿਵਾਜ਼ਿਆ ਮਹਾਂ ਸਿੰਘ ਅਤੇ
ਫ਼ਤਿਹ ਗੜ੍ਹ ਦਾ ਸਮੂਹ ਖ਼ਾਲਸਾ।
ਮਿਤੀ ੧੭ ਵੈਸਾਖ
ਸੰਮਤ ਬਿਕ੍ਰਮੀ ੧੮੯੪



Digitized by Panjab Digital Library | www.panjabdigilib.org

ਇਹ ਚਿੱਠੀ ਹਰਿਸ਼ਰਨ ਕੌਰ ਨੂੰ ਦੇ ਦਿੱਤੀ ਗਈ। ਉਸ ਨੇ ਇਹ ਚਿੱਠੀ ਆਪਣੀ ਕਮਰ ਨਾਲ ਬੰਨ੍ਹ ਲਈ। ਪਰਮਾਤਮਾ ਅੱਗੇ ਅਰਦਾਸਾ ਕਰ ਕੇ ਉਸ ਨੇ ਇਕ ਜਾਨਵਰ ਦੀ ਖੱਲ ਪਹਿਨ ਲਈ, ਜਿਸ ਦੇ ਵਾਲ ਉਪਰ ਨੂੰ ਰਹੇ। ਫੇਰ ਹੱਥਾਂ ਤੇ ਪੈਰਾਂ ਦੇ ਭਾਰ ਉਹ ਕੁੱਤੇ ਵਾਂਗ ਚੱਲ ਪਈ। ਕਿਲ੍ਹੇ ਦਾ ਦਰਵਾਜ਼ਾ ਬਹੁਤ ਹੀ ਸਮਝ ਨਾਲ ਖੋਲ੍ਹਿਆ ਗਿਆ ਪਰ ਫੇਰ ਵੀ ਪੰਜ ਸੱਤ ਪਠਾਣ ਇਸ ਜ਼ਰਾ ਜਿੰਨੀ ਆਵਾਜ਼ ਨੂੰ ਸੁਣ ਕੇ ਦੌੜੇ ਆਏ, ਪਰੰਤੂ ਉਧਰ ਵੀ ਹਰਿਸ਼ਰਨ ਕੌਰ ਸੀ, ਜੋ ਹੂਬਹੂ ਕੁੱਤੇ ਵਾਂਗ ਹੀ ਝਾੜੀਆਂ ਸੁੰਘਦੀ, ਦੌੜਦੀ, ਭਜਦੀ ਨਿਕਲ ਗਈ। ਇਸ ਲਈ ਕਿਸੇ ਨੂੰ ਕੋਈ ਸ਼ੱਕ ਨਾ ਹੋਇਆ। ਉਹ ਸੱਚ ਮੁੱਚ ਹੀ ਕੁੱਤਾ ਸਮਝ ਕੇ ਪਿਛੇ ਹਟ ਗਏ ਸਨ। ਇਸ ਵੇਲੇ ਸਿਰਫ਼ ਇਕ ਹੀ ਪਹਿਰ ਰਾਤ ਗਈ ਸੀ। ਉਹ ਬਹਾਦਰ ਸਿੰਘਣੀ ਇਸ ਤਰ੍ਹਾਂ ਅੱਗ ਦਾ ਸਮੁੰਦਰ ਚੀਰ ਕੇ ੩੦ ਅਪਰੈਲ, ਸੰਨ ੧੮੩੭ ਈਸਵੀ ਨੂੰ ਸਵੇਰ ਦੇ ਢਾਈ ਵਜੇ ਪਿਸ਼ਾਵਰ ਜਾ ਪਹੁੰਚੀ ਤੇ ਸਰਦਾਰ ਹਰੀ ਸਿੰਘ ਨੂੰ ਉਹ ਪੱਤਰ ਜਾ ਦਿੱਤਾ। ਸਾਰੇ ਹੀ ਇਸ ਬਹਾਦਰ ਸਿੰਘਣੀ ਨੂੰ ਅਸੀਸਾਂ ਦੇਣ ਲੱਗੇ।

ਪੱਤਰ ਪੜ੍ਹਦਿਆਂ ਹੀ ਹਰੀ ਸਿੰਘ ਨਲਵਾ ਆਪਣੀ ਸਾਰੀ ਹੀ ਬੀਮਾਰੀ ਭੁੱਲ ਬੈਠਾ, ਹੁਣ ਉਸ ਦੇ ਸਾਹਮਣੇ ਦੋ ਹੀ ਰਸਤੇ ਸਨ—ਇਕ ਤਾਂ ਸਰੀਰ ਦੀ ਰੱਖਿਆ ਦਾ ਅਤੇ ਦੂਜਾ ਖ਼ਾਲਸਾ ਰਾਜ ਦੀ ਇੱਜ਼ਤ ਅਤੇ ਸ਼ਾਨ ਬਚਾਉਣ ਦਾ। ਸੋ ਹਰੀ ਸਿੰਘ ਨਲਵੇ ਨੇ ਅਖ਼ੀਰਲਾ ਰਸਤਾ ਅਪਣਾ ਕੇ ਆਪਣੀਆਂ ਫ਼ੌਜਾਂ ਨੂੰ ਕਿਲ੍ਹਾ ਜਮਰੋਦ (ਫ਼ਤਿਹ ਗੜ੍ਹ) ਵੱਲ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ ਤੇ ਨਾਲ ਹੀ ਉਹ ਪੱਤ੍ਰ ਅਤੇ ਇਕ ਹੋਰ ਪੱਤ੍ਰ ਨਲਵੇ ਨੇ ਆਪਣੇ ਵਲੋਂ ਲਿਖ ਕੇ ਆਪਣੇ ਪੈਰੋਕਾਰਾਂ ਰਾਹੀਂ ਲਾਹੌਰ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਭੇਜ ਦਿੱਤਾ।

ਜਦ ਸਵੇਰ ਦੇ ਕੋਈ ਤਿੰਨ ਵਜੇ ਤਾਂ ਪਿਸ਼ਾਵਰ ਵੱਲੋਂ ਤੋਪ ਚੱਲਣ ਦੀ ਅਵਾਜ਼ ਸੁਣਾਈ ਦਿੱਤੀ, ਜਿਸ ਨੇ ਫ਼ਤਿਹ ਗੜ੍ਹ ਦੇ ਕਿਲ੍ਹੇ ਅੰਦਰ ਘਿਰੇ ਹੋਏ ਮਹਾਂ ਸਿੰਘ ਅਤੇ ਉਸ ਦੇ ਸਾਥੀਆਂ ਦੇ ਹੌਸਲੇ ਵਧਾ ਦਿੱਤੇ ਤੇ ਹੁਣ ਉਹ ਪਿਸ਼ਾਵਰ ਵੱਲੋਂ ਸਹਾਇਤਾ ਦੀ ਆਸ ਉਡੀਕਣ ਲੱਗੇ। ਉਨ੍ਹਾਂ ਉਸ ਬਹਾਦਰ ਸਿੰਘਣੀ ਦਾ ਲੱਖ ਲੱਖ ਸ਼ੁਕਰ ਅਦਾ ਕੀਤਾ।

ਪਿਸ਼ਾਵਰ ਦੀਆਂ ਫ਼ੌਜਾਂ ਨੇ ਸਰਦਾਰ ਹਰੀ ਸਿੰਘ ਨੂੰ ਇਸ ਹਾਲਤ ਵਿਚ ਦੇਖ ਆਰਾਮ ਕਰਨ ਲਈ ਕਿਹਾ, ਪਰ ਦੇਸ-ਪ੍ਰੇਮ ਵਿਚ ਬਿਹਬਲ ਹੋਇਆ ਇੱਛਾਵਾਨ ਨਲਵਾ ਇਸ ਗੱਲ ਦੀ ਕਦੋਂ ਪਰਵਾਹ ਕਰਦਾ ਸੀ। ਉਹ ਆਪਣੀ ਫ਼ੌਜ ਦੀ ਕਮਾਨ ਸੰਭਾਲਦਾ ਹੋਇਆ ਪਿਸ਼ਾਵਰ ਤੋਂ ਜਮਰੋਦ ਵੱਲ ਚੱਲ ਪਿਆ। ਬੁਰਜ ਹਰੀ ਸਿੰਘ ਦੇ ਲਾਗੇ ਜਾ ਕੇ ਉਨ੍ਹਾਂ ਆਪਣੀ ਫ਼ੌਜ ਨੂੰ ਤਿੰਨ ਭਾਗਾਂ ਵਿਚ ਵੰਡਿਆ—ਇਕ ਭਾਗ ਆਪਣ ਅਧੀਨ, ਦੂਜਾ ਸਰਦਾਰ ਨਿਧਾਨ ਸਿੰਘ 'ਪੰਜ ਹੱਥਾ' ਦੇ ਅਧੀਨ ਅਤੇ ਤੀਜਾ ਸਰਦਾਰ ਅਮਰ ਸਿੰਘ ਮਜੀਠੀਆ ਦੇ ਸਪੁਰਦ ਕੀਤਾ। ਬਾਕੀ ਦੋਹਾਂ ਭਾਗਾਂ ਨੂੰ ਸੱਜੇ ਤੇ ਖੱਬੇ ਪਾਸੇ ਵੱਲ ਦੀ ਹਮਲਾ ਕਰਨ ਲਈ ਕਿਹਾ ਤੇ ਆਪ ਸਾਹਮਣੇ ਵਾਲੇ ਪਾਸੇ ਤੋਂ ਹੱਲਾ ਬੋਲ ਦਿੱਤਾ ਤੇ ਸ਼ੀਂਹ



Digitized by Panjab Digital Library | www.panjabdigilib.org

ਦੀ ਤਰ੍ਹਾਂ ਉਨ੍ਹਾਂ ਅਫ਼ਗਾਨਾਂ ਤੇ ਜਾ ਵਰ੍ਹਿਆ। ਉਧਰ ਬਾਕੀ ਫ਼ੌਜ ਵੀ ਦੋਵਾਂ ਪਾਸਿਆਂ ਤੋਂ ਦੱਬੀ ਆ ਰਹੀ ਸੀ, ਜਿਸ ਨੇ ਮੂੰਹ-ਹਨੇਰੇ ਵਿਚ ਹੀ ਦੁਸ਼ਮਣ ਦਾ ਬੁਰੀ ਤਰ੍ਹਾਂ ਮਲੀਆ ਮੇਟ ਕਰ ਦਿੱਤਾ। ਉਧਰ ਜਦ ਬਾਹਰਲੀ ਸਹਾਇਤਾ ਦਾ ਕਿਲ੍ਹੇ ਵਾਲਿਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਆਪਣੇ ਜੋਸ਼ ਨਾਲ ਗੋਲਾਬਾਰੀ ਆਰੰਭ ਕਰ ਦਿੱਤੀ। ਬੜੀ ਗਹਿ-ਗੱਡਵੀਂ ਲੜਾਈ ਹੋਈ। ਅਖ਼ੂਨਜ਼ਾਦਾ ਮੁਹੰਮਦ ਖ਼ਾਨ ਨੇ ਆਪਣੇ ਸਿਪਾਹੀਆਂ ਨੂੰ ਹੱਲਾ ਸ਼ੇਰੀ ਦਿੱਤੀ, ਪਰ ਖ਼ਾਲਸੇ ਨੇ ਪਹਿਲਾਂ ਹੀ ਅਜੇਹੀ ਝਪਟ ਮਾਰੀ ਕਿ ਵੈਰੀ ਨੂੰ ਦੱਬ ਲਿਆ, ਜਿਸ ਨਾਲ ਵੈਰੀ ਦੇ ਪੈਰ ਉੱਖੜ ਗਏ। ਇਸ ਘਮਸਾਨ ਦੀ ਜੰਗ ਵਿਚ ਨਵਾਬ ਜੱਬਾਰ ਖ਼ਾਨ ਸਾਰਿਆਂ ਦੇ ਸਾਹਮਣੇ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਘੋੜੇ ਤੋਂ ਉਲਟ ਬਾਜ਼ੀਆਂ ਖਾਂਦਾ ਹੋਇਆ ਡਿੱਗ ਪਿਆ। ਸਰਦਾਰ ਨਿਧਾਨ ਸਿੰਘ ਪੰਜ ਹੱਥੇ ਨੇ ਵੀ ਇਸ ਜੰਗ ਵਿਚ ਆਪਣੇ ਕਰਾਰੇ ਹੱਥ ਦਿਖਾਏ। ਲੜਾਈ ਦਾ ਇਹ ਮੈਦਾਨ ਜਿਸ ਵਿਚ ਜੱਬਾਰ ਖ਼ਾਨ ਵਾਲਾ ਪਾਸਾ ਖ਼ਾਲੀ ਹੋ ਚੁੱਕਿਆ ਸੀ, ਹੁਣ ਅਕਬਰ ਖ਼ਾਨ ਤੇ ਮੁਹੰਮਦ ਆਜ਼ਮ ਖ਼ਾਨ ਵਿਚ ਅਜੇ ਜੋਸ਼ ਬਾਕੀ ਸੀ। ਜਦੋਂ ਸਰਦਾਰ ਹਰੀ ਸਿੰਘ ਨਲਵੇ ਤੇ ਸਰਦਾਰ ਅਮਰ ਸਿੰਘ ਨੇ ਮਿਲ ਕੇ ਹੱਲਾ ਬੋਲਿਆ ਤਾਂ ਦੋਵੇਂ ਹੀ ਖ਼ਾਨ ਸਣੇ ਆਪਣੀ ਫ਼ੌਜ ਦੇ ਦੱਰਾ ਖ਼ੈਬਰ ਵੱਲ ਨੂੰ ਨੱਠ ਗਏ ਤੇ ਉਨ੍ਹਾਂ ਨੇ ਆਪਣੀ ਜਾਨ ਬਚਾ ਲਈ।

## ਸਰਦਾਰ ਹਰੀ ਸਿੰਘ ਨਲਵੇ ਦਾ ਜ਼ਖ਼ਮੀ ਹੋਣਾ

ਹਰੀ ਸਿੰਘ ਨਲਵੇ ਨੇ ਮੈਦਾਨਿ ਜੰਗ ਵਿਚ ਆਉਂਦਿਆਂ ਹੀ ਅਫ਼ਗਾਨਾਂ ਨੂੰ ਭਾਂਜ ਦੇ ਦਿੱਤੀ। ਇਸ ਮੈਦਾਨ ਵਿਚ 'ਕੋਹ ਸ਼ਿਕਨ' ਆਦਿਕ ਚੌਦ੍ਹਾਂ ਪ੍ਰਸਿੱਧ ਤੋਪਾਂ ਖ਼ਾਲਸੇ ਦੇ ਹੱਥ ਆਈਆਂ। ਇਉਂ ਭੱਜੀਆਂ ਜਾਂਦੀਆਂ ਫ਼ੌਜਾਂ ਦਾ ਪਿੱਛਾ ਕਰਨਾ ਸਰਦਾਰ ਹਰੀ ਸਿੰਘ ਪਸੰਦ ਨਹੀਂ ਸੀ ਕਰਦਾ, ਪਰੰਤੂ ਸਰਦਾਰ ਨਿਧਾਨ ਸਿੰਘ 'ਪੰਜ ਹੱਥਾ' ਆਪਣੇ ਜੋਸ਼ ਵਿਚ ਮਤਵਾਲਾ ਹੋਇਆ ਵੈਰੀ ਦਾ ਪਿੱਛਾ ਕਰਦਾ ਹੋਇਆ ਦੱਰੇ ਅੰਦਰ ਚਲਾ ਗਿਆ। ਨਲਵਾ ਸਰਦਾਰ ਉਸ ਜਗ੍ਹਾ ਤੇ ਸੀ ਜਿਸ ਨੂੰ 'ਸੁਰਕਮਰ' ਸਦਦੇ ਸਨ। ਇਸ ਚਟਾਨ ਦੀ ਗਫ਼ਾ ਵਿਚ ਗ਼ਾਜ਼ੀ ਲੋਕ ਸਿੱਖਾਂ ਦੀ ਉਡੀਕ ਵਿਚ ਸਨ। ਇਨ੍ਹਾਂ ਜਦ ਨਲਵੇ ਤੇ ਉਸ ਦੇ ਸਾਥੀਆਂ ਨੂੰ ਵੇਖਿਆ ਤਾਂ ਚੁਕੰਨੇ ਹੋ ਗਏ। ਜਦ ਸਰਦਾਰ ਜੀ ਦੀ ਬਾਡੀਗਾਰਡ ਦਾ ਕੁਮੇਦਾਨ ਅੱਗੇ ਵਧਿਆ ਤਾਂ ਗ਼ਾਜ਼ੀਆਂ ਨੇ ਉਸ ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਉਹ ਸਰਦਾਰ ਹਰੀ ਸਿੰਘ ਦੇ ਸਾਹਮਣੇ ਹੀ ਸ਼ਹੀਦੀ ਪਾ ਗਿਆ। ਇੰਨੇ ਨੂੰ ਨਲਵੇ ਨੇ ਆਪਣੇ ਆਪ ਨੂੰ ਅਜੇ ਸੰਭਾਲਿਆ ਹੀ ਸੀ ਕਿ ਛੁੱਪੇ ਹੋਏ ਗ਼ਾਜ਼ੀਆਂ ਦੀਆਂ ਦੋ ਗੋਲੀਆਂ ਸਰਦਾਰ ਹੋਰਾਂ ਦੀ ਛਾਤੀ ਵਿਚ ਕਾੜ੍ਹ ਕਾੜ੍ਹ ਕਰਦੀਆਂ ਆ ਲੱਗੀਆਂ। ਬਾਕੀ ਖ਼ਾਲਸਾ ਫ਼ੌਜ ਨੇ ਉਦੋਂ ਹੀ ਇਨ੍ਹਾਂ ਛੁੱਪੇ ਹੋਏ ਗ਼ਾਜ਼ੀਆਂ ਦੇ ਟੋਟੇ ਟੋਟੇ ਕਰ ਦਿੱਤੇ। ਪਰੰਤੂ ਸਰਦਾਰ ਜੀ ਦੇ ਡੂੰਘੇ ਜ਼ਖ਼ਮਾਂ ਦਾ ਬਦਲਾ ਇਸ ਤਰ੍ਹਾਂ ਦੇ ਕਈ ਹਜ਼ਾਰ ਕਾਤਲਾਂ ਦੀ ਕੁਰਬਾਨੀ ਨਾਲ ਵੀ ਪੂਰਾ



Digitized by Panjab Digital Library | www.panjabdigilib.org

ਨਹੀਂ ਸੀ ਹੋ ਸਕਦਾ।

ਸਰਦਾਰ ਹਰੀ ਸਿੰਘ ਨਲਵੇ ਨੇ ਹੌਸਲਾ ਕਰਦਿਆਂ ਤੇ ਸਰਦਾਰ ਅਮਰ ਸਿੰਘ ਨੂੰ ਸਰਦਾਰ ਨਿਧਾਨ ਸਿੰਘ ਦੀ ਮਦਦ ਲਈ ਹੁਕਮ ਦੇ ਕੇ ਘੋੜੇ ਦੀਆਂ ਵਾਗਾਂ ਕਿਲ੍ਹੇ ਵਲ ਮੋੜ ਲਈਆਂ। ਕਾਦਰਯਾਰ ਉਸ ਵੇਲੇ ਦੇ ਨਜ਼ਾਰੇ ਨੂੰ ਬੜੇ ਲਹਿਜੇ ਤੇ ਸੀਨਾ ਵਿੰਨ੍ਹਵੇਂ ਸ਼ਬਦਾਂ ਨਾਲ ਬਿਆਨ ਕਰਦਾ ਹੈ:

"ਨੂਨ ਨਿਕਲ ਚੱਲ ਘੋੜਿਆ ਕਿਲ੍ਹੇ ਦੀ ਵੱਲ,
ਅਸੀਂ ਪਾਵਣਾ ਨਹੀਂ ਦੂਜੀ ਵਾਰ ਫੇਰਾ।
ਗੋਲੀ ਲੱਗੀ ਏ ਕਹਿਰ ਕਲੋਰ ਵਾਲੀ,
ਘਾਇਲ ਹੋਇਆ ਏ ਅੱਜ ਸਵਾਰ ਤੇਰਾ।
ਮੇਰੇ ਬਾਂਕਿਆ ਛੈਲ ਛਬੀਲਿਆ ਓ,
ਹੈਂ ਤੂੰ ਸੈਆਂ ਮੈਦਾਨਾਂ ਦਾ ਯਾਰ ਮੇਰਾ।
ਕਾਦਰਯਾਰ ਜੇ ਲੈ ਚੱਲੇਂ ਤੂੰ ਅੱਜ ਡੇਰੇ,
ਤੇਰਾ ਕਦੀ ਨਾ ਭੁੱਲਸੀ ਪਿਆਰ ਸ਼ੇਰਾ।"

"ਵਾ ਵਗਿਆ ਹਵਾ ਦੇ ਵਾਂਗ ਘੋੜਾ,
ਜਿਵੇਂ ਨਿਕਲਦਾ ਤੀਰ ਕਮਾਨ ਵਿਚੋਂ।
ਮਾਰ ਚੁੰਗੀਆਂ ਹਰਨ ਦੇ ਵਾਂਗ ਯਾਰੋ,
ਉੱਡ ਗਿਆ ਸੀ ਓਸ ਮੈਦਾਨ ਵਿਚੋਂ।
ਫੌਜਾਂ ਸਿੰਘਾਂ ਦੀਆਂ ਵਿਚੋਂ ਦੀ ਗੁਜ਼ਰ ਗਿਆ,
ਲੰਘ ਗਿਆ ਸੀ ਲਸ਼ਕਰ ਪਠਾਨ ਵਿਚੋਂ।
ਕਾਦਰਯਾਰ ਹਠ ਨਾਲ ਸਰਦਾਰ ਬੈਠਾ,
ਔਪਰ ਨਿਕਲਦੀ ਪਈ ਸੀ ਜਾਨ ਵਿਚੋਂ।"

ਖ਼ਾਲਸੇ ਦਾ ਸਿਰਤਾਜ ਹਰੀ ਸਿੰਘ ਨਲਵਾ ਜਮਰੌਦ 'ਫ਼ਤਿਹ ਗੜ੍ਹ' ਦੇ ਕਿਲ੍ਹੇ ਵਿਚ ਪਹੁੰਚ ਗਿਆ। ਬਾਹਰ ਕਿਸੇ ਨੂੰ ਵੀ ਇਨ੍ਹਾਂ ਦੇ ਫੱਟੜ ਹੋਣ ਦੀ ਸੂੰਧਕ ਨਾ ਲੱਗੀ। ਸਰਦਾਰ ਮਹਾਂ ਸਿੰਘ ਸਰਦਾਰ ਹਰੀ ਸਿੰਘ ਨਲਵੇ ਦੀ ਇਹ ਹਾਲਤ ਵੇਖ ਕੇ ਕਾਫ਼ੀ ਚਿਤਾਤੁਰ ਹੋਇਆ। ਫੇਰ ਉਸ ਨੇ ਜਲਦੀ ਹੀ ਹੋਰ ਸਿੰਘਾਂ ਦੀ ਸਹਾਇਤਾ ਨਾਲ ਇਸ ਸੂਰਮੇ ਨੂੰ ਘੋੜ ਤੋਂ ਲਾਹਿਆ। ਫੱਟਾਂ ਵਿਚੋਂ ਕਾਫ਼ੀ ਖ਼ੂਨ ਵਗ ਚੁੱਕਿਆ ਸੀ। ਸਿਆਣੇ ਫੱਟ ਬੰਨ੍ਹਾਂ ਨੇ ਆਪਣੀ ਸਿਆਣਪ ਨਾਲ ਲਹੂ ਤਾਂ ਬੰਦ ਕਰ ਲਿਆ, ਪਰੰਤੂ ਗੋਲੀਆਂ ਨਾਲ ਅੰਦਰੂਨੀ ਦਰਦ ਬਹੁਤ ਉਠ ਰਿਹਾ ਸੀ। ਵਿਚਾਰੇ ਮਹਾਂ ਸਿੰਘ ਨੇ ਸਰਦਾਰ ਜੀ ਦੀ ਜਾਨ ਬਚਾਉਣ ਲਈ ਬਹੁਤ ਯਤਨ ਕੀਤੇ। ਉਨ੍ਹਾਂ



Digitized by Panjab Digital Library | www.panjabdigilib.org

ਕਦੇ ਵੀ ਅਜਿਹਾ ਨਹੀਂ ਸੋਚਿਆ ਸੀ ਕਿ ਆਪ ਏਕਣ ਫੱਟੜ ਹੋਣ ਤੇ ਠੀਕ ਨਹੀਂ ਹੋਣਗੇ। ਪਰ ਐਤਕੀਂ ਜੋ ਪਰਮਾਤਮਾ ਦਾ ਭਾਣਾ ਵਰਤਣਾ ਸੀ ਉਸਦਾ ਕਿਸੇ ਨੂੰ ਵੀ ਖ਼ਿਆਲ ਨਹੀਂ ਸੀ।

ਉਧਰ ਦੱਰੇ, ਵਿਖੇ ਸਰਦਾਰ ਅਮਰ ਸਿੰਘ ਤੇ ਨਿਧਾਨ ਸਿੰਘ ਨੇ ਵੈਰੀ ਦਾ ਨਾਸ਼ ਕਰ ਦਿੱਤਾ ਤੇ ਦੁਸ਼ਮਨ ਬਹੁਤ ਸਾਰਾ ਜੰਗੀ ਸਾਮਾਨ ਪਿੱਛੇ ਸੁੱਟ ਕੇ ਮੈਦਾਨ ਛੱਡ ਗਿਆ। ਇਸ ਜਿੱਤ ਤੋਂ ਬਾਅਦ ਖ਼ਾਲਸਾ ਕਿਲ੍ਹੇ ਵੱਲ ਮੁੜਿਆ। ਹਰੀ ਸਿੰਘ ਨਲਵੇ ਦੀ ਹਾਲਤ ਦੇਖ ਕੇ ਸਿੱਖ ਫ਼ੌਜਾਂ ਦੀ ਖ਼ੁਸ਼ੀ ਇਕ ਦਮ ਗ਼ਮੀ ਵਿਚ ਬਦਲ ਗਈ। ਮੁਖੀ ਜਰਨੈਲਾਂ ਨੂੰ ਉਸੇ ਵੇਲੇ ਕਿਲ੍ਹੇ ਦੇ ਅੰਦਰ ਬੁਲਾ ਲਿਆ ਗਿਆ।

## ਸਰਦਾਰ ਹਰੀ ਸਿੰਘ ਨਲਵੇ ਦਾ ਮੁਖੀ ਸਰਦਾਰਾਂ ਨੂੰ ਅੰਤਮ ਸੰਦੇਸ਼

"ਮੈਂ ਆਪ ਸਾਰਿਆਂ ਸੂਰਮਿਆਂ ਨੂੰ ਅੱਜ ਜਮਰੋਦ (ਫਤਹਿ ਗੜ੍ਹ) ਨੂੰ ਵੈਰੀਆਂ ਤੋਂ ਬਚਾਉਣ ਅਤੇ ਜੰਗ ਫ਼ਤਿਹ ਲਈ ਵਧਾਈ ਦਿੰਦਾ ਹਾਂ। ਮੈਂ ਜਾਣਦਾ ਹਾਂ ਕਿ ਆਪ ਨੇ ਮੇਰੇ ਨਾਲ ਰਲ ਕੇ ਖ਼ਾਲਸਾ ਰਾਜ ਦੇ ਵਾਧੇ ਲਈ ਆਪਣੇ ਆਪ ਨੂੰ ਕਠਿਨ ਤੋਂ ਕਠਿਨ ਔਕੜਾਂ ਵਿਚ ਪੈਣ ਤੋਂ ਕਦੇ ਵੀ ਮੂੰਹ ਨਹੀਂ ਮੋੜਿਆ, ਮੈਨੂੰ ਇਸ ਸਮੇਂ ਅੰਤਰ ਆਤਮੇ ਮਲੂਮ ਹੋ ਰਿਹਾ ਹੈ ਕਿ ਮੇਰੀ ਉਸ ਸਫਰ ਲਈ ਤਿਆਰੀ ਨੇੜੇ ਹੈ ਜਿਸ ਤੋਂ ਪਰਤ ਕੇ ਕਦੇ ਕੋਈ ਨਹੀਂ ਆਇਆ, ਪਰ ਮੈਨੂੰ ਅੱਜ ਇਹ ਦੇਖ ਕੇ ਅਨੰਤ ਖ਼ੁਸ਼ੀ ਤੇ ਮਾਣ ਹੈ ਕਿ ਆਪ ਉਨ੍ਹਾਂ ਜਰਵਾਣਿਆਂ ਦੇ ਦੇਸ਼ ਵਿਚ ਖ਼ਾਲਸਈ ਫ਼ਤਹਿ ਦੇ ਝੰਡੇ ਝੁਲਾ ਰਹੇ ਹੋ, ਜਿਨ੍ਹਾਂ ਦੇ ਨਾਮ ਤੋਂ ਸਾਰੇ ਹਿੰਦੁਸਤਾਨੀ ਲੋਕ ਕੰਬਦੇ ਸਨ। ਆਪ ਨੇ ਅੱਜ ਉਸੇ ਰਣ ਭੂਮੀ ਵਿਚ ਫ਼ਤਿਹ ਪਾਈ ਹੈ, ਜਿੱਥੇ ਅੱਜ ਤੋਂ ਅੱਠ ਸੌ ਸਾਲ ਪਹਿਲਾਂ ਇਨ੍ਹਾਂ ਲੋਕਾਂ ਦੇ ਵੱਡੇ-ਵਡੇਰਿਆਂ, ਹਿੰਦੂਆਂ, ਹਿੰਦੂ ਪਤਿ ਰਾਜਾ ਜੈਪਾਲ ਤੇ ਦੂਜੀ ਵਾਰ ਫ਼ਤਿਹ ਪਾ ਕੇ ਨਾ ਕੇਵਲ ਉਸ ਤੋਂ ਹਿੰਦ ਦਾ ਰਾਜ–ਭਾਗ ਹੀ ਖੋਹ ਲਿਆ ਸੀ, ਬਲਕਿ ਦੇਸ਼ ਦੀ ਪਤ ਅਤੇ ਆਬਰੂ ਨੂੰ ਵੀ ਆਪਣੇ ਪੈਰਾਂ ਹੇਠ ਲਿਤਾੜ ਸੁੱਟਿਆ ਸੀ। ਹਾਂ, ਅੱਜ ਲੱਖ ਲੱਖ ਸ਼ੁਕਰ ਹੈ ਉਸ ਕਰਤਾਰ ਦਾ, ਜਿਸ ਦੀ ਮਿਹਰ ਨਾਲ ਖ਼ਾਲਸੇ ਨੇ ਅਸੰਭਵ ਨੂੰ ਸੰਭਵ ਕਰ ਵਿਖਾਇਆ ਹੈ। ਸਵਾਸਾਂ ਦਾ ਕੁਝ ਭਰੋਸਾ ਨਹੀਂ, ਪਰ ਹੁਣ ਚੂੰਕਿ ਮੇਰੇ ਲਈ ਧੁਰੋਂ ਦਰਗਾਹੀ ਸੱਦਾ ਆ ਗਿਆ ਹੈ, ਇਸ ਲਈ ਮੈਂ ਹੁਣ ਛੇਤੀ ਹੀ ਆਪ ਤੋਂ ਅਗਾਧ ਖ਼ੁਸ਼ੀ ਭਰੇ ਦਿਲ ਨਾਲ ਵਿਦਾ ਹੋਵਾਂਗਾ। ਵਿਛੋੜੇ ਤੋਂ ਪਹਿਲਾਂ ਇਕ ਅੰਤਮ ਮੰਗ ਮੈਂ ਆਪ ਸਭ ਤੋਂ ਮੰਗਦਾ ਹਾਂ ਕਿ ਜਦ ਤੱਕ ਸਾਡੇ ਪ੍ਰਾਣਾਂ ਤੋਂ ਪਿਆਰੇ ਮਹਾਰਾਜਾ ਸਾਹਿਬ ਸਣੇ ਫ਼ੌਜ ਦੇ ਇਥੇ ਨਾ ਪਹੁੰਚ ਜਾਣ, ਤੁਸੀਂ ਜੀਂਵਦੇ ਜੀ ਕਿਲ੍ਹਾ ਫ਼ਤਿਹ ਗੜ੍ਹ ਤੇ ਝੂੱਲ ਰਹੇ ਖ਼ਾਲਸਈ ਝੰਡੇ ਦੀ ਇੱਜ਼ਤ ਨੂੰ ਵੈਰੀਆਂ ਤੋਂ ਬਚਾਈਂ ਰੱਖਣਾ।"

ਅੰਦਰੂਨੀ ਦਰਦਾਂ ਨੇ ਹੁਣ ਸਰਦਾਰ ਹਰੀ ਸਿੰਘ ਨੂੰ ਬੇਹੋਸ਼ ਕਰ ਰੱਖਿਆ ਸੀ,



Digitized by Panjab Digital Library | www.panjabdigilib.org

ਇਸ ਲਈ ਕੁਝ ਸਮੇ ਲਈ ਆਪ ਬੋਲਣੋਂ ਬੰਦ ਹੋ ਗਏ । ਜਦ ਆਪ ਫੇਰ ਕੁਝ ਸੁਰਤ ਵਿਚ ਆਏ ਤਾਂ ਸਰਦਾਰ ਲਹਿਣਾ ਸਿੰਘ ਆਪ ਦੇ ਸਾਹਮਣੇ ਆਏ ਅਤੇ ਸਰਦਾਰ ਹਰੀ ਸਿੰਘ ਨੂੰ ਬੜੇ ਵੈਰਾਗ ਭਰੇ ਅੰਦਾਜ਼ ਨਾਲ ਆਖਣ ਲੱਗੇ, "ਬਾਪੂ ਜੀ ! ਇਨ੍ਹਾਂ ਕਾਲੇ ਪਹਾੜਾਂ ਵਿਚ ਆਪ ਸਾਰੇ ਪਰਿਵਾਰ ਨੂੰ ਕਿਸ ਦੇ ਹਵਾਲੇ ਕਰ ਚੱਲ ਹੋ ?" ਆਪ ਜੀ ਨੇ ਬੜੇ ਠਰੂੰਮੇ ਨਾਲ ਆਖਿਆ, "ਮੈਂ ਆਪ ਸਾਰਿਆਂ ਦੀ ਬਾਂਹ ਉਸ ਸੱਚੇ ਪਾਤਸ਼ਾਹ ਨੂੰ ਫੜਾਉਂਦਾ ਹਾਂ, ਜਿਹੜਾ ਸੱਭ ਦਾ ਰਾਖਾ ਤੇ ਪ੍ਰਤਿਪਾਲਕ ਹੈ ।" ਇਤਨੇ ਵਾਕ ਕਹਿਣ ਸਾਰ ਹੀ ਦਰਦਾਂ ਨੇ ਆਪ ਨੂੰ ਸਦਾ ਲਈ ਚੁੱਪ ਕਰਵਾ ਦਿੱਤਾ । ਉਹ ਮਰਾਂਬਲੀ ਯੋਧਾ ਜੇਹੜਾ ਆਪਣੇ ਤੋਂ ਕਈ ਗੁਣਾਂ ਵੱਧ ਵੈਰੀਆਂ ਦੀਆਂ ਕਤਾਰਾਂ ਤੇ ਇਉਂ ਟੁੱਟ ਕੇ ਪੈਂਦਾ ਸੀ, ਜਿਵੇਂ ਸ਼ੇਰ ਮ੍ਰਿਗਾਂ ਉਤੇ ਜਾਂ ਬਾਜ ਚਿੜੀਆਂ ਦੀ ਡਾਰ ਤੇ, ਹੁਣ ਉਹ ਸਰਦਾਰ ਐਸਾ ਨਿਢਾਲ ਪਿਆ ਸੀ ਕਿ ਆਪਣੇ ਆਪ ਪਾਸਾ ਪਰਤਣ ਤੋਂ ਵੀ ਅਸਮਰੱਥ ਸੀ । ਉਹ ਸੂਰਮਾਂ, ਜਿਸ ਦੇ ਨਾਂ ਦੀ ਧਾਕ ਸਾਰੇ ਹੀ ਸੰਸਾਰ ਵਿਚ ਮੰਨੀ ਜਾਂਦੀ ਸੀ ਤੇ ਜਿਸ ਦੇ ਨਾਂ ਦਾ ਡਰਾਵਾ ਦੇ ਕੇ ਅਫ਼ਗਾਨੀ ਮਾਵਾਂ ਆਪਣੇ ਜ਼ਿੱਦੀ ਅਤੇ ਸ਼ਰੀਰ ਰੋਂਦੇ ਬੱਚਿਆਂ ਨੂੰ ਚੁੱਪ ਕਰਾਉਂਦੀਆਂ ਸਨ, ਅੱਜ ਉਹ ਇਸ ਸੰਸਾਰ ਤੋਂ ਕੂਚ ਕਰ ਗਿਆ ।

ਸਰਦਾਰ ਹਰੀ ਸਿੰਘ ਦਾ ਅੰਤਮ ਸੰਸਕਾਰ ਕਿਲ੍ਹੇ ਅੰਦਰ ਹੀ ਕਾਫ਼ੀ ਰਾਤ ਬੀਤ ਜਾਣ ਤੇ ਕੀਤਾ ਗਿਆ । ਇਹ ਗੱਲ ੩੦ ਅਪਰੈਲ, ਸੰਨ ੧੮੩੭ ਈਸਵੀ ਦੀ ਹੈ । ਜਦ ਤੱਕ ਲਾਹੌਰ ਤੋਂ ਕੋਈ ਮਦਦ ਨਾ ਪਹੁੰਚੀ ਉੱਨਾ ਚਿਰ ਉਨ੍ਹਾਂ ਕਨਾਤਾਂ ਦੇ ਆਲੇ ਦੁਆਲੇ ਸਖਤ ਪਹਿਰਾ ਰੱਖਿਆ ਗਿਆ ਜਿਨ੍ਹਾਂ ਵਿਚ ਨਲਵੇ ਸਰਦਾਰ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ । ਬਾਅਦ ਵਿਚ ਆਪ ਦੀ ਬਿਭੂਤੀ ਤੇ ਕੁਝ ਕੁ ਫੁੱਲ ਸਰਦਾਰ ਹਰੀ ਸਿੰਘ ਜੀ ਦੇ ਪਰਿਵਾਰ ਦੇ ਮੰਗਣ ਤੇ ਉਨ੍ਹਾਂ ਨੂੰ ਦਿੱਤੇ ਗਏ ।

## ਮਹਾਰਾਜਾ ਰਣਜੀਤ ਸਿੰਘ ਉਤੇ ਇਸ ਅਸਹਿ ਸਦਮੇ ਦਾ ਅਸਰ :

ਜਦ ਸਰਦਾਰ ਮਹਾਂ ਸਿੰਘ ਨੇ ਆਪਣੇ ਖ਼ਾਸ ਪੈਰੋਕਾਰਾਂ ਦੁਆਰਾ ਸਰਦਾਰ ਹਰੀ ਸਿੰਘ ਨਲਵੇ ਦੀ ਸ਼ਹੀਦੀ ਬਾਰੇ ਗੁਪਤ ਰੂਪ ਵਿਚ ਖ਼ਬਰ ਮਹਾਰਾਜਾ ਰਣਜੀਤ ਸਿੰਘ ਨੂੰ ਭੇਜੀ ਤਾਂ ਇਹ ਹਿਰਦੇ ਵੇਧਕ ਤੇ ਅਸਹਿ ਸਦਮੇ ਦੀ ਖ਼ਬਰ ਰੋਹਤਾਸ (ਜਿਹਲਮ) ਦੇ ਮੁਕਾਮ ਪਰ ਸੁਣ ਕੇ ਮਹਾਰਾਜੇ ਨੇ 'ਆਹ' ਦਾ ਨਾਅਰਾ ਮਾਰਿਆ । ਮਹਾਰਾਜੇ ਦੇ ਪੈਰਾਂ ਹੇਠੋਂ ਜ਼ਮੀਨ ਨਿਕਲਦੀ ਜਾਪੀ । ਉਸ ਦੇ ਦਿਲ ਦਾ ਇਹ ਫੱਟ ਕਿਸੇ ਦੇ ਸੀਣ ਦਾ ਨਹੀਂ ਸੀ । ਅੱਖਾਂ ਵਿਚੋਂ ਉਸ ਪਿਆਰੇ ਦੇ ਸਦੀਵੀ ਵਿਛੋੜੇ ਲਈ ਅੱਥਰੂ ਵਹਿ ਤੁਰੇ । ਰਾਜ ਦਰਬਾਰੀਆਂ ਤੋਂ ਮਹਾਰਾਜੇ ਦੀ ਇਹ ਹਾਲਤ ਝੱਲੀ ਨਾ ਗਈ ਤੇ ਮਹਾਰਾਜੇ ਦੇ ਮੂੰਖੋਂ ਆਪਣੇ ਆਪ ਹੀ ਕੁਝ ਸ਼ਬਦ ਨਿਕਲੀ ਜਾ ਰਹੇ ਸਨ—

"ਅੱਜ ਖ਼ਾਲਸਾ ਰਾਜ ਦੇ ਕਿਲ੍ਹੇ ਦਾ ਭਾਰੀ ਬੁਰਜ ਢਹਿ ਗਿਆ ਹੈ, ਮੇਰੇ



Digitized by Panjab Digital Library | www.panjabdigilib.org

ਬਹਾਦਰ ਤੇ ਸੁਘੜ ਸਿਆਣੇ ਸਰਦਾਰ ਹਰੀ ਸਿੰਘ ਨਲਵੇ ਦਾ ਵਿਛੋੜਾ ਮੇਰੇ ਲਈ ਅਸਹਿ ਹੈ ।"

ਮਹਾਰਾਜੇ ਨੇ ਰਾਜਾ ਧਿਆਨ ਸਿੰਘ ਨੂੰ ਇਸ ਕਦੇ ਵੀ ਨਾ ਮਾਫ਼ ਹੋਣ ਵਾਲੀ ਗ਼ਲਤੀ ਦਾ ਜ਼ੁੰਮੇਵਾਰ ਠਹਿਰਾਇਆ, ਜੋ ਇਸ ਤੋਂ ਦੋ ਦਿਨ ਪਹਿਲਾਂ ਹੀ ਸਰਦਾਰ ਹਰੀ ਸਿੰਘ ਦੇ ਜ਼ਖ਼ਮੀ ਹੋਣ ਦੀ ਖ਼ਬਰ ਆਈ ਦੱਸ ਕੇ ਗੁਜਰਾਤ ਤੋਂ ਕੁਝ ਫ਼ੌਜ ਲੈ ਕੇ ਵਾਹੋਦਾਹ ਜਮਰੌਦ ਵੱਲ ਚੱਲ ਪਿਆ ਸੀ । ਫੇਰ ਮਹਾਰਾਜੇ ਨੇ ਸਰਦਾਰ ਹਰੀ ਸਿੰਘ ਦੀ ਸਦੀਵੀ ਯਾਦ ਕਾਇਮ ਰੱਖਣ ਲਈ ਉਸ ਦੇ ਅੰਗੀਠੇ ਵਾਲੀ ਥਾਂ ਤੇ ਜਲਦੀ ਹੀ ਸਮਾਧ ਬਣਾਉਣ ਦਾ ਹੁਕਮ ਦੇ ਦਿੱਤਾ । ਫੇਰ ਇਸ ਤੋਂ ਬਾਦ ਸਮਾਧ ਦੇ ਲਾਗੇ ਹੀ ਇਕ ਗੁਰਦਵਾਰਾ ਬਣਵਾ ਕੇ ਉਸ ਦੇ ਨਾਂ ਮਾਕੂਲ ਜਾਗੀਰ ਵੀ ਲਗਵਾਈ, ਤਾ ਕਿ ਭਵਿੱਖ ਵਿਚ ਲੰਗਰ ਆਦਿ ਦਾ ਪ੍ਰਬੰਧ ਠੀਕ ਤਰ੍ਹਾਂ ਨਾਲ ਚਲਦਾ ਰਹੇ ।

## ਗੁੱਜਰਾਂਵਾਲੇ ਵਿਖੇ ਸਰਦਾਰ ਹਰੀ ਸਿੰਘ ਦੀ ਸਮਾਧ :

ਇਕ ਸਮਾਧ ਗੁੱਜਰਾਂਵਾਲੇ ਵਿਖੇ ਸਰਦਾਰ ਜੀ ਦੇ ਮਹੱਲ ਲਾਗੇ ਪੱਕੇ ਬਾਗ਼ ਵਿਚ ਸਰਦਾਰਨੀ ਦੇਸਾਂ ਜੀ ਨੇ ਉਸ ਬਿਭੂਤੀ ਦੇ ਅਧਾਰ ਤੇ ਬਣਵਾਈ ਜੋ ਕਿ ਕਿਲ੍ਹਾ ਜਮਰੌਦ ਤੋਂ ਲਿਆਂਦੀ ਗਈ ਸੀ । ਇਹ ਸਮਾਧ ਸਰਦਾਰਨੀ ਜੀ ਨੇ ਬਾਰਾਂਦਰੀ ਦੇ ਉਸ ਕਮਰੇ ਦੇ ਸਾਹਮਣੇ ਬਣਵਾਈ ਸੀ ਜਿਸ ਵਿਚ ਸਰਦਾਰਨੀ ਜੀ ਆਪ ਰਹਿੰਦੇ ਸਨ ਤਾ ਕਿ ਉਹ ਉਠਦਿਆਂ ਬਹਿੰਦਿਆਂ ਆਪਣੇ ਅਤਿ ਪਿਆਰੇ ਪਤੀ ਜੀ ਦੀ ਸਮਾਧ ਦੇ ਦਰਸ਼ਨ ਕਰ ਸਕੇ ।

ਕਿਲ੍ਹਾ ਜਮਰੌਦ (ਫ਼ਤਿਹ ਗੜ੍ਹ) ਵਾਲੀ ਸਮਾਧ ਬਾਦ ਵਿਚ ਸੰਨ ੧੯੦੨ ਈ: ਵਿਚ ਬਾਬੂ ਗੱਜੂ ਮੱਲ ਜੀ ਕਪੂਰ ਠੇਕੇਦਾਰ ਪਿਸ਼ਾਵਰ ਨੇ ਕਿਲ੍ਹੇ ਦੇ ਬਾਹਰਲੇ ਪਾਸੇ ਵੱਲ ਉੱਚੀ ਬਣਵਾਈ, ਜਿਸ ਤੇ ਇਕ ਸ਼ਿਲਾ ਲੇਖ ਅੰਗਰੇਜ਼ੀ, ਗੁਰਮੁਖੀ ਅਤੇ ਉਰਦੂ ਵਿਚ ਲਿਖਵਾ ਕੇ ਲਗਵਾ ਦਿੱਤਾ, ਜੋ ਇਸ ਤਰ੍ਹਾਂ ਹੈ :—

> Tomb of the Sikh General Hari Singh
> Nalwa, Cremated on 30th April, 1837
> Commemorated by Babu Gajju Mal
> Kapur of Peshawar, September, 1902.
> ਸਮਾਧ ਸਰਦਾਰ ਹਰੀ ਸਿੰਘ ਨਲੂਆ

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪਿਆਰੇ ਸਿਪਹ-ਸਾਲਾਰ ਸਰਦਾਰ ਹਰੀ ਸਿੰਘ ਦੀ ਇਸ ਤਰ੍ਹਾਂ ਅਕਾਲ ਸ਼ਹੀਦੀ ਹੋਣ ਤੇ ਖ਼ਾਲਸੇ ਦੀਆਂ ਉਮੰਗਾਂ ਅਧੂਰੀਆਂ ਰਹਿ ਗਈਆਂ, ਨਹੀਂ ਤਾਂ ਉਹ ਦਿਨ ਦੂਰ ਨਹੀਂ ਸੀ ਜਦ ਕਿ ਕਾਬਲ ਤੇ ਵੀ



Digitized by Panjab Digital Library | www.panjabdigilib.org

ਖ਼ਾਲਸੇ ਦੀ ਜਿੱਤ ਦਾ ਝੰਡਾ ਝੂੱਲ ਪੈਣਾ ਸੀ। ਸਰਦਾਰ ਹਰੀ ਸਿੰਘ ਦੀ ਸ਼ਹੀਦੀ ਾਲ ਪੰਜਾਬੀਆਂ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ।

## ਹਰੀ ਸਿੰਘ ਨਲਵੇ ਦੇ ਗੁਣ, ਕਰਮ ਤੇ ਸੁਭਾ :

ਸਰਦਾਰ ਹਰੀ ਸਿੰਘ ਨਲਵਾ ਬੜਾ ਦਲੇਰ, ਸਾਹਸੀ ਤੇ ਦੂਰ ਅੰਦੇਸ਼ ਜਰਨੈਲ ਸੀ। ਉਹ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲਾ ਸੀ। ਉਹ ਆਪਣੀ ਫ਼ੌਜ ਨੂੰ ਆਪਣੇ ਪਰਿਵਾਰ ਵਾਂਗ ਸਮਝਦਾ ਸੀ। ਉਸ ਦੀ ਦੂਰ ਅੰਦੇਸ਼ੀ ਅਤੇ ਖੁਲ੍ਹੇ ਡੁਲ੍ਹੇ ਸੁਭਾਅ ਦੀ ਤਾਂ ਦਾਦ ਹੀ ਨਹੀਂ ਦਿੱਤੀ ਜਾ ਸਕਦੀ। ਇਕ ਵਾਰ ਜਦੋਂ ਸ਼ਾਹ ਜ਼ਮਾਨ ਦੀਆਂ ਤੋਪਾਂ ਦਰਿਆ ਸਤਲੁਜ ਵਿਚ ਡੁੱਬ ਗਈਆਂ ਤਾਂ ਨਲਵੇ ਨੇ ਮਹਾਰਾਜੇ ਦੇ ਹੁਕਮ ਨਾਲ ਉਹ ਤੋਪਾਂ ਕਢਵਾ ਕੇ ਕਾਬਲ ਪਹੁੰਚਦੀਆਂ ਕੀਤੀਆਂ ਸਨ। ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਕਿ ਆਪ ਨੇ ਸ਼ਹਿਜ਼ਾਦਾ ਖੜਗ ਸਿੰਘ ਦੇ ਵਲੀ ਅਹਿਦ ਮੁਕੱਰਰ ਹੋਣ ਦੀ ਭਰੇ ਦਰਬਾਰ ਵਿਚ ਖੁਲ੍ਹਮ ਖੁਲ੍ਹੀ ਤੇ ਇਕੱਲਿਆਂ ਹੀ ਡਟਕੇ ਵਿਰੋਧਤਾ ਕੀਤੀ। ਉਹ ਸਮਝਦੇ ਸਨ ਕਿ ਖੜਗ ਸਿੰਘ ਇਕ ਕਮਜ਼ੋਰ ਦਿਲ ਤੇ ਸੋਹਲ ਰਾਜਕੁਮਾਰ ਸੀ। ਪਰੰਤੂ ਸ਼ਹਿਜ਼ਾਦਾ ਹੋਣ ਦੇ ਨਾਤੇ ਉਸ ਲਈ ਪੂਰਾ ਸਤਿਕਾਰ ਸੀ ਤੇ ਕੋਈ ਈਰਖਾ ਨਹੀਂ ਸੀ। ਪਰ ਸਮੂਹ ਖ਼ਾਲਸੇ ਲਈ ਇਹ ਚੋਣ ਜਾਇਜ਼ ਨਹੀਂ ਸੀ। ਆਪ ਖ਼ਾਲਸਾ ਰਾਜ ਨੂੰ ਇਕ ਜੱਦੀ ਜਗੀਰ ਨਹੀਂ ਸਮਝਦੇ ਸਨ, ਸਗੋਂ ਸਿੱਖ ਅਸੂਲਾਂ ਮੁਤਾਬਕ ਮਹਾਰਾਜਾ ਰਣਜੀਤ ਸਿੰਘ ਤੋਂ ਪਿੱਛੋਂ ਪੰਚਾਇਤੀ ਰਾਜ ਕਾਇਮ ਕਰਨਾ ਚਾਹੁੰਦੇ ਸਨ, ਪਰੰਤੂ ਅਫ਼ਸੋਸ ਹੈ ਕਿ ਇਹ ਸਾਰੀਆਂ ਗੱਲਾਂ ਆਪ ਦੇ ਦਿਲ ਵਿਚ ਹੀ ਰਹਿ ਗਈਆਂ ਤੇ ਸਮੇਂ ਤੋਂ ਪਹਿਲਾਂ ਆਪ ਸ਼ਹੀਦੀ ਦਾ ਜਾਮ ਪੀ ਗਏ। ਇਤਿਹਾਸਕਾਰ ਆਪ ਨੂੰ ਦੁਨੀਆਂ ਭਰ ਦੇ ਮਹਾਨ ਜਰਨੈਲਾਂ ਵਿਚੋਂ ਮੰਨਦੇ ਹਨ। ਆਪ ਆਪਣੀ ਅਦੁੱਤੀ ਬੀਰਤਾ ਦੇ ਕਾਰਣ ਸਦਾ ਲਈ ਪੰਜਾਬੀਆਂ ਦੇ ਹੀ ਦਿਲਾਂ ਤੇ ਨਹੀਂ, ਸਗੋਂ ਸਾਰੀ ਦੁਨੀਆਂ ਦੇ ਦਿਲਾਂ ਉੱਤੇ ਉੱਕਰੇ ਗਏ।

— ਸੰਪੂਰਨ —



Digitized by Panjab Digital Library | www.panjabdigilib.org

# ਆਧਾਰ-ਸੂਚੀ


ਅੰਗਰੇਜ਼ੀ—

History of the Punjab by Sayad Mohammad Latif,
Calcutta, 1891.

Gazetteer of the Peshawar District 1897—98,
Panjab Government Press, Lahore.

General Hari Singh Nalwa by Avtar Singh Sandhu, M.A.,
Cunnlngham Histrical Society, Lahore, 1935.

ਉਰਦੂ—

ਤਵਾਰੀਖ਼ਿ ਅਜੀਬਾ—ਸੁਾਨਹ ਅਹਮਦੀ, ਮਤਬਾ ਫ਼ਾਰੂਕੀ,
ਦਿਹਲੀ, ਸੰਨ ੧੩੦੯ ਹਿਜਰੀ ।

ਕਾਰਨਾਮਾਇ ਨਲਵਾ (ਗੋਪਾਲ ਦਾਸ, ਭੰਡਾਰੀ), ਸੂਰਜ ਮੱਲ ਐਂਡ ਕੰਪਨੀ ਪ੍ਰੈਸ,
ਅੰਬਾਲਾ ਸ਼ਹਿਰ, ੧੯੦੨ ਈ:, S. R. L., ASR., No. 3874.

ਮਹਾਰਾਜਾ ਰਣਜੀਤ ਸਿੰਘ (ਪ੍ਰੋ: ਸੀਤਾ ਰਾਮ, ਕੋਹਲੀ),
ਹਿੰਦੁਸਤਾਨੀ ਅਕਾਡਮੀ, ਅਲਾਹਾਬਾਦ, ੧੯੩੩ ।

ਹਿੰਦੀ—

ਹਰੀ ਸਿੰਘ ਨਲਵਾ (ਕਵਿਰਾਜ ਜਯ ਗੋਪਾਲ),
ਰਾਜਪਾਲ ਐਂਡ ਸਨਜ਼, ਅਨਾਰਕਲੀ, ਲਾਹੌਰ ।

ਪੰਜਾਬੀ—

ਸਿੱਖਾਂ ਦੇ ਰਾਜ ਦੀ ਵਿਥਿਆ (ਪੰਡਿਤ ਸਰਧਾ ਰਾਮ, ਫ਼ਿਲੌਰੀ),
ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ ।

ਤਵਾਰੀਖ਼ ਰਾਜ ਖ਼ਾਲਸਾ (ਗਿਆਨੀ ਗਿਆਨ ਸਿੰਘ), ਅਮ੍ਰਿਤਸਰ ।

ਸਰਦਾਰ ਹਰੀ ਸਿੰਘ ਜੀ ਨਲੂਆ (ਬਾਬਾ ਪ੍ਰੇਮ ਸਿੰਘ, ਹੋਤੀ),
ਲਾਹੌਰ ਬੁੱਕ ਸ਼ਾਪ, ਲਾਹੌਰ, ੧੯੩੭ ।

ਮਹਾਰਾਜਾ ਰਣਜੀਤ ਸਿੰਘ (ਬਾਬਾ ਪ੍ਰੇਮ ਸਿੰਘ, ਹੋਤੀ),
ਲਾਹੌਰ ਬੁੱਕ ਸ਼ਾਪ, ਲੁਧਿਹਾਣਾ ।

ਪੰਜਾਬ ਦੀਆਂ ਵਾਰਾਂ ਤੇ ਜੰਗਨਾਮੇ (ਸੰਪਾਦਕ—ਸ਼ਮਸ਼ੇਰ ਸਿੰਘ, ਅਸ਼ੋਕ),
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ, ੧੯੭੨ ।




Digitized by Panjab Digital Library | www.panjabdigilib.org

# ਸ਼ਬਦ-ਸੂਚੀ

## ੳ


ਉੱਚ ਦਾ ਇਲਾਕਾ–੧੯

ਉੱਪਲ ਖੱਤਰੀ–੩


## ਅ


ਅਸਦ ਖ਼ਾਨ—੩੨

ਅਹਿਮਦ, ਸੱਯਦ (ਬਰੇਲਵੀ)—੬੫, ੮੦

ਅਹਿਮਦ ਖ਼ਾਨ, ਸਿਆਲ—੧੫

ਅਹਿਮਦ ਖ਼ਾਨ, ਹਾਫ਼ਿਜ਼—੫੫, ੫੬

ਅਕੋਲਾ—੬੬

ਅਗਰ ਖ਼ਾਨ—੨੭, ੩੫

ਅਗਰੋਰ–੭੦

ਅਜੀਤ ਸਿੰਘ, ਸੰਧਾ ਵਾਲੀਆ—੭੭

ਅਜ਼ੀਮ ਖ਼ਾਨ, ਮੁਹੰਮਦ–੬,੨੩, ੬੧,੬੪

ਅਜ਼ੀਜ਼ੁੱਦੀਨ, ਫ਼ਕੀਰ—੧੧,੧੮, ੩੯,੭੬

ਅਜੈਬ ਸਿੰਘ, ਰੰਧਾਵਾ—੯੪

ਅਟਕ (ਦਰਿਆ)–੬੧, ੬੩, ੮੨

ਅਤਾ ਮੁਹੰਮਦ ਖ਼ਾਨ—੩੨

ਅਤਰ ਸਿੰਘ, ਸਰਦਾਰ—੧੬, ੧੭

ਅਫ਼ਗਾਨਿਸਤਾਨ—੬, ੨੧,੬੬, ੮੯,੯੨

ਅਫ਼ਗਾਨ—੨੩, ੮੫, ੯੦, ੯੩, ੧੦੨

ਅਫ਼ਜ਼ਲ ਖ਼ਾਨ, ਮੁਹੰਮਦ—੯੫

ਅਮਰ ਸਿੰਘ, ਸਰਦਾਰ (ਸੰਧਾਵਾਲੀਆ)— ੫੮, ੭੪

ਅਮਰ ਸਿੰਘ, ਸਰਦਾਰ (ਮਜੀਠੀਆ)— ੯੮, ੧੦੦

ਅਮ੍ਰਿਤਸਰ ੧੩, ੨੫, ੨੮, ੩੯

ਅਲੈਗਜ਼ੈਂਡਰ ਬਾਰਨਜ਼, ਸਰ—੬੮


## ੲ


ਇਸਮਾਈਲ ਖ਼ਾਂ, ਡੇਰਾ—੫੨ ੫੬

ਇਸਮਾਈਲ ਖ਼ਾਂ, ਮੌਲਵੀ—੬੯

ਇਲਾਕਾ ਸ੍ਰੀ ਕੋਟ—੭੨, ੭੫

ਇਲਾਕਾ ਦਰਬੰਦ—੩੯

ਇਲਾਕਾ ਨਾੜਾ—੭੨

ਇਲਾਕਾ ਬਾਰਾਂ ਮੂਲਾ—੪੪

ਇਲਾਕਾ ਵਜ਼ੀਰਾਬਾਦ—੨੩

ਇੰਗਲੈਂਡ–੨੨


## ਸ


ਸ਼ਹਰ ਹਰੀ ਪੁਰ (ਹਜ਼ਾਰਾ)—੬੦

ਸਤਲੁਜ (ਦਰਿਆ)—੧੨

ਸਥਾਨ, ਖੁਸ਼ਾਬ—੫੪

ਸ਼ਮੀ ਖ਼ਾਨ, ਮਿਰਜ਼ਾ—੯੨—੯੫




Digitized by Panjab Digital Library | www.panjabdigilib.org

ਸਰਹਿੰਦ—੧੩, ੫੪, ੬੫
ਸ਼ਾਹ ਸ਼ੁਜਾਅ—੨੧
ਸ਼ਾਹੀ, ਮਕਬਰਾ—੪੮
ਸਾਧੂ ਸਿੰਘ, ਸਰਦਾਰ—੩੦
ਸ਼ਾਮ ਸਿੰਘ, ਸਰਦਾਰ—(ਅਟਾਰੀ)—੨੮, ੩੩, ੩੫, ੩੭, ੩੯
ਸਿਪਹ ਸਾਲਾਰ—੪, ੮੨, ੧੦੩
ਸਿੰਧ (ਦਰਿਆ)—੬੬, ੬੯
ਸ਼ਿਮਲਾ—੫
ਸੁਮੇਰ ਗੜ੍ਹ, ਕਿਲਾ (ਪਿਸ਼ਾਵਰ)—੮੪
ਸੁੰਦਰ ਦਾਸ—੮੬
ਸੂਰੀ—੮੪
ਸ਼ੇਰ ਸਿੰਘ, ਕੰਵਰ—੨੨, ੬੨, ੬੯
ਸ਼ੇਰ ਗੜ੍ਹ, ਕਿਲ੍ਹਾ—੩੮
ਸ੍ਰੀ ਪੰਜਾ ਸਾਹਿਬ (ਗੁਰਦੁਆਰਾ)—੭੯
ਸ਼ੇਰ ਜੰਗੀ (ਕਸ਼ਮੀਰੀ ਕਾਗਜ਼)—੫੦
ਸੈਦ ਮੁਹੰਮਦ ਖ਼ਾਨ ਸਰਦਾਰ—੬
ਸੈਦੋ—੬੬
ਸ਼ੰਕਰ ਗੜ੍ਹ, ਕਿਲ੍ਹਾ—੮੯, ੯੨

## ਹ

ਹਸਤ ਨਗਰ, ਪਰਗਨਾ—੮੬
ਹਸਤ ਮਜਤੀ (ਕਸ਼ਮੀਰੀ ਕਾਗਜ਼)—੫੦
ਹਜ਼ਾਰ ਖ਼ਾਨ—੮੬
ਹਜ਼ਾਰਾ—੪, ੫੮, ੭੫, ੮੨
ਹਰਿਕ੍ਰਿਸ਼ਨ ਗੜ੍ਹ (ਕਿਲ੍ਹਾ)—੬੦
ਹਰਿਸ਼ਰਨ ਕੌਰ, ਬੀਬੀ—੯੬
ਹਰੀ ਸਿੰਘ, ਸਰਦਾਰ (ਨਲੂਆ)— ਸਾਰੇ ਥਾਵਾਂ ਤੇ।
ਹਰੀਰੀਆ (ਕਸਮੀਰੀ ਕਾਗਜ਼)—੫੦
ਹਬੀਬੁੱਲਾ, ਗੜ੍ਹੀ—੫੩
ਹਾਸ਼ਿਮ ਖ਼ਾਨ—੫੯
ਹੁਕਮ ਸਿੰਘ, ਸਰਦਾਰ (ਚਿਮਨੀ)—੩੫
ਹੈਦਰਾਬਾਦ, ਕਿਲ੍ਹਾ—੫੫
ਹੈਦਰੂ—੨੪

## ਕ

ਕਹਲੋਰ, ਕਿਲਾ—੫੫
ਕਬੀਲੇ, ਪਠਾਣ—੬੬
ਕਰਾਚੀ—੧੩
ਕਲਮਦਾਨੀ (ਕਸ਼ਮੀਰੀ ਕਾਗਜ਼)—੫੦
ਕਸ਼ਮੀਰ—੪, ੨੬, ੩੧, ੩੭, ੩੮, ੫੨, ੬੯, ੮੨
ਕਾਗਾਨ, ਇਲਾਕਾ—੬੯
ਕਾਬਲ (ਨਗਰ)—੮, ੯, ੯੦, ੧੦੪
ਕਾਲਿਆਂ ਵਾਲੇ—੧੧
ਕਾਦਰ ਯਾਰ—੧੦੦
ਕਿਆਰੀ ਸ਼ਾਨ—੭੭
ਕਿਰਪਾ ਰਾਮ—੫੬
ਕਿਲ੍ਹਾ, ਅਟਕ—੨੩
ਕਿਲ੍ਹਾ, ਸੈਦਾਬਾਦ—੩੫
ਕਿਲ੍ਹਾ, ਖ਼ਾਨ ਗੜ੍ਹ—੨੮, ੫੬
ਕਿਲ੍ਹਾ, ਮੁਜ਼ੱਫਰ ਗੜ੍ਹ—੨੮
ਕੂੱਟਣ ਮਿੱਟੀ (ਵਾਰਤਾ)—੫੪
ਕੁਤਬਦੀਨ, ਨਵਾਬ—੧੦, ੧੫



Digitized by Panjab Digital Library | www.panjabdigilib.org

ਕੇਸਰ —੫੯
ਕੋਇਟਾ —੧੩
ਕੋਹ ਸ਼ਿਕਨ (ਤੋਪ)—੯੯
ਕੌਮ ਗੱਖੜ—੮੦
ਕੰਧਾਰ—੬੬
ਕੰਪਨੀ, ਈਸਟ ਇੰਡੀਆ–੫, ੬੬

## ਖ

ਖਲੀਲ, ਇਲਾਕਾ —੮੬
ਖੜਗ ਸਿੰਘ, ਸ਼ਹਿਜ਼ਾਦਾ—੨੮, ੩੫, ੭੮, ੧੦੪
ਖੱਖੇ (ਕਸ਼ਮੀਰੀ)—੩੨, ੪੪
ਖ਼ਾਨਪੁਰ—੮੦
ਖ਼ਾਨਪੁਰ, ਕਿਲਾ—੫੫
ਖ਼ਾਨ, ਮੁਜ਼ੱਫ਼ਰ,ਨਵਾਬ—੧੩,੧੪,੧੮,੨੮
ਖ਼ਾਨ, ਮਿਚਨੀ—੭੦
ਮਾਨ ਮੁਹੰਮਦ, ਤਰੀਨ—੭੫
ਖ਼ਾਨ, ਬੋਸਤਾਨ–੭੫
ਖੁਵੜ, ਲੂੰਦ—੬੮
ਖ਼ੁਸ਼ਹਾਲ ਸਿੰਘ, ਸਰਦਾਰ—੫੬, ੬੫

## ਗ

ਗੱਜੂ ਮੱਲ, ਕਪੂਰ (ਬਾਬੂ)—੧੦੩
ਗਵਰਨਰ ਜਨਰਲ ਹਿੰਦ—੭੬
ਗ਼ਾਜ਼ੀ—੧੨, ੨ , ੫੩, ੬੪, ੭੪. ੭੯
ਗੁਜਰਾਤ—੨੬, ੧੦੩
ਗੁੱਜਰਾਂਵਾਲਾ, ਸ਼ਹਿਰ—੩,੭੫,੮੨,੧੦੩
ਗੁਰਦਿਆਲ ਸਿੰਘ, ਸਰਦਾਰ—੩
ਗਲੇਰ—੬੫
ਗੌਸੇ ਖ਼ਾਨ, ਦਰੋਗਾ ਤੋਪਖ਼ਾਨੇ ਵਾਲਾ—੨੬

## ਚ

ਚਮਕਨੀ (ਕਿਲਾ) —੮੩
ਚੋਬਾਰਾ—੫੫

## ਜ

ਜਹਾਂਦਾਦ ਖ਼ਾਂ, ਸਰਦਾਰ—੨੩
ਜਦੂਨ—੫੩, ੬੧
ਜ਼ਬਰਦਸਤ ਖ਼ਾਨ—੩੬
ਜੱਬਾਰ ਖ਼ਾਨ, ਨਵਾਬ –੩੭
ਜਵਾਹਰ ਸਿੰਘ, ਸਰਦਾਰ—੯੩
ਜਮਰੌਦ —੨੬, ੯੨
ਜਮਰੌਦ, ਕਿਲਾ—੮੮, ੯੮, ੧੦੦
ਜਲਾਲਾਬਾਦ–੫੨, ੮੧, ੯੨
ਜਜ਼ੀਆ—੮੬
ਜਮਜਮਾ, ਤੋਪ —੩੦
ਜਾਮੇ ਮਸਜਿਦ—੪੮
ਜੀਵੰਤ ਸਿੰਘ, ਸਰਦਾਰ—੨੫
ਜੁਆਲਾ ਸਿੰਘ, ਸਰਦਾਰ—੩੫
ਜੋਧ ਸਿੰਘ,ਸਰਦਾਰ (ਰਾਮਗੜ੍ਹੀਆ)—੧੧
ਜੋਧ ਸਿੰਘ, ਸਰਦਾਰ (ਕਲਸੀਆ)—੨੬
ਜੰਗਿ ਬਿਜਲੀ (ਤੋਪ)—੩੦
ਜੰਡਾਂ ਵਾਲਾ, ਕਿਲਾ—੫੫
ਜੰਬੂਰ ਖ਼ਾਨੇ, ਬਾਰਾਂ ਸੂਤਰੀ—੧੧



Digitized by Panjab Digital Library | www.panjabdigilib.org

## ਝ

ਝੂੰਡਾ ਸਿੰਘ, ਸਰਦਾਰ—੮੯

## ਟ

ਟੈਕਸ, ਤੋਰਾ—੪੬

## ਤ

ਤਰਬੇਲਾ—੬੬
ਤਰੀਨ ਲੋਕ—੭੨
ਤਾਰਾਪਦੀ, ਮਹਾਰਾਜਾ ਦਾ ਮੰਦਰ—੪੮
ਤਿਨਾਵਲੀ—੫੩, ੬੧
ਤੁਗਲਕ—੮੪
ਤੁਰਕੀ—੫੮
ਤੁਲਾਂਦੀ, ਪਿੰਡ—੬੮
ਤੈਮੂਰ, ਅਮੀਰ—੫੮
ਤੋਰਖੇਲੀ ਲੋਕ—੭੨

## ਦ

ਦੱਰਾ ਖ਼ੈਬਰ—੯੦
ਦਲ ਸਿੰਘ, ਸਰਦਾਰ—੨੬, ੫੬
ਦਲੀਪ ਸਿੰਘ—੨੨
ਦਊਦਜਈ, ਪਰਗਨਾ—੮੬
ਦਾਹ ਮਸਤੀ (ਕਸ਼ਮੀਰੀ ਕਾਗ਼ਜ਼)—੫੦
ਦਰਿਆ ਖ਼ਾਨ, ਕਿਲਾ—੫੫
ਦਿੱਤਾ ਮੱਲ, ਸਾਈਂ—੮੬
ਦਿੱਲੀ—੬੬
ਦੀਵਾਨ ਚੰਦ, ਮਿਸ਼੍ਰ—੨੮, ੫੬
ਦੁਰਾਨੀ—੧੩, ੫੮, ੮੪
ਦੁਸ਼ਟ ਦਮਨ ਸਿੰਘ—੭੨
ਦੋਸਤ ਮੁਹੰਮਦ ਖ਼ਾਨ, ਅਮੀਰ—੯੦
ਦੋਲੀ ਵਾਲਾ, ਕਿਲਾ—੫੫
ਦੰਗਾਨਾ—੫੫

## ਧ

ਧਿਆਨ ਸਿੰਘ, ਰਾਜਾ—੯੩, ੧੦੩
ਧੰਨਾ ਸਿੰਘ, ਸਰਦਾਰ (ਮਲਵਈ)—੧੧, ੨੮ ੭੬

## ਨ

ਨਛੱਤਰ ਸਿੰਘ, ਸਰਦਾਰ—੮੯
ਨਦੌਣ—੬੫
ਨਿਹਾਲ ਸਿੰਘ, ਸਰਦਾਰ (ਅਟਾਰੀ)—੧੧
ਨਿਧਾਨ ਸਿੰਘ, ਸਰਦਾਰ ਪੰਜ ਹੱਥਾ—੯੮, ੧੦੦
ਨੁਸ਼ਹਿਰਾ –੧੧, ੬੧



Digitized by Panjab Digital Library | www.panjabdigilib.org

## ਪ


ਪੱਖਲੀ—੭੦
ਪਹਿਲੀ ਜਿੱਤ, ਕਸੂਰ (ਦੀ)—੧੦
ਪਠਾਣ—੫੮
ਪਰਗਨਾ, ਮਮਦੋਟ—੧੨
ਪਰਗਨਾ, ਖ਼ਾਲਸਾ—੮੬
ਪਿੱਪਲਾ, ਕਿਲਾ—੫੫
ਪਿਸ਼ਾਵਰ—੪, ੨੪, ੭੬, ੮੧, ੮੨, ੮੫, ੮੬, ੯੬
ਪੁੱਣਛ—੨੬, ੩੬
ਪੁਰਸਪੁਰ (ਪਿਸ਼ਾਵਰ)—੮੨
ਪੈਂਦਾ ਖ਼ਾਨ, ਸਰਦਾਰ—੮੦
ਪੰਜ ਤਾਰ—੮੬


## ਫ


ਫ਼ਤਿਹ ਸਿੰਘ, ਸਰਦਾਰ—੧੨, ੨੮, ੬੨
ਫ਼ਤਿਹ ਖ਼ਾਂ, ਵਜ਼ੀਰ—੨੨, ੬੭
ਫ਼ਤਿਹ ਗੜ੍ਹ, ਕਿਲਾ (ਜਮਰੋਦ)—੮੮, ੯੭, ੧੦੧
ਫ਼ਤਿਹ ਪੁਰ, ਕਿਲਾ—੫੫
ਫੂਲਾ ਸਿੰਘ,ਅਕਾਲੀ—੧੨, ੩੦, ੬੨,੬੩
ਫੂਲਾ ਸਿੰਘ, ਬਾਬਾ—੧੧


## ਬ


ਬਸੰਤ ਪੰਚਮੀ, ਉਤਸਵ— ੭, ੮੫
ਬਹਾਵਲ ਪੁਰ, ਨਵਾਬ— ੧੫
ਬਾਈਧਾਰ (ਪਹਾੜੀ ਰਾਜੇ)– ੬੫
ਬਟਾਲਾ— ੨੫
ਬਾਲਾ ਹਿਸਾਰ (ਸੁਮੇਰ ਗੜ੍ਹ)— ੮੪
ਬਾਰਕਜ਼ਈ— ੬੧, ੬੬, ੮੩, ੮੪
ਬਾਲਾ ਤਹਿਕਾਲ— ੯੦
ਬਹਿਰਾਮ ਗਲਾ– ੨੬, ੩੫
ਬਲੋਚਿਸਤਾਨ— ੬੬
ਬੱਬੇ (ਬ੍ਰਾਹਮਣ)—੩੨, ੪੪
ਬਿਹਾਰੀ. ਪੰਡਿਤ (ਚਿਤ੍ਰਕਾਰ)—੯
ਬਿਜਲੀ ਘੋੜਾ—੬੪
ਬੀਰਬਰ ਦਰ, ਪੰਡਿਤ—੩੩, ੩੯
ਬੁੱਧ ਸਿੰਘ, ਸਰਦਾਰ (ਸੰਧਾਵਾਲੀਆ)– ੬੭, ੭੦
ਬੇਗ਼ਮ, ਵਫ਼ਾ—੨੨
ਬੇਗਮ, ਨੂਰਜਹਾਂ—੪੮
ਬੈਰਨ ਹੂਗਲ, ਮਿਸਟਰ—੯


## ਭ


ਭਿੰਬਰ—੨੬, ੨੭, ੩੬
ਭੱਕਰ, ਕਿਲ੍ਹਾ—੫੫




Digitized by Panjab Digital Library | www.panjabdigilib.org

## ਮ


ਮਹਿਮੂਦ ਸ਼ਾਹ—੨੩
ਮਹਾਂ ਸ੍ਰੀ, ਮੰਦਰ—੪੮
ਮਹਾਂ ਸਿੰਘ, ਸਰਦਾਰ—੮, ੭੧, ੭੩, ੭੪, ੮੩, ੮੮, ੯੪, ੧੦੨
ਮਲਕ ਅਮੀਨ ਉੱਲਾ ਖ਼ਾਨ,ਮੁਹੰਮਦ—੮੬
ਮਿਸਲ ਭੰਗੀ—੧੩
ਮਿੱਤ ਸਿੰਘ, ਸਰਦਾਰ—੨੬
ਮਿਚਨੀ, ਕਿਲਾ—੮੯, ੯੨
ਮਿੱਠਾ ਟਿਵਾਣਾ—੧੯
ਮੀਰ ਹਜਰ—੩੨
ਮੁਹਕਮ ਚੰਦ, ਦੀਵਾਨ—੨੨, ੨੩, ੨੪
ਮੁਲਤਾਨ—੧੦, ੧੩, ੨੭, ੨੯
ਮੁਹੰਮਦ, ਅੱਤਾ—੨੨
ਮੁਹੰਮਦ ਖ਼ਾਨ, ਸੁਲਤਾਨ—੭੬, ੮੬
ਮੰਘੇਰ—੫੨, ੫੫, ੫੬, ੫੮
ਮੈਦਾਨਿ ਗਹਾਂਜਰਾ—੬੨
ਮੋਤੀ ਰਾਮ, ਦੀਵਾਨ (ਗਵਰਨਰ ਕਸ਼ਮੀਰ)—੩੯
ਮੌਜ ਗੜ੍ਹ (ਕਿਲਾ)—੫੫, ੫੬
ਮੌਜ਼ਾ ਨਾੜਾ—੬੦
ਮੰਦਰ ਸ਼ੰਕਰਾਚਾਰਯ—੪੮


## ਯ


ਯਾਰ ਅਹਿਮਦ—੨੦
ਯੂਸਫਜ਼ਈ, ਇਲਾਕਾ—੬੬
ਯਾਰ ਮੁਹੰਮਦ ਖ਼ਾਨ—੬੧


## ਰ


ਰਣਜੀਤ ਸਿੰਘ,ਮਹਾਰਾਜਾ(ਸ਼ੇਰਿ ਪੰਜਾਬ)— ਵੱਧ ਤੋਂ ਵੱਧ ਸਾਰੇ ਥਾਂਵਾਂ ਤੇ।
ਰਾਜੇ ਕਟੋਚੀ—੬੫
ਰੁਹੇਲਾ ਖ਼ਾਨ, ਵਜ਼ੀਰ—੨੭
ਰਾਜੌੜੀ—੨੬, ੨੭, ੩੬
ਰਾਮ ਦਿਆਲ, ਦੀਵਾਨ—੨੬
ਰੋਹਤਾਸ—੧੦੨


## ਲ


ਲਹਿਣਾ ਸਿੰਘ,ਸਰਦਾਰ (ਸੰਧਾਂਵਾਲੀਆ)— ੮੯, ੧੦੨
ਲਹਿਣਾ ਸਿੰਘ,ਸਰਦਾਰ(ਮਜੀਠੀਆ)—੭੬
ਲਖਨਊ—੬੬
ਲਾਹੌਰ—੧੩, ੨੪, ੩੯, ੮੦, ੯੩,੧੦੨
ਲੜਾਈ ਬਾਲਾ ਕੋਟ—੬੮
ਲੇਲੀ ਘੋੜਾ—੬੩
ਲੋਕ, ਸਵਾਤੀ—੬੦
ਲੰਡੀਖਾਨਾ—੯੨, ੯੪
ਲੁੰਢਾ ਦਰਿਆ—੬੪, ੬੮
ਲਧੀ—੮੪
ਲੰਬਾ ਗਾਉਂ—੬੫


## ਵ


ਵਜ਼ੀਰਾਬਾਦ—੨੬
ਵਿਲੀਅਮ ਬੈਂਟਿੰਗ,ਲਾਰਡ (ਗਵਰਨਰ)— ੫, ੭੬, ੮੧




Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-0598

Digitized by Panjab Digital Library | www.panjabdigilib.org

Digitized by Panjab Digital Library | www.panjabdigilib.org